
ੴ ਸਤਿਗੁਰ ਪ੍ਰਸਾਦਿ ॥

ਅਨੰਦਪੁਰ ਸਾਹਿਬ



ਡਾ. ਹਰਜਿੰਦਰ ਸਿੰਘ ਦਿਲਗੀਰ

ਪ੍ਰਕਾਸ਼ਕ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ ।

ੴ ਸਤਿਗੁਰ ਪ੍ਰਸਾਦਿ

ਅਨੰਦਪੁਰ ਸਾਹਿਬ

ਡਾ. ਹਰਜਿੰਦਰ ਸਿੰਘ ਦਿਲਗੀਰ

ਪ੍ਰਕਾਸ਼ਕ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ।

ਅਨੰਦਪੁਰ ਸਾਹਿਬ
(ਡਾਕਟਰ ਹਰਜਿੰਦਰ ਸਿੰਘ ਦਿਲਗੀਰ)

ਪ੍ਰਕਾਸ਼ਕ
ਸੁਰਜੀਤ ਸਿੰਘ
ਸਕੱਤਰ
(ਸ਼੍ਰੋਮਣੀ ਗੁ: ਪ੍ਰ: ਕਮੇਟੀ) ਸ੍ਰੀ ਅੰਮ੍ਰਿਤਸਰ ।

ਪਹਿਲੀ ਵਾਰ: ਅਕਤੂਬਰ ੧੯੯੮ ੫੦੦੦

ਛਾਪਣ ਵਾਲੇ
ਗੋਲਡਨ ਆਫਸੈਟ ਪ੍ਰੈਸ (ਸ਼੍ਰੋਮਣੀ ਗੁ: ਪ੍ਰ: ਕਮੇਟੀ)
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ।

ਡਾਕਟਰ ਰਾਜਿੰਦਰ ਕੌਰ

(ਸਪੁੱਤਰੀ ਮਾਸਟਰ ਤਾਰਾ ਸਿੰਘ ਜੀ)

ਦੇ ਨਾਂ

5

ਤਤਕਰਾ

ਪਹਿਲੀ ਗੱਲ

ਅਨੰਦਪੁਰ ਸਾਹਿਬ ਸਿੱਖਾਂ ਦੀ ਧਾਰਮਿਕ, ਸਿਆਸੀ ਤੇ ਫੌਜੀ ਰਾਜਧਾਨੀ ਸੀ। ਇਹ ਸਿੱਖਿਆ ਦਾ ਵੱਡਾ, ਅਹਿਮ ਕੇਂਦਰ ਸੀ। ਇਹ ਆਲਮ, ਫਾਜ਼ਲ ਤੇ ਫ਼ਨਕਾਰ ਲੋਕਾਂ ਦੀ ਯੂਨੀਵਰਸਿਟੀ ਸੀ। ਇਹ ਬੇਆਸਰਿਆਂ ਅਤੇ ਮਜ਼ਲੂਮਾਂ ਦੀ ਪਨਾਹਗਾਹ ਸੀ।

ਇਥੇ ਗੁਰੂ ਸਾਹਿਬ ਅਤੇ ਚਾਰ ਗੁਰੂ ਸਾਹਿਬਾਨ ਦੇ ਪਰਿਵਾਰਾਂ ਦੀ ਮੁਹੱਬਤ ਦੀ ਖੁਸ਼ਬੂ ਹੈ। ਇੱਥੇ ਸੈਕੜੇ ਸਿੱਖਾਂ ਨੇ ਸ਼ਹੀਦੀਆਂ ਪਾਈਆਂ। ਇੱਥੋਂ ਦੀ ਮਿੱਟੀ ਵਿੱਚ ਉਨ੍ਹਾਂ ਸ਼ਹੀਦਾਂ ਅਤੇ ਜੁਝਾਰੂਆਂ ਦੇ ਖ਼ੂਨ ਪਸੀਨੇ ਦੇ ਤੁਪਕੇ ਜਜ਼ਬ ਹੋਏ ਹਨ। ਅਨੰਦਪੁਰ ਸਾਹਿਬ ਦਾ ਜ਼ੱਰਰਾ ਜ਼ੱਰਰਾ ਗੁਰੂ ਸਾਹਿਬ ਦੇ ਕਦਮਾਂ ਦੀ ਛੋਹ ਤੇ ਸ਼ਹੀਦਾਂ ਤੇ ਜੁਝਾਰੂਆਂ ਦੀਆਂ ਕੁਰਬਾਨੀਆਂ ਦੀ ਯਾਦਗਾਰ ਹੈ। ਸਿੱਖ ਨੂੰ ਇਹ ਅਹਿਸਾਸ ਆਉਂਦਿਆਂ ਹੀ ਦਿਲ ਕਰਦਾ ਹੈ ਕਿ ਇੱਥੇ ਪੈਰ ਮਲਕੜੇ ਜਿਹੇ ਰੱਖਿਆ ਜਾਏ ਤੇ ਹਰ ਕਦਮ ਤੇ ਸਿੱਖ ਤਵਾਰੀਖ਼ ਨੂੰ ਚੇਤੇ ਕੀਤਾ ਜਾਏ।

ਕਈ ਚਿਰ ਤੋਂ ਅਨੰਦਪੁਰ ਸਾਹਿਬ ਦੀ ਤਵਾਰੀਖ਼ ਬਾਰੇ ਇਕ ਚੰਗੀ ਕਿਤਾਬ ਦੀ ਜ਼ਰੂਰਤ ਮਹਿਸੂਸ ਹੋ ਰਹੀ ਸੀ। ਇਸ ਸਾਲ ਸਿੱਖ ਪੰਥ ਖਾਲਸਾ ਪ੍ਰਗਟ ਕਰਨ ਦੇ ਤਿੰਨ ਸੌ ਸਾਲ ਪੂਰੇ ਹੋਣ ਸੰਬੰਧੀ ਦੁਨੀਆਂ ਭਰ ਵਿੱਚ ਸਮਾਗਮ ਹੋ ਰਹੇ ਹਨ। ਇਸ ਸੰਬੰਧ ਵਿੱਚ ਲੱਖਾਂ ਸਿੱਖ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਆ ਰਹੇ ਹਨ। ਇਸ ਹਾਲਤ ਵਿੱਚ ਅਜਿਹੀ ਕਿਤਾਬ ਦੀ ਹੋਰ ਵੀ ਵੱਧ ਜ਼ਰੂਰਤ ਮਹਿਸੂਸ ਹੋ ਰਹੀ ਸੀ। ਉਨ੍ਹਾਂ ਦੀ ਜ਼ਰੂਰਤ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਨੰਦਪੁਰ ਸਾਹਿਬ ਦੀ ਤਵਾਰੀਖ਼ ਅਤੇ ਗੁਰ ਅਸਥਾਨਾਂ ਬਾਰੇ ਕਿਤਾਬ ਲਿਖਣ ਦੀ ਸੇਵਾ ਸਿੱਖ ਵਿਦਵਾਨ ਡਾ. ਹਰਜਿੰਦਰ ਸਿੰਘ ਦਿਲਗੀਰ ਨੂੰ ਸੌਂਪੀ ਸੀ।

ਡਾ. ਦਿਲਗੀਰ ਨੇ ਇਸ ਕਿਤਾਬ ਵਿੱਚ ਕੀਰਤਪੁਰ ਸਾਹਿਬ ਚੱਕ ਨਾਨਕੀ ਅਤੇ ਅਨੰਦਪੁਰ ਸਾਹਿਬ ਦੀ ਨੀਂਹ ਰੱਖਣ ਤੋਂ ਅੱਜ ਤਕ ਦੀ ਤਵਾਰੀਖ਼ ਬਾਰੇ ਅਹਿਮ ਸਮਗਰੀ ਦਿੱਤੀ ਹੈ ਅਤੇ ਨਾਲ ਹੀ ਕੀਰਤਪੁਰ ਸਾਹਿਬ ਅਤੇ ਅਨੰਦਪੁਰ ਸਾਹਿਬ ਦੇ ਨਾਲ ਨਾਲ ਉਨ੍ਹਾਂ ਗੁਰਦੁਆਰਿਆਂ ਬਾਰੇ ਜਾਣਕਾਰੀ ਵੀ ਦਿੱਤੀ ਹੈ ਜਿਹੜੇ ਗੁਰੂ ਸਾਹਿਬਾਨ ਦੇ ਇਨ੍ਹਾਂ ਨਗਰਾਂ ਵਿੱਚ ਰਹਿਣ ਵੇਲੇ ਦੀਆਂ ਘਟਨਾਵਾਂ ਨਾਲ ਸੰਬੰਧਿਤ ਹਨ। ਇਸ ਕਿਤਾਬ

ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਲੜਾਈਆਂ ਵਿੱਚ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਨਾਂ ਇਸ ਕਿਤਾਬ ਦੀ ਅਹਿਮੀਅਤ ਨੂੰ ਹੋਰ ਵੀ ਵਧਾਉਂਦੇ ਹਨ। ਅੱਜ ਤਕ ਇਨ੍ਹਾਂ ਵਿੱਚੋਂ ਬਹੁਤੇ ਸ਼ਹੀਦਾਂ ਤੇ ਜਰਨੈਲਾਂ ਦੇ ਨਾਵਾਂ ਬਾਰੇ ਆਮ ਸਿੱਖਾਂ ਨੂੰ ਬਹੁਤ ਘੱਟ ਪਤਾ ਸੀ। ਕਿਤਾਬ ਵਿੱਚ ਗੁਰਦੁਆਰਿਆਂ ਦੀਆਂ ਤਸਵੀਰਾਂ ਨੇ ਇਸ ਨੂੰ ਵਧੇਰੇ ਅਮੀਰ ਬਣਾ ਦਿੱਤਾ ਹੈ। ਉਮੀਦ ਹੈ ਪਾਠਕ ਇਸ ਕਿਤਾਬ ਤੋਂ ਭਰਪੂਰ ਲਾਭ ਉਠਾਉਣਗੇ।

ਗੁਰਚਰਨ ਸਿੰਘ ਟੌਹੜਾ
ਪ੍ਰਧਾਨ
ਸ਼੍ਰੋ: ਗੁ: ਪ੍ਰ: ਕਮੇਟੀ,
ਅੰਮ੍ਰਿਤਸਰ।

ਪੇਸ਼ਕਾਰੀ

ਅਨੰਦਪੁਰ ਸਾਹਿਬ ਦਾ ਨਾਂ ਸੁਣਦਿਆਂ ਹੀ ਇੱਕ ਸੱਚੇ ਸਿੱਖ ਦੇ ਲੂੰ ਖੜ੍ਹੇ ਹੋ ਜਾਂਦੇ ਹਨ, ਜਿਸਮ 'ਚ ਝਰਨਾਹਟ ਛਿੜਦੀ ਹੈ, ਡੋਲਿਆਂ ਵਿੱਚ ਲਹੂ ਫਰਕਣ ਲੱਗ ਪੈਂਦਾ ਹੈ।

ਤਖ਼ਤ ਕੇਸ ਗੜ੍ਹ ਸਾਹਿਬ ਤੇ ਮੱਥਾ ਟੇਕਦਿਆਂ ਜਾਪੁ ਸਾਹਿਬ ਦੀ ਗੁੰਜਾਰ ਰੂਹ 'ਚ ਤਾਰੀ ਹੋਣ ਲੱਗ ਪੈਂਦੀ ਹੈ। ਕਿਲ੍ਹਾ ਅਨੰਦਗੜ੍ਹ 'ਚੋਂ ਚੰਡੀ ਦੀ ਵਾਰ ਦੇ ਮਾਹੌਲ ਦੀ ਖੁਸ਼ਬੂ ਆਉਣ ਲੱਗ ਪੈਂਦੀ ਹੈ। ਸੀਸ ਗੰਜ ਤੇ ਮੱਥਾ ਟੇਕਦਿਆਂ ਸਰਬ ਧਰਮ ਰੱਖਿਅਕ ਦੀ ਸ਼ਹੀਦੀ ਦਾ ਨਜ਼ਾਰਾ ਅੱਖਾਂ ਅੱਗੇ ਆ ਜਾਂਦਾ ਹੈ। ਦਮਾਲਗੜ੍ਹ/ਮੰਜੀ ਸਾਹਿਬ 'ਚ ਗੁਰੂ ਸਾਹਿਬ ਦੇ ਸਾਹਿਬਜ਼ਾਦੇ ਸ਼ਸਤਰ ਚਲਾਉਂਦੇ ਮਹਿਸੂਸ ਹੁੰਦੇ ਹਨ। ਥੜ੍ਹਾ ਸਾਹਿਬ 'ਚ ਲੱਗਦਾ ਹੈ ਜਿਵੇਂ ਦੀਵਾਨ ਲੱਗਾ ਹੋਵੇ ਤੇ ਪੰਡਿਤ ਕਿਰਪਾ ਰਾਮ (ਸਿੰਘ) ਦੱਤ ਅਤੇ ਸੋਲਾਂ ਹੋਰ ਬ੍ਰਾਹਮਣ ਗੁਰੂ ਸਾਹਿਬ ਤੋਂ ਹਿਫ਼ਾਜ਼ਤ ਅਤੇ ਸਰਪਸਤੀ ਮੰਗ ਰਹੇ ਹੋਣ। ਦਮਦਮਾ ਸਾਹਿਬ ਵਿੱਚ ਭਾਈ ਮਨੀ ਸਿੰਘ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕਰਦੇ ਜਾਪਦੇ ਹਨ। ਗੁਰੂ ਦੇ ਮਹਿਲ 'ਚ ਮਾਤਾ ਨਾਨਕੀ, ਮਾਤਾ ਗੁਜਰੀ, ਮਾਤਾ ਜੀਤ ਕੌਰ, ਮਾਤਾ ਸੁੰਦਰ ਕੌਰ, ਮਾਤਾ ਸਾਹਿਬ ਕੌਰ ਵੱਲੋਂ ਸੰਗਤਾਂ ਵਾਸਤੇ ਲੰਗਰ ਤਿਆਰ ਕਰਦੇ ਹੋਣ ਦਾ ਅਹਿਸਾਸ ਹੁੰਦਾ ਹੈ। ਅਕਾਲ ਬੁੰਗਾ, ਭੋਰਾ ਸਾਹਿਬ, ਮੰਜੀ ਸਾਹਿਬ, ਥੜ੍ਹਾ ਸਾਹਿਬ, ਦਮਦਮਾ ਸਾਹਿਬ 'ਚ ਵੀ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦੀਵਾਨਾਂ ਦੀ ਯਾਦ ਆਉਂਦੀ ਹੈ। ਗੁਰੂ ਕਾ ਲਾਹੌਰ 'ਚ ਗੁਰੂ ਸਾਹਿਬ ਦੇ ਅਨੰਦ ਕਾਰਜ ਦੀਆਂ ਲਾਵਾਂ ਪੜ੍ਹੇ ਜਾਣ ਦਾ ਦ੍ਰਿਸ਼ ਚੇਤੇ ਆਉਣ ਲੱਗ ਪੈਂਦਾ ਹੈ।

ਕੇਸਗੜ੍ਹ ਸਾਹਿਬ ਤੋਂ ਅਨੰਦਗੜ੍ਹ ਸਾਹਿਬ ਵੱਲ ਨਿਗਾਹ ਕਰਦਿਆਂ ਪਹਿਲੀ ਵਿਸਾਖ ਦੇ ਦਿਨ ਖਾਲਸਾ ਪ੍ਰਗਟ ਕਰਨ ਵਾਲੇ ਕੌਤਕ ਦੀ ਫਿਲਮ ਅੱਖਾਂ ਅੱਗੇ ਘੁੰਮ ਜਾਂਦੀ ਹੈ। ਭਾਈ ਚਉਪਤਿ ਰਾਇ, ਭਾਈ ਮਨੀ ਸਿੰਘ ਸੀਸ ਭੇਟ ਕੌਤਕ ਦੇ ਦਿਨ ਦੇ ਸਮਾਗਮ ਦਾ ਇੰਤਜ਼ਾਮ ਕਰਦੇ ਅਤੇ ਭਾਈ ਦਇਆ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ ਪਹਿਲੇ ਪੰਜ ਖਾਲਸੇ ਪ੍ਰਗਟ ਹੋਣ ਵਾਸਤੇ ਤਿਆਰ-ਬਰ-ਤਿਆਰ ਖੜ੍ਹੇ ਮਹਿਸੂਸ ਹੁੰਦੇ ਹਨ। ਕਿਲ੍ਹਾ ਲੋਹਗੜ੍ਹ ਦੇ ਗੁਰਦੁਆਰੇ ਤੇ ਪੁੱਜਦਿਆਂ ਭਾਈ ਬਚਿੱਤਰ ਸਿੰਘ ਬਰਛਾ ਲੈ ਕੇ ਪਹਾੜੀਆਂ 'ਚ ਸ਼ਰਾਬੀ ਹਾਥੀ ਦਾ ਮੂੰਹ ਮੋੜਦਾ ਅਤੇ ਭਾਈ ਉਦੈ ਸਿੰਘ ਕੇਸਰੀ ਚੰਦ ਦਾ ਸਿਰ ਕੱਟ ਕੇ ਨੇਜ਼ੇ ਤੇ ਲਟਕਾਈ ਕਿਲ੍ਹਾ ਅਨੰਦਗੜ੍ਹ ਵੱਲ ਜਾਂਦਾ ਨਜ਼ਰ ਆਉਂਦਾ ਜਾਪਦਾ ਹੈ। ਕਿਲ੍ਹਾ ਅਨੰਦਗੜ੍ਹ ਤੇ ਪੁੱਜਦਿਆਂ ਰਣਜੀਤ ਨਗਾਰੇ ਦੀ

ਧਮਕ ਦਿਲ ਨੂੰ ਧੂਅ ਪਾਉਂਦੀ ਹੈ ਪਰ ਨਾਲ ਹੀ ਮਾਤਾ ਗੁਜਰੀ, ਚਾਰ ਸਾਹਿਬਜ਼ਾਦਿਆਂ ਅਤੇ ਚਾਰ ਸੌ ਸੱਠ ਸਿੰਘਾਂ ਅਤੇ ਗੁਰੂ ਸਾਹਿਬ ਅਤੇ ਚਾਲੀ ਸਿੰਘਾਂ ਦੇ ਦੋ ਵੱਖ-ਵੱਖ ਜਥੇ ਨਿਕਲਣ ਦਾ ੫-੬ ਦਿਸੰਬਰ ੧੭੦੫ ਦੀ ਰਾਤ ਦਾ ਉਦਾਸ-ਜਿਹਾ ਨਜ਼ਾਰਾ ਵੀ ਚੇਤੇ ਆ ਜਾਂਦਾ ਹੈ। ਆਪ ਮੁਹਾਰੇ ਜੀਅ ਕਰ ਪੈਂਦਾ ਹੈ ਕਿ ਕਿਸੇ ਰਾਤ ਅਸੀਂ ਵੀ

"ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ"

ਆਖਣ ਵਾਲੇ ਦੇ ਕਦਮਾਂ ਦੇ ਨਿਸ਼ਾਨ ਦੀ ਖੁਸ਼ਬੂ ਲੈਂਦੇ ਉਸ ਦੇ ਪੈਰਾਂ ਦੀ ਛੋਹ ਨਾਲ ਪਾਕਿ ਹੋਏ ਰਸਤੇ ਤੇ ਚੱਲ ਕੇ ਨੰਦੇੜ ਤੱਕ ਜਾਈਏ ਤੇ ਨੰਦੇੜ ਤੋਂ ਅਨੰਦਪੁਰ ਸਾਹਿਬ ਵੱਲ ਆਈਏ।

ਹੱਥਲੀ ਕਿਤਾਬ ਵਿੱਚ ਅਨੰਦਪੁਰ ਸਾਹਿਬ, ਚੱਕ ਨਾਨਕੀ, ਕੀਰਤਪੁਰ ਸਾਹਿਬ, ਨਿਰਮੋਹਗੜ੍ਹ, ਬਿਲਾਸਪੁਰ, ਬਸਾਲੀ, ਕਲਮੋਟ, ਬਜਰੂੜ, ਨਾਹਨ, ਪਾਉਂਟਾ ਸਾਹਿਬ, ਭੰਗਾਣੀ, ਬਿਭੌਰ ਸਾਹਿਬ, ਰਿਵਾਲਸਰ, ਕੋਟਲਾ ਨਿਹੰਗ, ਨੰਗਲ ਗੁੱਜਰਾਂ, ਚਮਕੌਰ ਵਗੈਰਾ ਦੀ ਮਿੱਟੀ ਵਿੱਚ ਰਚੀ ਹੋਈ ਗੁਰੂ ਸਾਹਿਬ ਦੇ ਕਦਮਾਂ ਦੀ ਖੁਸ਼ਬੂ ਨੂੰ ਲਫਜ਼ਾਂ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਉਮੀਦ ਹੈ ਇਹ ਕਿਤਾਬ ਪਾਠਕਾਂ ਦੇ ਬਹੁਤ ਸਾਰੇ ਸਵਾਲਾਂ ਦਾ ਜਵਾਬ ਦੇਂਦੀ ਹੋਵੇਗੀ। ਪਰ, ਇਸ ਨੂੰ ਆਖ਼ਰੀ ਨਾ ਸਮਝ ਲਿਆ ਜਾਵੇ। ਹਰ ਕੀਮਤੀ ਸੁਝਾਅ ਅਤੇ ਦਰੁਸਤੀ ਨੂੰ ਅਗਲੀ ਐਡੀਸ਼ਨ ਦਾ ਸ਼ਿੰਗਾਰ ਬਣਾਇਆ ਜਾਵੇਗਾ। ਆਸ ਹੈ ਪਾਠਕ ਤੇ ਸਲਾਹਕਾਰ ਆਪਣੇ ਸੁਝਾਅ ਜ਼ਰੂਰ ਭੇਜਣਗੇ।

੮ ਸਿਤੰਬਰ ੧੯੯੮

ਹਰਜਿੰਦਰ ਸਿੰਘ ਦਿਲਗੀਰ (ਡਾਕਟਰ)
ਡਾਇਰੈਕਟਰ
ਸਿੱਖ ਇਤਿਹਾਸ ਰੀਸਰਚ ਬੋਰਡ
ਅਤੇ
ਸਿੱਖ ਰੈਫਰੈਂਸ ਲਾਇਬਰੇਰੀ।
ਅੰਮ੍ਰਿਤਸਰ।

ਚੱਕ ਨਾਨਕੀ ਦੀ ਤਵਾਰੀਖ਼

ਜੁਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਂਵ।
ਕਹਿਲੂਰ ਮੈ ਬਾਂਧਿਓ ਆਨ ਅਨੰਦਪੁਰ ਗਾਂਵ ॥੩੯॥

(ਬਚਿੱਤਰ ਨਾਟਕ)

ਅੱਜ ਜਿਸ ਸਮੁੱਚੇ ਇਲਾਕੇ ਨੂੰ 'ਅਨੰਦਪੁਰ ਸਾਹਿਬ' ਆਖਿਆ ਜਾਂਦਾ ਹੈ ਉਸ ਵਿੱਚ ਚੱਕ ਨਾਨਕੀ ਤੇ ਅਨੰਦਪੁਰ ਸਾਹਿਬ ਦੇ ਨਾਲ ਨਾਲ ਆਲੇ ਦੁਆਲੇ ਦੇ ਪਿੰਡਾਂ ਦੀ ਕੁਝ ਜ਼ਮੀਨ ਵੀ ਸ਼ਾਮਿਲ ਹੈ। ਆਮ ਤੌਰ ਤੇ ਆਖ ਦਿੱਤਾ ਜਾਂਦਾ ਹੈ ਕਿ ਅਨੰਦਪੁਰ ਸਾਹਿਬ ਗੁਰੂ ਤੇਗ਼ ਬਹਾਦਰ ਸਾਹਿਬ ਨੇ ੧੬੬੫ ਵਿੱਚ ਬੰਨ੍ਹਿਆ ਸੀ। ਦਰਅਸਲ ਅਨੰਦਪੁਰ ਸਾਹਿਬ ਪਿੰਡ ਦੀ ਨੀਂਹ ਗੁਰੂ ਗੋਬਿੰਦ ਸਿੰਘ ਸਾਹਿਬ ਨੇ ੧੬੮੯ ਵਿੱਚ ਰੱਖੀ ਸੀ। ੧੬੬੫ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਨੇ ਜਿਸ "ਚੱਕ ਨਾਨਕੀ" ਪਿੰਡ ਬੰਨ੍ਹਿਆ ਸੀ ਉਹ ਕੇਸਗੜ੍ਹ ਸਾਹਿਬ ਦੀ ਸੜਕ ਦੇ ਹੇਠਾਂ ਚੌਂਕ ਤੋਂ ਚਰਨ ਗੰਗਾ ਅਤੇ ਅਗੰਮਗੜ੍ਹ ਦੇ ਵਿਚਕਾਰ ਦਾ ਇਲਾਕਾ ਸੀ।

ਨਵੇਂ ਨਗਰ ਵਸਾਉਣਾ, ਲੋਕਾਂ ਵਾਸਤੇ ਜ਼ਿੰਦਗੀ ਦੀਆਂ ਜ਼ਰੂਰਤਾਂ ਮੁਹੱਈਆ ਕਰਨਾ ਸਰਕਾਰਾਂ ਤੇ ਦੁਨਿਆਵੀ ਪਾਤਿਸ਼ਾਹਾਂ ਦਾ ਕੰਮ ਹੋਇਆ ਕਰਦਾ ਹੈ। ਸਿੱਖ ਕੌਮ ਦਾ ਇਹ ਖਾਸਾ ਹੈ ਕਿ ਇਸ ਦੇ ਬਾਨੀ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਸਾਰੇ ਗੁਰੂ ਸਾਹਿਬਾਨ ਨੇ ਨਵੇਂ-ਨਵੇਂ ਨਗਰ ਵਸਾਏ ਜਾਂ ਨਿੱਕੇ-ਨਿੱਕੇ ਪਿੰਡਾਂ ਨੂੰ ਆਬਾਦ ਕਰ ਕੇ ਨਗਰ ਬਣਾ ਦੇਣ ਤੱਕ ਪਹੁੰਚਾਇਆ। ਪੰਜਾਬ ਨੂੰ ਇਹ ਦੇਣ ਸੱਚੇ ਪਾਤਿਸ਼ਾਹਾਂ ਨੇ ਦਿੱਤੀ ਸੀ। ਸਿੱਖ ਤਵਾਰੀਖ਼ ਵਿੱਚ ਸਭ ਤੋਂ ਪਹਿਲਾ ਸਿੱਖ-ਨਗਰ ਕਰਤਾਰਪੁਰ (ਪਾਕਿਸਤਾਨ) ਹੈ ਜੋ ਗੁਰੂ ਨਾਨਕ ਸਾਹਿਬ ਨੇ ਵਸਾਇਆ ਸੀ। ਉਂਞ ਗੁਰੂ ਨਾਨਕ ਸਾਹਿਬ ਦੇ ਕਦਮਾਂ ਦੀ ਛੋਹ ਨਾਲ ਪਾਕਿ ਪਵਿੱਤਰ ਤੇ ਮਹਾਨ ਹੋ ਜਾਣ ਵਾਲੇ ਨਗਰਾਂ ਵਿੱਚ ਨਾਨਕਾਣਾ ਸਾਹਿਬ (ਪਹਿਲੋਂ ਰਾਇ ਭੋਇ ਦੀ ਤਲਵੰਡੀ) ਅਤੇ ਸੁਲਤਾਨਪੁਰ ਵੀ ਮਗਰੋਂ ਸਿੱਖ-ਨਗਰ ਹੋ ਨਿਬੜੇ ਸਨ। ਗੁਰੂ ਅੰਗਦ ਸਾਹਿਬ ਨੇ ਨਿੱਕੇ ਜਿਹੇ ਖਡੂਰ ਨੂੰ ਖਡੂਰ ਸਾਹਿਬ ਬਣਾ ਦਿੱਤਾ। ਗੁਰੂ ਅਮਰ ਦਾਸ ਸਾਹਿਬ ਨੇ ਗੋਇੰਦਵਾਲ ਸਾਹਿਬ ਵਸਾਇਆ। ਉਨ੍ਹਾਂ ਨੇ ਗੁਰੂ ਰਾਮਦਾਸ ਸਾਹਿਬ ਨੂੰ ਮਾਝੇ ਦੇ ਸਟੈਂਰ 'ਚ ਇੱਕ ਨਵਾਂ ਨਗਰ ਵਸਾਉਣ ਵਾਸਤੇ ਵੀ ਆਖਿਆ। ਗੁਰੂ ਰਾਮ ਦਾਸ ਸਾਹਿਬ ਨੇ "ਗੁਰੂ ਦਾ ਚੱਕ" ਦੀ ਨੀਂਹ ਰੱਖੀ ਜੋ ਮਗਰੋਂ ਚੱਕ ਰਾਮ ਦਾਸ, ਤੇ (ਹੁਣ) ਅੰਮ੍ਰਿਤਸਰ ਵਜੋਂ ਜਾਣਿਆ ਜਾਂਦਾ ਹੈ। ਪੰਜਵੇਂ

ਨਾਨਕ ਗੁਰੂ ਅਰਜਨ ਸਾਹਿਬ ਨੇ ਗੁਰੂ ਦਾ ਚੱਕ ਇੱਕ ਵੱਡੇ ਨਗਰ ਵਜੋਂ ਵਸਾਇਆ ਅਤੇ ਨਾਲ ਹੀ ਤਰਨ ਤਾਰਨ, ਕਰਤਾਰਪੁਰ (ਜਲੰਧਰ), ਛੇਹਰਟਾ, ਗੋਬਿੰਦਪੁਰ (ਹੁਣ ਹਰਿਗੋਬਿੰਦਪੁਰ) ਨਗਰ ਵਸਾਏ। ਛੇਵੇਂ ਪਾਤਿਸ਼ਾਹ ਨੇ ਅਕਾਲ ਤਖ਼ਤ ਸਾਹਿਬ ਪ੍ਰਗਟ ਕੀਤਾ ਅਤੇ ਨਾਲ ਹੀ ਕੀਰਤਪੁਰ ਸਾਹਿਬ ਦੀ ਜਗਹ ਖਰੀਦ ਕੇ ਆਪਣੇ ਬੇਟੇ ਬਾਬਾ ਗੁਰਦਿਤਾ ਨੂੰ ਇੱਥੇ ਨਗਰ ਵਸਾਉਣ ਵਾਸਤੇ ਆਖਿਆ। ਗੁਰੂ ਹਰਿ ਰਾਇ ਸਾਹਿਬ ਨੇ ਕੀਰਤਪੁਰ ਨੂੰ ਵੱਡਾ ਨਗਰ ਵੀ ਬਣਾਇਆ ਅਤੇ ਨਾਲ ਹੀ ਨਾਲ ਲਗਦੇ ਪੁਰਾਣੇ ਪਿੰਡ ਕਲਿਆਣਪੁਰ ਨੂੰ ਵੀ ਵਸਾਇਆ (ਹੁਣ ਇਹ ਕੀਰਤਪੁਰ ਦਾ ਇਕ ਹਿਸਾ ਹੀ ਹੈ)। ਗੁਰੂ ਹਰਿਕ੍ਰਿਸ਼ਨ ਸਾਹਿਬ ਵੇਲੇ ਤਕ ਕੀਰਤਪੁਰ ਸਾਹਿਬ ਇੱਕ ਅਹਿਮ ਕਸਬਾ ਬਣ ਚੁੱਕਿਆ ਸੀ। ਉਨ੍ਹਾਂ ਦੇ ਕਦਮਾਂ ਦੀ ਛੋਹ ਨੇ ਪੰਜੋਖੇੜਾ ਨੂੰ ਇੱਕ ਪਿੰਡ ਤੋਂ ਨਗਰ ਬਣਾ ਦਿੱਤਾ ਤੇ ਰਾਜਾ ਜੈ ਸਿਹੁੰ ਮਿਰਜ਼ਾ ਦੇ ਬੰਗਲੇ ਦੇ ਇਲਾਕੇ ਨੂੰ "ਗੁਰਦੁਆਰਾ ਬੰਗਲਾ ਸਾਹਿਬ" ਦਾ ਹਿੱਸਾ ਬਣਾ ਦਿੱਤਾ।

ਮੌਜੂਦਾ ਅਨੰਦਪੁਰ ਸਾਹਿਬ ਦਾ ਮੁੱਢ ਨੌਵੇਂ ਨਾਨਕ ਗੁਰੂ ਤੇਗ਼ ਬਹਾਦਰ ਸਾਹਿਬ ਨੇ ਬੰਨ੍ਹਿਆ ਸੀ। ਗੁਰੂ ਤੇਗ਼ ਬਹਾਦਰ ਸਾਹਿਬ ੧੬੨੧ ਤੋਂ ੧੬੩੫ ਤੱਕ ਗੁਰੂ ਦਾ ਚੱਕ (ਅੰਮ੍ਰਿਤਸਰ), ਡਰੌਲੀ ਭਾਈ (ਫਿਰੋਜ਼ਪੁਰ) ਅਤੇ ਕਰਤਾਰਪੁਰ (ਜਲੰਧਰ) ਵਿੱਚ ਰਹੇ ਸਨ। ੧੬੩੫ ਵਿੱਚ ਆਪ ਕੀਰਤਪੁਰ ਸਾਹਿਬ ਆ ਗਏ। ਇਸ ਮਗਰੋਂ ਆਪ ਵਧੇਰਾ ਸਮਾਂ ਕੀਰਤਪੁਰ ਸਾਹਿਬ ਅਤੇ ਬਕਾਲਾ (ਹੁਣ ਬਾਬਾ ਬਕਾਲਾ) ਰਹੇ ਅਤੇ ਵੱਖ ਵੱਖ ਇਲਾਕਿਆਂ ਵਿੱਚ ਧਰਮ ਦਾ ਪ੍ਰਚਾਰ ਕਰਦੇ ਰਹੇ। ੯ ਜੂਨ ੧੬੫੬ ਦੇ ਦਿਨ ਆਪ ਪੰਜਾਬ (ਅਤੇ ਹਰਿਆਣਾ, ਦਿੱਲੀ), ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਅਸਾਮ ਦੇ ਲੰਬੇ ਮਿਸ਼ਨਰੀ ਦੌਰੇ ਤੇ ਚੱਲ ਪਏ। ਆਪ ਇਸ ਦੌਰੇ ਤੋਂ ੧੬੬੪ ਦੇ ਸ਼ੁਰੂ ਵਿੱਚ ਵਾਪਿਸ ਚਲੇ ਤੇ ੨੧ ਮਾਰਚ ੧੬੬੪ ਦੇ ਦਿਨ ਦਿੱਲੀ ਪੁੱਜੇ। ਅਗਲੇ ਦਿਨ ਆਪ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਮਿਲੇ। ਤਿੰਨ ਦਿਨ ਦਿੱਲੀ ਰਹਿਣ ਮਗਰੋਂ ਆਪ ਆਪਣੇ ਨਗਰ ਬਕਾਲਾ (ਬਾਬਾ ਬਕਾਲਾ) ਵੱਲ ਚੱਲ ਪਏ। ਉਧਰ ੩੦ ਮਾਰਚ ੧੬੬੪ ਦੇ ਦਿਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ ਜੋਤ ਸਮਾ ਗਏ। ੧੧ ਅਗਸਤ ੧੬੬੪ ਦੇ ਦਿਨ ਬਕਾਲਾ ਵਿਖੇ ਆਪ ਨੂੰ ਨੌਵੇਂ ਨਾਨਕ ਵੱਲੋਂ ਗੁਰ ਗੱਦੀ ਸੰਭਾਲੇ ਜਾਣ ਦੀ ਰਸਮ ਅਦਾ ਹੋਈ। ੮ ਅਕਤੂਬਰ ੧੬੬੪ ਦੇ ਦਿਨ ਭਾਈ ਮੱਖਣ ਸ਼ਾਹ ਲੁਬਾਣਾ ਬਕਾਲੇ ਆਇਆ। ਗੁਰੂ ਸਾਹਿਬ ਉਸ ਨਾਲ ੧੪ ਅਕਤੂਬਰ ਦੇ ਦਿਨ ਕੀਰਤਪੁਰ ਸਾਹਿਬ ਗਏ। ਉੱਥੇ ਕੁਝ ਦਿਨ ਰਹਿਣ ਮਗਰੋਂ ਆਪ ੨੩ ਨਵੰਬਰ ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਪੁੱਜੇ। ਇਸ ਇਲਾਕੇ ਦਾ ਦੌਰਾ ਕਰਨ ਮਗਰੋਂ ਆਪ ੭ ਦਿਸੰਬਰ ਨੂੰ ਗੋਇੰਦਵਾਲ ਪੁੱਜੇ। ਇੱਥੋਂ ਆਪ ਖੇਮਕਰਨ ਗਏ। ਅਗਲੇ ਢਾਈ ਮਹੀਨੇ ਆਪ ਨੇ ਖੇਮਕਰਨ ਤੇ ਮਾਝੇ ਦੇ ਕਈ ਹੋਰ ਪਿੰਡਾਂ ਦਾ ਦੌਰਾ ਕੀਤਾ। ਇੱਥੋਂ ਆਪ ਹਰੀਕੇ ਤੋਂ ਦਰਿਆ ਪਾਰ ਕਰ ਕੇ ਜ਼ੀਰਾ, ਮੋਗਾ ਹੁੰਦੇ ਹੋਏ ਫ਼ਰਵਰੀ ਦੇ ਅਖ਼ਰਿ ਵਿੱਚ ਡਰੌਲੀ ਭਾਈ ਚਲੇ ਗਏ। ਕੁਝ ਦਿਨ ਡਰੌਲੀ ਰਹਿਣ ਮਗਰੋਂ ਆਪ ਤਲਵੰਡੀ ਸਾਬੋ ਚਲੇ ਗਏ। ਤਲਵੰਡੀ ਦੇ ਸਿੱਖਾਂ ਨੇ ਗੁਰੂ ਤੇਗ਼ ਬਹਾਦਰ ਸਾਹਿਬ

ਨਾਲ ਬੜੀ ਮੁਹੱਬਤ ਵਿਖਾਈ। ਆਪ ਉੱਥੇ ਕਈ ਦਿਨ ਰਹੇ। ਲੋਕਾਂ ਦੀ ਅਰਜ਼ ਤੇ ਆ ਨੇ ੨੯ ਮਾਰਚ ੧੬੬੫ ਦੇ ਦਿਨ ਇੱਕ ਤਲਾਅ ਬਣਵਾਇਆ। (ਅੱਜ ਇਹ ਤਲਾਅ "ਗੁਰੂਸਰ ਸਰੋਵਰ" ਵਜੋਂ ਕਾਇਮ ਹੈ)। ੭ ਅਪ੍ਰੈਲ ੧੬੬੫ ਦੇ ਦਿਨ ਇਹ ਤਲਾਅ ਤਿਆਰ ਹੋ ਗਿਆ। ਪੰਦਰਾਂ ਦਿਨ ਤਲਵੰਡੀ ਰਹਿਣ ਮਗਰੋਂ ਗੁਰੂ ਸਾਹਿਬ 'ਬਾਂਗਰ ਦੇਸ' ਵੱਲ ਚਲੇ ਗਏ। ਬਾਂਗਰ ਦੇਸ਼ ਦੇ ਪਿੰਡ ਧਮਤਾਨ ਦੇ ਇਲਾਕੇ ਦੇ ਮਸੰਦ ਭਾਈ ਦੱਗੋ ਨੇ ਆਪ ਨੂੰ ਤਹਿ-ਦਿਲੋਂ ਜੀ ਆਇਆ ਆਖਿਆ। ਆਪ ਉੱਥੇ ਕੁਝ ਦਿਨ ਰਹੇ ਅਤੇ ਧਰਮ ਪ੍ਰਚਾਰ ਕੀਤਾ। ਭਾਈ ਦੱਗੋ ਅਤੇ ਇਲਾਕੇ ਦੀਆਂ ਸੰਗਤਾਂ ਨੇ ਅਰਜ਼ ਕੀਤੀ ਕਿ ਗੁਰੂ ਸਾਹਿਬ ਧਮਤਾਨ ਵਿੱਚ ਆਪਣਾ ਨਿਵਾਸ ਰੱਖਣ ਤੇ ਬਾਂਗਰ ਦੇਸ਼ ਨੂੰ ਆਪਣਾ ਸੈਂਟਰ ਬਣਾਉਣ। ਇਲਾਕਾ ਵਾਸੀਆਂ ਨੇ ਆਪ ਨੂੰ ਅਰਜ਼ ਕਤਿ ਕਿ ਆਪ ਆਪਣੇ ਪਰਿਵਾਰ ਨੂੰ ਪਟਨਾ ਤੋਂ ਧਮਤਾਨ ਲੈ ਆਉਣ। ਭਾਈ ਦੱਗੋ ਤੇ ਇਲਾਕਾ ਵਾਸੀਆਂ ਦੀ ਸ਼ਰਧਾ ਵੇਖ ਕੇ ਗੁਰੂ ਸਾਹਿਬ ਬਹੁਤ ਵਿਗਸੇ। ਉਨ੍ਹਾਂ ਉਸ ਨੂੰ ਇਜਾਜ਼ਤ ਦੇ ਦਿੱਤੀ ਕਿ ਉਹ ਗੁਰੂ ਸਾਹਿਬ ਦੇ ਰਹਿਣ ਵਾਸਤੇ ਮਕਾਨ ਬਣਾਵੇ ਅਤੇ ਨਾਲ ਹੀ ਇਕ ਖੂਹ ਵੀ ਲੁਆਵੇ। ਮਕਾਨ ਦੀ ਨੀਂਹ ਰੱਖਣ ਤੇ ਖੂਹ ਦਾ ਟੱਕ ਲਾਉਣ ਮਗਰੋਂ ਗੁਰੂ ਸਾਹਿਬ ਕੀਰਤਪੁਰ ਆ ਗਏ।

ਚੱਕ ਨਾਨਕੀ ਦਾ ਪਿਛੋਕੜ :

ਕੀਰਤਪੁਰ ਵਿੱਚ ਆਉਣ ਤੋਂ ਕੁਝ ਦਿਨ ਮਗਰੋਂ ਉੱਥੇ ਬਿਲਾਸਪੁਰ ਦੀ ਰਾਣੀ ਚੰਪਾ ਦਾ ਵਜ਼ੀਰ ਕੀਰਤਪੁਰ ਆਇਆ। ਉਸ ਨੇ ਦੱਸਿਆ ਕਿ ਬਿਲਾਸਪੁਰ ਦਾ ਰਾਜਾ ਦੀਪ ਚੰਦ ੨੭ ਅਪ੍ਰੈਲ ੧੬੬੫ ਦੇ ਦਿਨ ਚੜ੍ਹਾਈ ਕਰ ਗਿਆ ਹੈ। ਰਾਣੀ ਨੇ ਗੁਰੂ ਸਾਹਿਬ ਨੂੰ ਰਾਜੇ ਦੀ ਸਤਾਰ੍ਹਵੀਂ ਤੇ ੧੨ ਮਈ ਨੂੰ ਬਿਲਾਸਪੁਰ ਪੁੱਜਣ ਵਾਸਤੇ ਅਰਜ਼ ਕੀਤੀ। ਗੁਰੂ ਸਾਹਿਬ ੧੦ ਮਈ ੧੬੬੫ ਦੇ ਦਿਨ ਬਿਲਾਸਪੁਰ ਪਹੁੰਚ ਗਏ। ਗੁਰੂ ਸਾਹਿਬ ਦੇ ਨਾਲ ਆਪ ਦੀ ਮਾਤਾ ਨਾਨਕੀ, ਗੁਰੂ ਹਰਿ ਰਾਇ ਸਾਹਿਬ ਦੀ ਸੁਪਤਨੀ ਮਾਤਾ ਸੁਲਖਣੀ, ਬਾਬਾ ਸੂਰਜ ਮਲ ਦੀ ਪਤਨੀ ਮਾਤਾ ਹਰੀ ਜੀ, ਗੁਰੂ ਹਰਿ ਰਾਇ ਸਾਹਿਬ ਦੀ ਬੇਟੀ ਬੀਬੀ ਰੂਪ ਕੁਇਰ, ਬਾਬਾ ਸੂਰਜ ਮੱਲ ਦੇ ਪੁੱਤਰ ਦੀਪ ਚੰਦ ਤੇ ਨੰਦ ਚੰਦ, ਦੀਵਾਨ ਦਰਗਹ ਮੱਲ ਅਤੇ ਬਹੁਤ ਸਾਰੇ ਹੋਰ ਸਿੱਖ ਵੀ ਸਨ। ਚੌਥੇ ਦਿਨ ਸਤਾਰਵੀਂ ਤੋਂ ਫਾਰਿਗ ਹੋ ਕੇ ਅਗਲੇ ਦਿਨ ਗੁਰੂ ਸਾਹਿਬ ਨੇ ਵਾਪਿਸ ਜਾਣ ਦੀ ਤਿਆਰੀ ਸ਼ੁਰੂ ਕੀਤੀ।

ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਬਿਲਾਸਪੁਰ ਦੇ ਰਾਜ ਮਹਲ ਤੋਂ ਟੁਰਨ ਲੱਗੇ ਤਾਂ ਰਾਣੀ ਚੰਪਾ ਨੇ ਗੁਰੂ ਸਾਹਿਬ ਨੂੰ ਰੋਕ ਲਿਆ। ਰਾਣੀ ਨੂੰ ਪਤਾ ਲੱਗ ਚੁੱਕਾ ਸੀ ਕਿ ਗੁਰੂ ਤੇਗ਼ ਬਹਾਦਰ ਸਾਹਿਬ ਕੀਰਤਪੁਰ ਛੱਡ ਕੇ ਧਮਤਾਨ ਵਿੱਚ ਵਸਣ ਦੀਆਂ ਤਿਆਰੀਆਂ ਕਰ ਰਹੇ ਹਨ। ਰਾਣੀ ਚੰਪਾ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਮਾਤਾ ਨਾਨਕੀ ਜੀ ਦੇ ਪੈਰ ਫੜ ਲਏ ਅਤੇ ਅਰਜ਼ ਕੀਤੀ ਕਿ ਉਹ ਗੁਰੂ ਸਾਹਿਬ ਨੂੰ ਧਮਤਾਨ (ਬਾਂਗਰ ਦੇਸ) ਜਾਣ ਦੀ ਜਗਹ ਕਹਿਲੂਰ (ਬਿਲਾਸਪੁਰ) ਰਿਆਸਤ

ਵਿੱਚ ਰਹਿਣ ਵਾਸਤੇ ਮਨਾਉਣ। ਰਾਣੀ ਚੰਪਾ ਨੇ ਆਖਿਆ ਕਿ ਉਹ ਚਾਹੁੰਦੀ ਹੈ ਕਿ ਉਹ ਗੁਰੂ ਸਾਹਿਬ ਦੀ ਨਿਗਹਬਾਨੀ ਵਿੱਚ ਹੀ ਰਹੇ। ਰਾਣੀ ਨੇ ਕਿਹਾ ਕਿ ਜੇ ਕਰ ਗੁਰੂ ਤੇਗ਼ ਬਹਾਦਰ ਸਾਹਿਬ ਕੀਰਤਪੁਰ ਸਾਹਿਬ ਦੀ ਜਗਹ ਕਿਤੇ ਹੋਰ ਨਵਾਂ ਨਗਰ ਵਸਾਉਣਾ ਚਾਹੁਣ ਤਾਂ ਉਹ ਜਗਹ ਅਰਦਾਸ ਕਰਵਾਉਣ ਵਾਸਤੇ ਵੀ ਤਿਆਰ ਹੈ। ਰਾਣੀ ਚੰਪਾ ਦੇ ਜਜ਼ਬਾਤ ਤੇ ਮੁਹੱਬਤ ਵੇਖਦਿਆਂ ਮਾਤਾ ਨਾਨਕੀ ਨੇ ਗੁਰੂ ਸਾਹਿਬ ਨੂੰ ਕਹਿਲੂਰ ਰਿਆਸਤ ਤੋਂ ਦੂਰ ਨਾ ਜਾਣ ਵਾਸਤੇ ਮਨਾ ਲਿਆ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਨਵਾਂ ਨਗਰ ਵਸਾਉਣ ਦਾ ਫੈਸਲਾ ਕੀਤਾ ਪਰ ਉਨ੍ਹਾਂ ਰਾਣੀ ਚੰਪਾ ਤੋਂ ਨਵੇਂ ਨਗਰ ਵਾਸਤੇ ਮੁਫ਼ਤ ਜ਼ਮੀਨ ਲੇਣ ਤੋਂ ਨਾਂਹ ਕਰ ਦਿੱਤੀ। ਗੁਰੂ ਸਾਹਿਬ ਨੇ ਲੋਦੀਪੁਰ, ਮੀਆਂਪੁਰ ਅਤੇ ਸਹੋਟਾ ਪਿੰਡ ਦੀ ਜ਼ਮੀਨ ਦਾ ਇਕ ਰਮਣੀਕ ਹਿੱਸਾ ਚੁਣਿਆ ਅਤੇ ਉਸ ਜ਼ਮੀਨ ਦੀ ਰਕਮ ਅਦਾ ਕੀਤੀ। ਰਾਣੀ ਚੰਪਾ ਨੇ ਉਸ ਰਕਮ ਨੂੰ ਤੋਹਫ਼ਾ ਸਮਝ ਕੇ ਮਨਜ਼ੂਰ ਕਰ ਲਿਆ।

ਚੱਕ ਨਾਨਕੀ-ਅਨੰਦਪੁਰ ਸਾਹਿਬ ਦੀ ਚੋਣ ਕਿਉਂ ?

ਗੁਰੂ ਤੇਗ਼ ਬਹਾਦਰ ਸਾਹਿਬ ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਮੁਗ਼ਲਾਂ ਨਾਲ ਲੜਾਈਆਂ ੧੬੩੪-੩੫) ਵਿੱਚ ਜੂਝੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਇਕ ਮਹਿਫ਼ੂਜ਼ ਨਗਰ ਦਾ ਜਿਓਗਰਾਫੀਆਂ ਕਿਹੋ ਜਿਹਾ ਹੋਣਾ ਚਾਹੀਦਾ ਹੈ। ਜਦੋਂ ਛੇਵੇਂ ਨਾਨਕ ਗੁਰੂ ਹਰਿਗੋਬਿੰਦ ਸਾਹਿਬ ਨੇ ੧੬੨੪ ਵਿੱਚ ਕੀਰਤਪੁਰ ਦੀ ਜਗਹ ਵਿੱਚੋਂ ਚੋਣ ਕੀਤੀ ਤਾਂ ਉਨ੍ਹਾਂ ਨੇ ਉਸ ਇਲਾਕੇ ਦੀਆਂ ਸਭ ਤੋਂ ਵੱਧ ਮਹਿਫ਼ੂਜ਼ ਜਗਹ ਦੀ ਚੋਣ ਕੀਤੀ ਸੀ। ਕੀਰਤਪੁਰ ਦੇ ਇੱਕ ਪਾਸੇ ਪਹਾੜ, ਦੂਜੇ ਪਾਸੇ ਸਤਲੁਜ ਤੇ ਤੀਜੇ ਪਾਸੇ ਸਰਸਾ ਨਦੀ ਸਨ। ਇਸ ਤੋਂ ਇਲਾਵਾ ਕਈ ਨਿੱਕੀਆਂ ਵੱਡੀਆਂ ਪਹਾੜੀਆਂ ਅਤੇ ਚੋਅ (ਨਾਲੇ) ਵੀ ਸਨ ਜੋ ਕੀਰਤਪੁਰ ਨੂੰ ਦੁਸ਼ਮਣ ਦੇ ਹਮਲੇ ਤੋਂ ਕਾਫੀ ਹੱਦ ਤੱਕ ਬਚਾ ਸਕਦੇ ਸਨ।

ਚੱਕ ਨਾਨਕੀ—ਅਨੰਦਪੁਰ ਵੀ ਅਜਿਹੀ ਖਾਸ ਮਹਿਫ਼ੂਜ਼ ਜਗਹ ਸੀ। ਇਸ ਦੇ ਆਲੇ ਦੁਆਲੇ ਜੰਗਲ ਸੀ। ਜੰਗਲ ਦੇ ਨਾਲ ਨਾਲ ਕਈ ਬਰਸਾਤੀ ਨਾਲੇ (ਚੋਅ) ਸਨ। ਚੱਕ ਨਾਨਕੀ ਨੂੰ ਦੋ ਪਾਸੇ ਚਰਨ ਗੰਗਾ ਨਾਲੇ ਦੀ ਹਿਫ਼ਾਜ਼ਤ ਸੀ। ਇਕ ਪਾਸੇ ਦਰਿਆ ਸਤਲੁਜ ਵਗਦਾ ਸੀ। (ਹੁਣ ਇਹ ਪੰਜ ਕਿਲੋਮੀਟਰ ਦੂਰ ਚਲਾ ਗਿਆ ਹੈ)। ਤੀਜੇ ਪਾਸੇ ਮੌਜੂਦਾ ਕੇਸਗੜ੍ਹ ਦਾ ਪਹਾੜ ਤੇ ਪਿੱਛੇ ਰਿਆਸਤ ਬਿਲਾਸਪੁਰ ਦੇ ਪਹਾੜ ਅਤੇ ਜੰਗਲ ਸਨ। ਉਦੋਂ ਚੱਕ ਨਾਨਕੀ ਅਤੇ ਨੈਣਾਂ ਦੇਵੀ ਵਿਚਕਾਰ ਜੰਗਲ ਸੀ। ਇੰਞ ਹੀ ਕੇਸਗੜ੍ਹ ਤੇ ਅਨੰਦਗੜ੍ਹ ਤੱਕ ਇੱਕ ਵੱਡਾ ਪਹਾੜ ਵੀ ਨਗਰ ਦੀ ਹਿਫ਼ਾਜ਼ਤ ਕਰਦਾ ਸੀ। ਇੰਞ ਇਹ ਇਲਾਕਾ ਸ਼ਾਂਤ, ਪੁਰਅਮਨ ਤੇ ਇਕਲਵਾਂਝਾ ਜਿਹਾ ਸੀ। ਇਥੇ ਧਾਰਮਿਕ ਤੇ ਰੂਹਾਨੀ ਮਾਹੌਲ ਨੂੰ ਕੋਈ ਰੌਲਾ ਭੰਗ ਨਹੀਂ ਕਰ ਸਕਦਾ ਸੀ। ਚੋਆਂ ਦੇ ਦਰਿਆ ਦੇ ਪਾਣੀ ਨਾਲ ਭਰਪੂਰ ਜ਼ਰਖ਼ੇਜ਼ ਇਲਾਕਾ ਵੀ ਸੀ ਤੇ ਕਾਫ਼ੀ ਹਦ ਤੱਕ ਸਾਲ ਵਿੱਚ ਇਕ ਵਾਰ ਵਧੀਆ ਫ਼ਸਲ ਵੀ ਦੇ ਸਕਦਾ

ਸੀ। ਇਸੇ ਤਰ੍ਹਾਂ ਵੱਡਾ ਸਾਰਾ ਨਾਲਾ (ਜਿਸ ਨੂੰ ੧੯ ਅਗਸਤ ੧੬੬੫ ਦੇ ਦਿਨ ਸਿੱਖਾਂ ਨੇ "ਹਿਮੈਤੀ" ਨਾਲਾ ਦਾ ਨਾਂ ਦਿੱਤਾ ਸੀ) ਵੀ ਅਨੰਦਪੁਰ ਸਾਹਿਬ ਨੂੰ ਦੁਸ਼ਮਣ ਦੇ ਹਮਲੇ ਤੋਂ ਬਚਾਉਂਦਾ ਸੀ)। ਹੁਣ ਇਸ ਨਾਲੇ ਦਾ ਵਜੂਦ ਹੀ ਨਹੀਂ ਰਿਹਾ। ਕੇਸਗੜ੍ਹ ਸਾਹਿਬ ਦੇ ਨਾਲ ਦੀ ਪਹਾੜੀ ਜਿਥੇ ਸੀਸ ਭੇਟ ਕੌਤਕ ਵੇਲੇ ਤੰਬੂ ਗੱਡਿਆ ਸੀ ਖੁਰ ਕੇ ਬਿਲਕੁਲ ਅਲੋਪ ਹੋ ਗਈ। ਕੇਸਗੜ੍ਹ ਦੀ ਪਹਾੜੀ ਵੀ ਖੁਰ ਕੇ ੧੦-੧੨ ਫੁਟ ਨੀਵੀਂ ਹੋ ਗਈ ਹੈ। ਭਾਖੜਾ ਡੈਮ, ਨੰਗਲ ਡੈਮ ਤੇ ਗੰਗੂਵਾਲ ਦਾ ਪਾਵਰ ਹਾਊਸ ਬਣਨ ਨਾਲ ਚੱਕ ਨਾਨਕੀ-ਅਨੰਦਪੁਰ ਦਾ ਅਸਲ ਨਕਸ਼ਾ ਕਾਇਮ ਨਹੀਂ ਰਿਹਾ। ੧੯੭੩ ਵਿੱਚ ਕੇਸਗੜ੍ਹ ਸਾਹਿਬ ਤੇ ਅਨੰਦਗੜ੍ਹ ਸਾਹਿਬ ਵਿਚਲਾ ਵੱਡਾ ਪਹਾੜ ਕੱਟ ਕੇ ਸੜਕ ਬਣਾ ਦਿੱਤੀ ਗਈ। ਉਸ ਨਾਲ ਵੀ ਨਗਰ ਦਾ ਪੁਰਾਣਾ ਖਾਸਾ ਮਿਟ ਗਿਆ। ਇਸ ਪਹਾੜ ਦੇ ਦੁਆਲੇ ਅਤੇ ਕਿਲ੍ਹਾ ਅਨੰਦਗੜ੍ਹ ਵਿੱਚ ਕਾਰ ਸੇਵਾ ਵਾਲਿਆਂ ਵੱਲੋਂ ਬਚੀਆਂ ਖੁਚੀਆਂ ਪੁਰਾਣੇ ਕਿਲ੍ਹੇ ਦੀਆਂ ਨਿਸ਼ਾਨੀਆਂ ਅਤੇ ਰੱਖਿਆ-ਮੀਨਾਰ ਵੀ ਢਾਹ ਕੇ ਨਵੀਆਂ ਈਮਾਰਤਾਂ ਉਸਾਰ ਦਿੱਤੀਆਂ ਗਈਆਂ ਹਨ। ਹੁਣ ਕੇਸਗੜ੍ਹ ਸਾਹਿਬ ਦੇ ਸਾਹਮਣੇ ਲੰਗਰ ਦੀ ਈਮਾਰਤ ਬਣ ਗਈ ਹੈ, ਖੱਬੇ ਪਾਸੇ ਸਰਾਂ ਅਤੇ ਰਿਹਾਇਸ਼ਾਂ, ਕੇਸਗੜ੍ਹ ਸਾਹਿਬ ਦੇ ਹੇਠਾਂ ਮਕਾਨ ਅਤੇ ਦੂਰ ਸੱਜੇ ਪਾਸੇ ਸਰਾਂ ਅਤੇ ਹੋਰ ਨਵੀਆਂ ਈਮਾਰਤਾਂ ਵਗੈਰਾ ਦੇ ਉਸਾਰੇ ਜਾਣ ਨਾਲ ਚੱਕ ਨਾਨਕੀ-ਅਨੰਦਪੁਰ ਸਾਹਿਬ ਦਾ ਪਿਛੋਕੜ ਅਲੋਪ ਹੁੰਦਾ ਜਾ ਰਿਹਾ ਹੈ। ਇੰਞ ਹੀ ਕਿਲ੍ਹੇ ਲੋਹਗੜ੍ਹ, ਅਗੰਮਗੜ੍ਹ, ਹੋਲਗੜ੍ਹ, ਤਾਰਾਗੜ੍ਹ, ਫਤਹਿਗੜ੍ਹ ਤੇ ਅਗੰਮਗੜ੍ਹ ਦੇ ਨਾਂ ਨਿਸ਼ਾਨ ਮਿਟ ਗਏ ਹਨ। ਇੰਞ ਹਾਂ ਹੁਣ ਕੇਸਗੜ੍ਹ ਸਾਹਿਬ ਦਾ ਮੱਥਾ ਦੂਗਣਾ ਕਰ ਦਿੱਤਾ ਗਿਆ ਹੈ। ਭਾਵੇਂ ਚੱਕ ਨਾਨਕੀ ੧੬੬੫ ਵਾਲਾ ਅਤੇ ਅਨੰਦਪੁਰ ਸਾਹਿਬ ੧੬੯੯ ਵਾਲਾ ਨਹੀਂ ਰਿਹਾ ਪਰ ਅੱਜ ਵੀ ਇਸ ਧਰਤੀ ਤੇ ਪੈਰ ਰੱਖਦਿਆਂ ਕਲਗੀ ਵਾਲੇ ਦੇ ਘੋੜੇ ਦੇ ਸੁੰਮਾਂ ਦੀ ਟਾਪ ਦੀ ਗੂੰਜਾਰ ਰੂਹ 'ਚ ਸਮਾ ਜਾਂਦੀ ਹੈ।

ਚੱਕ ਨਾਨਕੀ ਦੀ ਮੋੜ੍ਹੀ ਗੱਡਣਾ :

੧੯ ਜੂਨ ੧੬੬੫ ਸੋਮਵਾਰ ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਸ ਨਵੇਂ ਸਿੱਖ-ਨਗਰ ਦਾ ਮੁੱਢ ਬੰਨ੍ਹਿਆ। ਨਵੇਂ ਨਗਰ ਦੀ ਮੋੜ੍ਹੀ ਬਾਬਾ ਗੁਰਦਿੱਤਾ (ਬਾਬਾ ਬੁੱਢਾ ਦੇ ਪੋਤੇ ਦੇ ਪੋਤੇ) ਨੇ ਪਿੰਡ ਸਹੋਟਾ ਦੀ ਹੱਦ ਵਿੱਚ ਮਾਖੋਵਾਲ ਦੀ ਥੇਹ ਤੇ ਗੱਡੀ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਨਵੇਂ ਨਗਰ ਦਾ ਨਾਂ ਆਪਣੀ ਮਾਤਾ (ਸੁਪਤਨੀ ਗੁਰੂ ਹਰਿਗੋਬਿੰਦ ਸਾਹਿਬ) ਦੇ ਨਾਂ ਤੇ "ਚੱਕ ਨਾਨਕੀ" ਰਖਿਆ। ਇਸ ਮਗਰੋਂ ਦੀਵਾਨ ਦਰਗਹ ਮੱਲ ਛਿੱਬਰ ਨੇ ਅਰਦਾਸ ਕੀਤੀ ਅਤੇ ਕੜਾਹ ਪ੍ਰਸ਼ਾਦ ਦੀ ਦੇਗ਼ ਸੰਗਤਾਂ ਵਿੱਚ ਵਰਤਾਈ। ਅਗਲੇ ਤਿੰਨ ਮਹੀਨੇ (ਅੱਧ ਜੂਨ ਤੋਂ ਅੱਧ ਸਿਤੰਬਰ ੧੬੬੫) ਗੁਰੂ ਸਾਹਿਬ "ਚੱਕ ਨਾਨਕੀ" ਵਿੱਚ ਰਹੇ। ਇਸ ਦੌਰਾਨ ਗੁਰੂ ਸਾਹਿਬ ਦਾ ਮਕਾਨ ਬਣ ਚੁੱਕਾ ਸੀ। ਇਹ ਚੱਕ ਨਾਨਕੀ ਦੀ ਪਹਿਲੀ ਇਮਾਰਤ ਸੀ। ਅੱਜ ਕਲ੍ਹ ਇਸ ਜਗਹ ਤੇ ਗੁਰਦੁਆਰਾ "ਗੁਰੂ ਦੇ ਮਹਲ" ਬਣਿਆ ਹੋਇਆ

ਹੈ। ਇਸ ਵੇਲੇ (ਸਿਤੰਬਰ ੧੬੬੫) ਤੱਕ ਗੁਰੂ ਸਾਹਿਬ ਦਾ ਪਰਿਵਾਰ ਪਟਨਾ ਵਿੱਚ ਹੀ ਸੀ।

ਸਿਤੰਬਰ ਦੇ ਆਖ਼ਰੀ ਅੱਧ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ "ਚੱਕ ਨਾਨਕੀ" ਤੋਂ ਕੀਰਤਪੁਰ, ਰੋਪੜ, ਬਨੂੜ, ਰਾਜਪੁਰਾ, ਸੈਫ਼ਾਬਾਦ, ਢੋਡਾ, ਸੁਨਾਮ, ਛਾਜਲੀ, ਲਹਿਰਾ ਗਾਗਾ ਵਗੈਰਾ 'ਚ ਸੰਗਤਾਂ ਨੂੰ ਦਰਸ਼ਨ ਦੇਂਦੇ ਹੋਏ ਧਮਤਾਨ ਪੁੱਜੇ। ਉਧਰ ਧਮਤਾਨ ਵਿੱਚ ਭਾਈ ਦੱਗੋ ਨੇ ਗੁਰੂ ਸਾਹਿਬ ਵਾਸਤੇ ਘਰ ਬਣਾ ਲਿਆ ਸੀ। ਜਦੋਂ ਗੁਰੂ ਸਾਹਿਬ ਨੇ ਉਸ ਨੂੰ ਰਾਣੀ ਚੰਪਾ ਨਾਲ ਕੀਤੇ ਵਾਅਦੇ ਬਾਰੇ ਦੱਸਿਆ ਤਾਂ ਉਹ ਬੜਾ ਦਿਲਗੀਰ ਹੋਇਆ। ਗੁਰੂ ਸਾਹਿਬ ਨੇ ਉਸ ਨਾਲ ਵਾਅਦਾ ਕੀਤਾ ਕਿ ਉਹ ਧਮਤਾਨ 'ਚ ਅਕਸਰ ਆਉਂਦੇ ਰਿਹਾ ਕਰਨਗੇ। ੧੩ ਅਕਤੂਬਰ ੧੬੬੫, ਹਿੰਦੂ-ਦੀਵਾਲੀ ਦੇ ਦਿਨ ਧਮਤਾਨ 'ਚ ਬੜਾ ਵੱਡਾ ਮੇਲਾ ਲੱਗਾ। ਹਜ਼ਾਰਾਂ ਸਿੱਖ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਏ। ੮ ਨਵੰਬਰ ੧੬੬੫ ਦੇ ਦਿਨ ਗੁਰੂ ਸਾਹਿਬ ਬਾਂਗਰ ਦੇਸ਼ ਦੇ ਨੇੜੇ ਰੋਹੀ ਦੇ ਜੰਗਲ ਵਿੱਚ ਸ਼ਿਕਾਰ ਕਰਨ ਵਾਸਤੇ ਗਏ। ਇਥੇ ਆਪ ਨੂੰ ਆਲਮ ਖਾਨ ਰੁਹੇਲਾ ਨੇ ਸ਼ਾਹੀ ਹੁਕਮ ਹੇਠ ਗ੍ਰਿਫ਼ਤਾਰ ਕਰ ਲਿਆ ਅਤੇ ਔਰੰਗਜ਼ੇਬ ਅੱਗੇ ਪੇਸ਼ ਕੀਤਾ। ਔਰੰਗਜ਼ੇਬ ਨੇ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਾਥੀਆਂ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ। ਰਾਜਾ ਜੈ ਸਿਹੁੰ ਮਿਰਜ਼ਾ ਦੇ ਪੁੱਤਰ ਕੁੰਵਰ ਰਾਮ ਸਿਹੁੰ ਨੇ ਬਾਦਸ਼ਾਹ ਨੂੰ ਅਜਿਹਾ ਕਰਨੋਂ ਰੋਕਿਆ। ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਉਸੇ ਦੀ ਮਿਸਲ 'ਚ ਕੈਦ ਰੱਖਣ ਦਾ ਹੁਕਮ ਦੇ ਦਿੱਤਾ। ਕੁੰਵਰ ਨੇ ਗੁਰੂ ਸਾਹਿਬ ਨੂੰ ੧੫ ਜਨਵਰੀ ੧੬੬੬ ਨੂੰ ਰਿਹਾ ਕਰ ਦਿੱਤਾ। ਇੰਞ ਗੁਰੂ ਸਾਹਿਬ ਤਕਰੀਬਨ ਦੋ ਮਹੀਨੇ ਕੈਦ 'ਚ ਰਹੇ। ਰਿਹਾਈ ਮਗਰੋਂ ਗੁਰੂ ਸਾਹਿਬ ਤਿੰਨ ਦਿਨ ਰਾਜਾ ਜੈ ਸਿਹੁੰ ਮਿਰਜ਼ਾ ਦੇ ਘਰ ਰਹੇ ਅਤੇ ਫਿਰ ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਤੇ ਅਸਾਮ ਦੇ ਦੌਰੇ ਤੇ ਨਿਕਲ ਗਏ। ਜੂਨ ੧੬੭੦ ਵਿੱਚ ਗੁਰੂ ਸਾਹਿਬ ਵਾਪਿਸ ਦਿੱਲੀ ਪਹੁੰਚ ਗਏ। ਆਪ ਕੁਝ ਦਿਨ ਰਾਜਾ ਜੈ ਸਿਹੁੰ ਦੇ ਬੰਗਲੇ ਤੇ ਰਹੇ ਤੇ ਫਿਰ ਰੋਹਤਕ, ਕੁਰਖੇਤਰ, ਪਿਹੋਵਾ ਦਾ ਦੌਰਾ ਕਰਨ ਮਗਰੋਂ ਅਗਸਤ ੧੬੭੦ ਦੇ ਆਖਰੀ ਹ਼ਫ਼ਤੇ ਲਖਨੌਰ ਪੁੱਜੇ। ਇੱਥੇ ੨੮ ਅਗਸਤ ੧੬੭੦ ਦੇ ਦਿਨ (ਗੁਰੂ ਗੋਬਿੰਦ ਸਿੰਘ ਸਾਹਿਬ ਦੀ ਦਸਤਾਰਬੰਦੀ ਕੀਤੀ ਗਈ)। ਕੁਝ ਦਿਨ ਲਖਨੌਰ ਰਹਿਣ ਮਗਰੋਂ ਗੁਰੂ ਸਾਹਿਬ ਅੰਬਾਲਾ, ਕਬੂਲਪੁਰ, ਸੈਫਾਬਾਦ, ਲਹਿਲ, ਲੰਗ, ਮੂਲੋਵਾਲ, ਸੇਖਾ, ਠੀਕਰੀਵਾਲ, ਮੱਲਾ, ਕਰਤਾਰਪੁਰ 'ਚੋਂ ਹੁੰਦੇ ਬਕਾਲਾ ਪੁੱਜ ਗਏ। ਆਪ ਨੇ ਅਗਲਾ ਡੇਢ ਸਾਲ ਬਕਾਲਾ ਵਿੱਚ ਹੀ ਬਿਤਾਇਆ। ਇੰਞ ਤਕਰੀਬਨ ਸਵਾ ਛੇ ਸਾਲ ਗੁਰੂ ਸਾਹਿਬ ਆਪਣੇ ਨਵੇਂ ਵਸਾਏ ਨਗਰ "ਚੱਕ ਨਾਨਕੀ" ਵਿੱਚ ਨਾ ਜਾ ਸਕੇ।

ਉਸ ਵੇਲੇ ਚੱਕ ਨਾਨਕੀ ਵਿੱਚ ਕੁਝ ਘਰ ਵੱਸ ਚੁੱਕੇ ਸਨ। ਉਹ ਗੁਰੂ ਸਾਹਿਬ ਦਾ ਇੰਤਜ਼ਾਰ ਕਰ ਰਹੇ ਸਨ। ਉਧਰ ਬਿਲਾਸਪੁਰ ਦੀ ਰਾਣੀ ਚੰਪਾ ਵੀ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਤਾਂਘ ਰਹੀ ਸੀ। ਇਸ ਸਾਰਾ ਕੁਝ ਦੀ ਖ਼ਬਰ ਗੁਰੂ ਸਾਹਿਬ ਨੂੰ ਪਹੁੰਚਦੀ ਰਹਿੰਦੀ ਸੀ। ਤੀਜਾ (ਗੁਰੂ) ਗੋਬਿੰਦ ਸਿੰਘ ਸਾਹਿਬ ਆਪਣੀ ਦਾਦੀ ਜੀ ਦੇ ਨਾਂ

ਤੇ ਵਸੇ ਨਗਰ ਨੂੰ ਵੇਖਣਾ ਚਾਹੁੰਦੇ ਸਨ। ਗੁਰੂ ਸਾਹਿਬ ਨੇ ਮਾਰਚ ੧੬੭੩ ਵਿੱਚ ਚੱਕ ਨਾਨਕੀ ਜਾਣ ਦਾ ਫੈਸਲਾ ਕਰ ਲਿਆ। ਬਕਾਲਾ ਤੋਂ ਕਰਤਾਰਪੁਰ ਹੁੰਦੇ ਹੋਏ ਗੁਰੂ ਸਾਹਿਬ ਮਾਰਚ ੧੬੭੩ ਦੇ ਆਖ਼ਰੀ ਹਫ਼ਤੇ ਵਿੱਚ "ਚੱਕ ਨਾਨਕੀ" ਪਹੁੰਚ ਗਏ। ੨੮ ਮਾਰਚ ਦੇ ਦਿਨ ਵਿਸਾਖ ਦੀ ਪਹਿਲੀ ਦੇ ਮੌਕੇ ਤੇ ਹਜ਼ਾਰਾਂ ਸੰਗਤਾਂ "ਚੱਕ ਨਾਨਕੀ" ਪੁੱਜੀਆਂ। (ਗੁਰੂ ਸਾਹਿਬ ਦੇ ਆਉਣ ਦਾ ਪਤਾ ਲਗਣ ਨਾਲ ਫੇਰ ਰੌਣਕਾਂ ਸ਼ੁਰੂ ਹੋ ਗਈਆਂ ਸਨ ਤੇ ਦੂਰ ਦੂਰ ਤੋਂ ਸੰਗਤਾਂ ਚੱਕ ਨਾਨਕੀ ਆਉਣ ਲੱਗ ਪਈਆਂ ਸਨ)।

ਕੁਝ ਦਿਨ ਮਗਰੋਂ ਰਾਣੀ ਚੰਪਾ ਦਾ ਵਜ਼ੀਰ ਚੱਕ ਨਾਨਕੀ ਆਇਆ ਅਤੇ ਗੁਰੂ ਸਾਹਿਬ ਨੂੰ ਪਰਿਵਾਰ ਸਹਿਤ ਬਿਲਾਸਪੁਰ ਆਉਣ ਦੀ ਅਰਜ਼ ਕੀਤੀ। ਗੁਰੂ ਸਾਹਿਬ ਰਾਣੀ ਨੂੰ ਦਰਸ਼ਨ ਦੇਣ ਵਾਸਤੇ ਬਿਲਾਸਪੁਰ ਗਏ। ਗੁਰੂ ਸਾਹਿਬ ਦੇ ਆਉਣ ਤੇ ਬਿਲਾਸਪੁਰ ਨਗਰ ਨਵੀਂ ਵਹੁਟੀ ਵਾਂਗ ਸਜਾਇਆ ਹੋਇਆ ਸੀ। ਰਾਣੀ ਚੰਪਾ ਖੁਸ਼ੀ ਵਿੱਚ ਫੁੱਲੀ ਨਹੀਂ ਸਮਾ ਰਹੀ ਸੀ। ਰਾਣੀ ਚੰਪਾ ਅਤੇ ਉਸ ਦੇ ਪੁੱਤਰ ਰਾਜਾ ਭੀਮ ਚੰਦ ਨੇ ਗੁਰੂ ਜੀ ਨੂੰ ਸ਼ਾਹੀ 'ਜੀ ਆਇਆਂ' ਆਖਿਆ। ਗੁਰੂ ਸਾਹਿਬ ਉੱਥੇ ਤਿੰਨ ਦਿਨ ਰਹੇ ਅਤੇ ਫੇਰ ਚੱਕ ਨਾਨਕੀ ਪਰਤ ਗਏ।

ਗੁਰੂ ਤੇਗ਼ ਬਹਾਦਰ ਸਾਹਿਬ ਮਾਰਚ ੧੬੭੩ ਦੇ ਆਖਰੀ ਹਫ਼ਤੇ ਤੋਂ ੧੦ ਜੁਲਾਈ ੧੬੭੫ ਤੱਕ ਚੱਕ ਨਾਨਕੀ ਵਿੱਚ ਰਹੇ। ਇਸ ਦੌਰਾਨ ਆਪ ਅਪ੍ਰੈਲ ੧੬੭੩ ਵਿੱਚ ਬਿਲਾਸਪੁਰ ਗਏ। ਇਸ ਮਗਰੋਂ ਫੇਰ ਸਾਰੇ ਪਾਸੇ ਤੋਂ ਸਿੱਖ ਸੰਗਤਾਂ ਚੱਕ ਨਾਨਕੀ ਆਉਣ ਲੱਗ ਪਈਆਂ। ਇਨ੍ਹਾਂ ਦਿਨਾਂ ਵਿੱਚ ਹੀ ਲਾਹੌਰ ਤੋਂ ਭਾਈ ਹਰਿਜਸ ਸੁਭਿੱਖੀ ਵੀ ਦਰਸ਼ਨਾਂ ਵਾਸਤੇ ਆਇਆ। ਉਸ ਦੀ ਬੇਟੀ ਬੀਬੀ ਜੀਤਾਂ (ਜੀਤ ਕੌਰ) ਦੀ ਮੰਗਣੀ (ਗੁਰੂ) ਗੋਬਿੰਦ ਸਿੰਘ ਸਾਹਿਬ ਨਾਲ ੧੨ ਮਈ ੧੬੭੩ ਦੇ ਦਿਨ ਕੀਤੀ ਗਈ। ਇਨ੍ਹੀਂ ਦਿਨੀਂ ਹੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਭਾਈ ਬਜਰ ਸਿੰਘ (ਪੁੱਤਰ ਭਾਈ ਰਾਮਾ) ਨੂੰ (ਗੁਰੂ) ਗੋਬਿੰਦ ਸਿੰਘ ਸਾਹਿਬ ਨੂੰ ਸ਼ਸਤਰ ਚਲਾਉਣ ਤੇ ਘੋੜ ਸਵਾਰੀ ਸਿਖਾਉਣ ਵਾਸਤੇ ਤਾਇਨਾਤ ਕੀਤਾ। ੧੬੭੩ ਵਿੱਚ ਹੀ ਭਾਈ ਆਲਮ ਚੰਦ ਨੱਚਣਾ (ਪੁੱਤਰ ਭਾਈ ਦੁਰਗਾ ਦਾਸ ਮਸੰਦ) ਚੱਕ ਨਾਨਕੀ ਵਿੱਚ ਆਇਆ। ਚੱਕ ਨਾਨਕੀ ਵਿੱਚ ਹਰ ਰੋਜ਼ ਦੂਰ ਦੁਰਾਡੇ ਤੋਂ ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਉਣ ਲੱਗ ਪਈਆਂ।

ਕਸ਼ਮੀਰੀ ਬ੍ਰਾਹਮਣਾਂ ਦਾ ਚੱਕ ਨਾਨਕੀ ਵਿਖੇ ਆਉਣਾ

੨੫ ਮਈ ੧੬੭੫ ਦੇ ਦਿਨ, ਹੋਰਨਾਂ ਤੋਂ ਇਲਾਵਾ, ਕਸ਼ਮੀਰ ਦੇ ੧੭ ਬ੍ਰਾਹਮਣਾਂ ਦਾ ਇੱਕ ਜਥਾ ਵੀ ਚੱਕ ਨਾਨਕੀ ਆਇਆ। ਇਨ੍ਹਾਂ ਦਾ ਆਗੂ ਮਟਨ ਵਾਸੀ ਭਾਈ ਕਿਰਪਾ ਰਾਮ ਦੱਤ (ਜੋ ਮਗਰੋਂ ਕਿਰਪਾ ਸਿੰਘ ਬਣਿਆ), ਪੁੱਤਰ ਭਾਈ ਅੜੂ ਰਾਮ ਦੱਤ, ਵੀ ਸੀ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਕਸ਼ਮੀਰ ਦਾ ਮੁਸਲਮਾਨ ਹਾਕਮ ਸਾਡੇ ਲੋਕਾਂ ਨੂੰ ਜਬਰੀ ਮੁਸਲਮਾਨ ਬਣਾ ਰਿਹਾ ਹੈ। ਸਾਡੀ ਕਿਸੇ ਨੇ ਫ਼ਰਿਆਦ

ਨਹੀਂ ਸੁਣੀ। ਸਿਰਫ ਗੁਰੂ ਨਾਨਕ ਸਾਹਿਬ ਦੇ ਘਰ 'ਚੋਂ ਹੀ ਸਾਨੂੰ ਮਦਦ ਦੀ ਉਮੀਦ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਉਨ੍ਹਾਂ ਨੂੰ ਧੀਰਜ ਦਿੱਤਾ ਅਤੇ ਆਖਿਆ ਕਿ ਵਾਹਿਗੁਰੂ ਤੁਹਾਡੀ ਮਦਦ ਕਰੇਗਾ। ਕੁਝ ਪਲ ਮਗਰੋਂ ਗੁਰੂ ਸਾਹਿਬ ਨੇ ਆਖਿਆ ਕਿ ਸਿਰ ਦਿੱਤੇ ਬਿਨਾਂ ਇਸ ਨਿਸ਼ਾਨੇ 'ਚ ਕਾਮਯਾਬੀ ਨਹੀਂ ਮਿਲਣੀ।

੮ ਜੁਲਾਈ ੧੬੭੫ ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਨੇ (ਗੁਰੂ) ਗੋਬਿੰਦ ਸਿੰਘ ਸਾਹਿਬ ਨੂੰ ਗੁਰਗੱਦੀ ਦੇਣ ਦੀ ਰਸਮ ਅਦਾ ਕੀਤੀ ਅਤੇ ਆਖਿਆ ਕਿ ਮੈਂ ਕਸ਼ਮੀਰੀ ਪੰਡਿਤਾਂ ਦੀ ਫਰਿਆਦ ਲੈ ਕੇ ਔਰੰਗਜ਼ੇਬ ਨੂੰ ਦਿੱਲੀ ਜਾ ਕੇ ਮਿਲਾਂਗਾ। ਇਸ ਤੋਂ ਦੋ ਦਿਨ ਮਗਰੋਂ ਆਪ ਚੱਕ ਨਾਨਕੀ ਤੋਂ ਦਿੱਲੀ ਵਾਸਤੇ ਚਲ ਪਏ। ਆਪ ਦੇ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਦਾਸ, ਭਾਈ ਊਦਾ ਤੇ ਭਾਈ ਗੁਰਦਿਤਾ ਵੀ ਸਨ। ਭਾਈ ਊਦਾ ਤੇ ਭਾਈ ਗੁਰਦਿਤਾ ਸਿੱਧੇ ਦਿੱਲੀ ਚਲੇ ਗਏ ਤੇ ਬਾਕੀ ਤਿੰਨੇ ਗੁਰੂ ਸਾਹਿਬ ਦੇ ਨਾਲ ਰਹੇ। ਚੱਕ ਨਾਨਕੀ ਵਿੱਚ ਗੁਰੂ ਸਾਹਿਬ ਦਾ ਇਹ ਆਖ਼ਰੀ ਦਿਨ ਸੀ। ਮਗਰੋਂ ੧੧ ਨਵੰਬਰ ੧੬੭੫ ਦੇ ਦਿਨ ਆਪ ਨੂੰ ਦਿੱਲੀ ਵਿੱਚ ਸ਼ਹੀਦ ਕਰ ਦਿੱਤਾ ਗਿਆ। ਗੁਰੂ ਸਾਹਿਬ ਦੇ ਧੜ ਦਾ ਸੰਸਕਾਰ ਭਾਈ ਲੱਖੀ ਰਾਏ ਯਾਦਵ (ਵਣਜਾਰਾ) ਨੇ ਆਪਣੇ ਘਰ ਨੂੰ ਅੱਗ ਭੇਂਟ ਕਰ ਕੇ ਕੀਤਾ। ਗੁਰੂ ਤੇਗ਼ ਬਹਾਦਰ ਦਾ ਸੀਸ ਭਾਈ ਜੈਤਾ (ਜੀਵਨ ਸਿੰਘ), ਭਾਈ ਨਾਨੂ ਤੇ ਭਾਈ ਊਦਾ ਦਿੱਲੀ ਤੋਂ ਲੈ ਕੇ ੧੬ ਨਵੰਬਰ ੧੬੭੫ ਦੇ ਦਿਨ ਕੀਰਤਪੁਰ ਪੁੱਜੇ ਅਤੇ ਅਗਲੇ ਦਿਨ ਆਪ ਦੇ ਸੀਸ ਦਾ ਸੰਸਕਾਰ ਚੱਕ ਨਾਨਕੀ ਵਿੱਚ ਕੀਤਾ ਗਿਆ। ਜਿਸ ਜਗਹ ਗੁਰੂ ਸਾਹਿਬ ਦੇ ਸੀਸ ਦਾ ਸੰਸਕਾਰ ਕੀਤਾ ਗਿਆ ਉੱਥੇ ਗੁਰਦੁਆਰਾ "ਸੀਸ ਗੰਜ" ਬਣਿਆ ਹੋਇਆ ਹੈ।

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਮਗਰੋਂ

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਮਗਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖ ਪੰਥ ਦੀ ਵਾਗ ਡੋਰ ਸੰਭਾਲੀ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਨੇ ਸਿੱਖਾਂ ਵਿੱਚ ਬੜਾ ਰੋਹ ਭਰਿਆ ਪਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਉਨ੍ਹਾਂ ਨੂੰ ਇਕ ਦਮ ਜਵਾਬੇ-ਅਮਲ ਦੇਣ ਤੋਂ ਰੋਕਿਆ। ਇਸ ਸਾਰੇ ਕਾਰਜ ਤੋਂ ਪਹਿਲਾਂ ਗੁਰੂ ਜੀ ਸਿੱਖ ਫ਼ੌਜ ਨੂੰ ਪੂਰੀ ਤਰ੍ਹਾਂ ਤਿਆਰ ਕਰਨਾ ਚਾਹੁੰਦੇ ਸਨ। ਗੁਰੂ ਸਾਹਿਬ ਨੇ ਵੱਖ-ਵੱਖ ਇਲਾਕਿਆਂ ਵਿੱਚ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਜਥੇਬੰਦ ਕੀਤਾ। ਇਸ ਦੌਰਾਨ ਲਾਹੌਰ ਤੋਂ ਭਾਈ ਹਰਿਜਸ ਸੁਭਿਖੀ ਨੇ ਗੁਰੂ ਸਾਹਿਬ ਦੀ ਸ਼ਾਦੀ ਵਾਸਤੇ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ। ਉਸ ਦੀ ਚਾਹ ਸੀ ਕਿ ਗੁਰੂ ਸਾਹਿਬ ਬਰਾਤ ਲੈ ਕੇ ਲਾਹੌਰ ਆਉਣ। ਇਸ ਕਰ ਕੇ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਤੋਂ ੧੧ ਕੁ ਕਿਲੋਮੀਟਰ ਦੂਰ "ਗੁਰੂ ਕਾ ਲਾਹੌਰ" ਦੀ ਨੀਂਹ ਰੱਖੀ। ੨੧ ਜੂਨ ੧੬੭੭ ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਵਿਆਹ ਇਸ ਜਗਹ ਤੇ ਹੋਇਆ। (ਗੁਰੂ ਕਾ ਲਾਹੌਰ ਵਿੱਚ ਉਸ ਯਾਦ ਸੰਬੰਧੀ ਗੁਰਦੁਆਰੇ ਬਣੇ ਹੋਏ ਹਨ)।

੧੬੭੮ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕਰਵਾਉਣਾ ਸ਼ੁਰੂ ਕਤਿਾ। ਉਸ ਵਕਤ ਗੁਰੂ ਗ੍ਰੰਥ ਸਾਹਿਬ ਦੀ "ਆਦਿ ਬੀੜ" ਧੀਰ ਮੱਲੀਆਂ ਕੋਲ ਸੀ। ਧੀਰ ਮੱਲ ੧੬ ਨਵੰਬਰ ੧੬੭੭ ਦੇ ਦਿਨ ਕੈਦ ਵਿੱਚ ਮਰ ਚੁੱਕਾ ਸੀ ਤੇ ਉਸ ਦੇ ਵੱਡੇ ਪੁੱਤਰ ਰਾਮ ਚੰਦ ਨੂੰ ੨੪ ਜੁਲਾਈ ੧੬੭੮ ਦੇ ਦਿਨ ਔਰੰਗਜ਼ੇਬ ਨੇ ਕਤਲ ਕਰਵਾ ਦਿੱਤਾ ਸੀ। ਰਾਮ ਚੰਦ ਮਗਰੋਂ ਉਸ ਦਾ ਛੋਟਾ ਭਰਾ ਭਾਰ ਮੱਲ ਧੀਰ ਮੱਲ ਦਾ ਵਾਰਿਸ ਬਣਿਆ। ਅਗਸਤ ੧੬੭੮ ਵਿੱਚ ਰਾਮ ਚੰਦ ਦੀ ਅੰਤਿਮ ਰਸਮ ਤੇ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਬਕਾਲਾ ਭੇਜਿਆ। ਰਸਮ ਪੂਰੀ ਹੋਣ ਮਗਰੋਂ ਭਾਈ ਮਨੀ ਸਿੰਘ ਨੇ ਭਾਰ ਮੱਲ ਨੂੰ ਆਖਿਆ ਕਿ ਗੁਰੂ ਸਾਹਿਬ ਨਵਾਂ ਸਰੂਪ ਤਿਆਰ ਕਰਨਾ ਚਾਹੁੰਦੇ ਹਨ ਇਸ ਕਰ ਕੇ ਉਹ ਕੁਝ ਦਿਨਾਂ ਵਾਸਤੇ 'ਆਦਿ ਬੀੜ' ਦੇ ਦੇਵੇ। ਭਾਰ ਮੱਲ ਨੇ 'ਆਦਿ ਬੀੜ' ਚੱਕ ਨਾਨਕੀ ਭੇਜਣ ਵਾਸਤੇ ਅਸਿੱਧੇ ਤਰੀਕੇ ਨਾਲ ਨਾਂਹ ਕਰ ਦਿੱਤੀ ਅਤੇ ਆਖਿਆ ਕਿ ਗੁਰੂ ਸਾਹਿਬ ਕਿਸੇ ਨੂੰ ਕਰਤਾਰਪੁਰ ਭੇਜ ਕੇ ਆਦਿ ਬੀੜ ਦਾ ਉਤਾਰਾ ਕਰਵਾ ਲੈਣ।

ਫ਼ੌਜ ਦੀ ਤਿਆਰੀ ਤੇ "ਰਣਜੀਤ ਨਗਾਰਾ"

ਹੁਣ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖ ਪ੍ਰਚਾਰ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਆਉਂਦੇ ਦਿਨਾਂ ਵਿੱਚ ਪੈਦਾ ਹੋਣ ਵਾਲੇ ਮਸਲਿਆਂ ਨੂੰ ਸਾਹਵੇਂ ਰੱਖਦਿਆਂ ਗੁਰੂ ਸਾਹਿਬ ਨੇ ਚੱਕ ਨਾਨਕੀ ਵਿੱਚ ਖਾਲਸਾ ਫ਼ੌਜ ਦੀ ਤਿਆਰੀ ਵੀ ਸ਼ੁਰੂ ਕਰ ਦਿੱਤੀ। ਬਹੁਤ ਸਾਰੇ ਨੌਜਵਾਨ ਗੁਰੂ ਸਾਹਿਬ ਦੀ ਸੇਵਾ ਵਿੱਚ ਹਾਜ਼ਿਰ ਹੋ ਗਏ। ਉਨ੍ਹਾਂ ਨੂੰ ਹਰ ਤਰ੍ਹਾਂ ਦੀ ਫ਼ੌਜੀ ਸਿਖਲਾਈ ਦਿੱਤੀ ਗਈ। ਫ਼ਰਵਰੀ ਵਿੱਚ ਗੁਰੂ ਸਾਹਿਬ ਨੇ ਇੱਕ ਨਗਾਰਾ ਵੀ ਤਿਆਰ ਕਰਵਾਉਣਾ ਸ਼ੁਰੂ ਕਰ ਦਿੱਤਾ। ਮਾਰਚ ੧੬੮੦ ਦੇ ਸ਼ੁਰੂ ਵਿੱਚ ਇਹ "ਰਣਜੀਤ ਨਗਾਰਾ" ਤਿਆਰ ਹੋ ਗਿਆ। ਪੰਜ ਮਾਰਚ ੧੬੮੦ ਤੋਂ ਹਰ ਦੀਵਾਨ ਦੇ ਮੌਕੇ ਤੇ ਇਹ ਨਗਾਰਾ ਵਜਾਇਆ ਜਾਣ ਲੱਗ ਪਿਆ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮਨਾਮੇ ਭੇਜੇ ਤੇ ਆਖਿਆ ਕਿ ਜਿਹੜਾ ਸਿੱਖ ਵੀ ਚੱਕ ਨਾਨਕੀ ਆਵੇ ਉਹ ਆਪਣੇ ਨਾਲ ਚੰਗੀਆਂ ਕਿਤਾਬਾਂ, ਚੰਗੇ ਘੋੜੇ ਤੇ ਹਥਿਆਰਾਂ ਦੀ ਭੇਟਾ ਲੈ ਕੇ ਆਵੇ। ਆਉਣ ਵਾਲੇ ਸਾਲਾਂ ਵਿੱਚ ਚੱਕ ਨਾਨਕੀ ਵਿੱਚ ਵਧੀਆ ਤੋਂ ਵੱਧੀਆ ਕਿਤਾਬਾਂ, ਵਧੀਆ ਨਸਲ ਦੇ ਘੋੜੇ ਅਤੇ ਹਰ ਤਰ੍ਹਾਂ ਦੇ ਹਥਿਆਰ ਪਹੁੰਚ ਚੁੱਕੇ ਸਨ।

ਤ੍ਰਿਪੁਰਾ ਦੇ ਰਾਜੇ ਦਾ ਚੱਕ ਨਾਨਕੀ ਆਉਣਾ

ਜਦੋਂ ੧੬੬੭ ਦੇ ਸ਼ੁਰੂ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਰਾਜਾ ਰਾਮ ਸਿੰਹੁ ਦੇ ਨਾਲ ਅਸਾਮ ਗਏ ਤਾਂ ਉੱਥੇ ਤ੍ਰਿਪੁਰਾ ਤੇ ਜੈਂਤੀਆ ਦਾ ਰਾਜਾ ਰਾਮ ਸਿੰਹੁ ਵੀ ਗੁਰੂ ਸਾਹਿਬ ਨੂੰ ਮਿਲਿਆ। ਉਸ ਦੀ ਸ਼ਾਦੀ ਨੂੰ ਕਾਫ਼ੀ ਸਾਲ ਹੋ ਗਏ ਸਨ ਪਰ ਉਸ ਦੇ ਘਰ ਕੋਈ ਬੱਚਾ ਨਹੀਂ ਸੀ ਹੋਇਆ। ਉਸ ਨੇ ਗੁਰੂ ਸਾਹਿਬ ਤੋਂ ਅਸ਼ੀਰਵਾਦ

ਮੰਗੀ। ਗੁਰੂ ਸਾਹਿਬ ਨੇ ਉਸ ਨੂੰ ਕਿਹਾ ਕਿ ਉਹ ਸੱਚੇ ਦਿਲੋਂ ਵਾਹਿਗੁਰੂ ਅੱਗੇ ਅਰਦਾਸ ਕਰੇ ਤਾਂ ਉਸ ਦੀ ਮੁਰਾਦ ਜ਼ਰੂਰ ਪੂਰੀ ਹੋਵੇਗੀ। ਸਾਲ ਦੇ ਅਖ਼ੀਰ 'ਚ ਰਾਜਾ ਰਾਮ ਸਿਹੁੰ ਦੇ ਘਰ ਬੇਟਾ ਪੈਦਾ ਹੋਇਆ। ਉਸ ਨੇ ਉਸ ਦਾ ਨਾਂ ਰਤਨ ਰਾਏ ਰਖਿਆ। ੧੬੮੦ ਵਿੱਚ ਰਾਜਾ ਰਾਮ ਸਿਹੁੰ ਦੀ ਮੌਤ ਹੋ ਗਈ। ਹੁਣ ਤ੍ਰਿਪੁਰਾ ਦੀ ਗੱਦੀ ਤੇ ਰਤਨ ਰਾਏ (ਉਸ ਦਾ ਨਾਂ ਰਤਨ ਮਨੀਕਯਾ ਵੀ ਲਿਖਿਆ ਮਿਲਦਾ ਹੈ) ਬੈਠਾ। ਰਾਜਾ ਰਤਨ ਰਾਏ ਦੀ ਮਾਂ ਨੇ ਉਸ ਨੂੰ ਸਿੱਖ ਧਰਮ ਦੀ ਸਿੱਖਿਆ ਦਿੱਤੀ। ਇਕ ਦਿਨ ਰਤਨ ਰਾਏ ਨੇ ਆਪਣੀ ਮਾਂ ਨੂੰ ਕਿਹਾ ਕਿ ਜਿਸ ਗੁਰੂ ਸਾਹਿਬ ਦੀ ਅਸ਼ੀਰਵਾਦ ਨਾਲ ਉਸ ਦਾ ਜਨਮ ਹੋਇਆ ਸੀ ਉਹ ਉਨ੍ਹਾਂ ਦੇ ਦਰਸ਼ਨ ਕਰਨੇ ਚਾਹੁੰਦਾ ਹੈ। ਉਸ ਦੀ ਮਾਂ ਨੇ ਉਸ ਨੂੰ ਦਸਿਆ ਕਿ ਗੁਰੂ ਸਾਹਿਬ ਤਾਂ ੧੬੭੫ ਵਿੱਚ ਸ਼ਹੀਦ ਕਰ ਦਿੱਤੇ ਗਏ ਸਨ। ਜਦੋਂ ਰਤਨ ਰਾਏ ਨੂੰ ਗੁਰੂ ਸਾਹਿਬ ਦੀ ਸ਼ਹੀਦੀ ਦਾ ਪਤਾ ਲਗਾ ਤਾਂ ਉਹ ਫੁਟ-ਫੁਟ ਕੇ ਰੋ ਪਿਆ। ਉਸ ਦੀ ਮਾਂ ਨੇ ਉਸ ਨੂੰ ਹੌਸਲਾ ਦਿੱਤਾ ਤੇ ਦਸਿਆ ਕਿ ਭਾਵੇਂ ਨੌਂਵੇਂ ਗੁਰੂ ਜਿਸਮਾਨੀ ਤੌਰ ਤੇ ਹਾਜ਼ਿਰ ਨਹੀਂ ਹਨ ਪਰ ਉਨ੍ਹਾਂ ਦੀ ਰੂਹ ਉਨ੍ਹਾਂ ਦੇ ਬੇਟੇ ਦਸਵੇਂ ਨਾਨਕ ਵਿੱਚ ਪ੍ਰਕਾਸ਼ ਕਰਦੀ ਹੈ। ਇਸ ਤੇ ਰਾਜਾ ਰਤਨ ਰਾਏ ਨੇ ਆਪਣੀ ਮਾਂ ਨੂੰ ਆਖਿਆ ਕਿ ਉਹ ਦਸਵੇਂ ਗੁਰੂ ਸਾਹਿਬ ਦੇ ਦਰਸ਼ਨ ਕਰਨੇ ਚਾਹੁੰਦਾ ਹੈ।

ਰਤਨ ਰਾਏ ਨੇ ਚੱਕ ਨਾਨਕੀ ਆਉਣ ਵਾਸਤੇ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ ਉਸ ੧੨ ਸਾਲ ਦੇ ਬਾਲਕ ਨੇ ਕੁਝ ਤੋਹਫ਼ੇ ਲਿਜਾਣ ਬਾਰੇ ਸੋਚਿਆ। ਇਨ੍ਹਾਂ ਤੋਹਫ਼ਿਆਂ ਵਿੱਚ ਇਕ ਹਾਥੀ ਵੀ ਸੀ। ਇਹ ਹਾਥੀ ਕੋਲੇ ਵਰਗੇ ਕਾਲੇ ਰੰਗ ਦਾ ਸੀ ਤੇ ਇਸ ਦੀ ਸੁੰਡ ਤੋਂ ਪੂਛ ਤਕ ਇਕ ਸਫ਼ੇਦ ਧਾਰੀ ਸੀ। ਰਤਨ ਰਾਏ ਨੇ ਇਕ ਪੰਚਕਲਾ ਹਥਿਆਰ ਵੀ ਤਿਆਰ ਕਰਵਾਇਆ। ਇਸ ਦੀ ਕਲਾ ਮਰੋੜਨ ਨਾਲ ਇਹ ਪਸਤੌਲ, ਗੁਰਜ, ਬਰਛੀ, ਤਲਵਾਰ ਤੇ ਨੇਜ਼ਾ ਬਣ ਜਾਂਦਾ ਸੀ। ਇਕ ਚੰਨਣ ਦੀ ਚਾਰ ਪੁਤਲੀਆਂ ਵਾਲੀ ਚੌਂਕੀ, ਸੋਨੇ ਦਾ ਚਿਤਰਦਾਰ ਕਟੋਰਾ, ਜਿਗਹ, ਕਲਗੀ, ਮੋਤੀਆਂ ਦੀ ਖ਼ੂਬਸੂਰਤ ਮਾਲਾ ਵੀ ਤਿਆਰ ਕਰਵਾਈ। ਇਹ ਸਾਰੀਆਂ ਚੀਜ਼ਾਂ ਇਕੱਠੀਆਂ ਕਰਨ ਦੇ ਨਾਲ-ਨਾਲ ਰਤਨ ਰਾਏ ਨੇ ਪਰਸਾਦੀ ਹਾਥੀ ਨੂੰ ਕਈ ਤਰ੍ਹਾਂ ਦੀ ਸਿਖਲਾਈ ਵੀ ਦਿੱਤੀ।

ਰਾਜਾ ਰਤਨ ਰਾਏ ਆਪਣੀ ਮਾਂ ਤੇ ਕੁਝ ਦਰਬਾਰੀਆਂ ਨੂੰ ਲੈ ਕੇ ੧੨ ਅਕਤੂਬਰ ੧੬੮੦ ਦੇ ਦਿਨ ਚੱਕ ਨਾਨਕੀ ਪੁੱਜਾ। ਉਹ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕਰ ਕੇ ਬਹੁਤ ਖੁਸ਼ ਹੋਇਆ। ਉਸ ਵੇਲੇ ਰਤਨ ਰਾਏ ੧੨ ਸਾਲ ਦਾ ਸੀ। ਰਤਨ ਰਾਏ ਨੇ ਆਪਣੇ ਤੋਹਫ਼ੇ ਗੁਰੂ ਸਾਹਿਬ ਨੂੰ ਭੇਟ ਕੀਤੇ। ਜਦੋਂ ਉਸ ਨੇ ਹਾਥੀ ਨੂੰ ਨੇੜੇ ਲਿਆਂਦਾ ਤਾਂ ਹਾਥੀ ਨੇ ਆਪਣੀ ਸੁੰਡ ਨਾਲ ਜੱਗ ਚੁੱਕ ਕੇ ਗੁਰੂ ਸਾਹਿਬ ਦੇ ਪੈਰ ਧੋਤੇ। ਫਿਰ ਤੌਲੀਏ ਨਾਲ ਗੁਰੂ ਸਾਹਿਬ ਦੇ ਪੈਰ ਪੂੰਝੇ ਤੇ ਉਨ੍ਹਾਂ ਦੇ ਮੌਜੇ ਸਿੱਧੇ ਕਰ ਕੇ ਰੱਖੇ। ਇਸ ਮਗਰੋਂ ਹਾਥੀ ਨੇ ਆਪਣੀ ਸੁੰਡ ਨਾਲ ਗੁਰੂ ਸਾਹਿਬ ਦੇ ਸਿਰ ਤੇ ਚੌਰ ਤੇ ਪੱਖਾ ਝੁਲਾਏ। ਜਦੋਂ ਗੁਰੂ ਸਾਹਿਬ ਨੇ ਇਕ ਤੀਰ ਚਲਾਇਆ ਤਾਂ ਹਾਥੀ

ਉਸ ਤੀਰ ਨੂੰ ਚੁਕ ਲਿਆਇਆ। ਸ਼ਾਮਾਂ ਵੇਲੇ ਹਾਥੀ ਨੇ ਆਪਣੀ ਸੁੰਡ ਨਾਲ ਜਲਦੀ ਮਿਸ਼ਾਲ ਚੁੱਕ ਕੇ ਗੁਰੂ ਸਾਹਿਬ ਨੂੰ ਰਾਹ ਦਿਖਾਇਆ ਅਤੇ ਹੋਰ ਅਨੇਕਾਂ ਕਰਤਬ ਦਿਖਾਏ। ਰਤਨ ਰਾਏ ਨੇ ਪੰਚ ਕਲਾ ਸ਼ਸਤਰ ਵੀ ਗੁਰੂ ਸਾਹਿਬ ਨੂੰ ਚਲਾ ਕੇ ਦਿਖਾਇਆ।

ਰਾਜਾ ਰਤਨ ਰਾਏ ਨੇ ਗੁਰੂ ਸਾਹਿਬ ਤੋਂ ਸਿੱਖੀ ਦੀ ਦਾਤ ਮੰਗੀ। ਰਤਨ ਰਾਏ ਚੱਕ ਨਾਨਕੀ ਵਿੱਚ ਏਨਾ ਖੁਸ਼ ਸੀ ਕਿ ਉਸ ਦਾ ਵਾਪਿਸ ਤ੍ਰਿਪੁਰਾ ਜਾਣ ਨੂੰ ਦਿਲ ਨਹੀਂ ਕਰਦਾ ਸੀ। ਅਖ਼ੀਰ ਪੰਜ ਮਹੀਨੇ ਬੀਤ ਜਾਣ ਮਗਰੋਂ ਗੁਰੂ ਸਾਹਿਬ ਨੇ ਉਸ ਨੂੰ ਆਖਿਆ ਕਿ ਉਹ ਵਾਪਿਸ ਤ੍ਰਿਪੁਰਾ ਜਾ ਕੇ ਆਪਣੀ ਰਿਆਸਤ ਦੀ ਵਾਗ ਡੋਰ ਸੰਭਾਲੇ। ਜਾਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਉਸ ਨੂੰ ਕਈ ਕੀਮਤੀ ਤੋਹਫ਼ੇ ਦਿੱਤੇ।

ਚੱਕ ਨਾਨਕੀ 'ਚ ਕਵੀ ਤੇ ਵਿਦਵਾਨ

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਿੱਥੇ ਚੰਗੀ ਫ਼ੌਜ, ਚੰਗੇ ਘੋੜੇ, ਚੰਗੇ ਹਥਿਆਰ ਇਕੱਠੇ ਕਰ ਲਏ ਸਨ ਅਤੇ "ਰਣਜੀਤ ਨਗਾਰਾ" ਵਜਾਉਣਾ ਸ਼ੁਰੂ ਕਰ ਦਿੱਤਾ ਸੀ ਉਥੇ ਚੱਕ ਨਾਨਕੀ ਨੂੰ ਵਿਦਵਾਨਾਂ, ਸ਼ਾਇਰਾਂ ਅਤੇ ਫ਼ਨਕਾਰਾਂ ਦਾ ਸੈਂਟਰ ਵੀ ਬਣਾ ਲਿਆ ਸੀ। ਗੁਰੂ ਸਾਹਿਬ ਦੇ ਦਰਬਾਰ ਵਿੱਚ ਅੰਮ੍ਰਿਤ ਰਾਏ ਅਤੇ ਭਾਈ ਨੰਦ ਲਾਲ ਵਰਗੇ ਕਮਾਲ ਦੇ ਸ਼ਾਇਰ ਵੀ ਆ ਚੁੱਕੇ ਸਨ। ਭਾਈ ਨੰਦ ਲਾਲ ਚੱਕ ਨਾਨਕੀ ਵਿੱਚ ਮਾਰਚ ੧੬੮੨ ਵਿੱਚ ਆਇਆ ਸੀ। ਇਸ ਮਗਰੋਂ ਹੋਰ ਵੀ ਦਰਜਨਾਂ ਸ਼ਾਇਰ ਤੇ ਕਲਾਕਾਰ ਗੁਰੂ ਸਾਹਿਬ ਦੇ ਦਰਬਾਰ 'ਚ ਸ਼ਾਮਿਲ ਹੋਏ ਸਨ। ਤਕਰੀਬਨ ਤਿੰਨ ਸਾਲ ਚੱਕ ਨਾਨਕੀ ਵਿੱਚ ਫ਼ੌਜੀ ਮਸ਼ਕਾਂ ਅਤੇ ਕਵੀ ਦਰਬਾਰ ਨਾਲੋ ਨਾਲ ਚਲਦੇ ਰਹੇ। ਗੁਰੂ ਸਾਹਿਬ ਕੋਲ ੫੨ ਕਵੀ ਤੇ ਬਹੁਤ ਸਾਰੇ ਹੋਰ ਫ਼ਨਕਾਰ ਹਾਜ਼ਿਰ ਸਨ। ਇਸ ਦੌਰਾਨ ੨੧ ਫਰਵਰੀ ੧੬੮੩ ਦੇ ਦਿਨ ਗੁਰੂ ਸਾਹਿਬ ਨੇ ਚੱਕ ਨਾਨਕੀ ਵਿਚ ਹੋਲ ਮਹੱਲਾ ਮਨਾਇਆ। ਇਸ ਮੌਕੇ ਤੇ ਘੋੜ ਦੌੜ, ਕੁਸ਼ਤੀਆਂ, ਗਤਕਾ ਅਤੇ ਮਸਨੂਹੀ ਲੜਾਈਆਂ ਦੇ ਮੁਕਾਬਲੇ ਕਰਵਾਏ ਗਏ। ਇਸ ਰਸਮ ਨੂੰ ਹੋਲੀ ਤੋਂ ਅਗਲੇ ਦਿਨ ਸ਼ੁਰੂ ਕਰਨ ਦਾ ਮਕਸਦ ਇਕ ਪਾਸੇ ਤਾਂ ਸਿੱਖਾਂ ਨੂੰ ਹੋਲੀ ਵਿੱਚ ਰੰਗ ਪਾਉਣ ਦੀ ਬੇਮਾਅਨਾ ਰਸਮ ਤੋਂ ਹਟਾਉਣਾ ਸੀ ਤੇ ਦੂਜੇ ਪਾਸੇ ਉਨ੍ਹਾਂ ਨੂੰ ਜਿਸਮਾਨੀ ਤੇ ਫ਼ੌਜੀ ਪੱਖੋਂ ਤਕੜੇ ਕਰਨਾ ਵੀ ਸੀ।

ਪਾਉਂਟਾ ਸਾਹਿਬ ਦੀ ਨੀਂਹ ਰੱਖਣਾ

੧੬੮੫ ਦੇ ਸ਼ੁਰੂ ਵਿੱਚ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਨੇ ਗੁਰੂ ਸਾਹਿਬ ਨੂੰ ਆਪਣੀ ਰਿਆਸਤ ਵਿੱਚ ਦਰਸ਼ਨ ਦੇਣ ਦੀ ਅਰਜ਼ ਕੀਤੀ। ੧੪ ਅਪ੍ਰੈਲ ੧੬੮੫ ਦੇ ਦਿਨ ਗੁਰੂ ਸਾਹਿਬ ਨਾਹਨ ਪੁੱਜੇ। ਨਾਹਨ ਦੇ ਰਾਜੇ ਨੇ ਗੁਰੂ ਸਾਹਿਬ ਨੂੰ ਤਹਿ-ਦਿਲੋਂ "ਜੀ ਆਇਆਂ" ਆਖਿਆ। ਗੁਰੂ ਸਾਹਿਬ ਕੁਝ ਦਿਨ ਨਾਹਨ ਦੇ ਰਾਜੇ ਦੇ ਮਹੱਲ ਵਿੱਚ ਠਹਿਰੇ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਰਾਜੇ

ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਉਸ ਦੀ ਰਿਆਸਤ ਵਿਚ ਨਿਵਾਸ ਰੱਖਣ। ਗੁਰੂ ਸਾਹਿਬ ਨੇ ਉਸ ਦੇ ਜਜ਼ਬਾਤ ਵੇਖਦੇ ਹੋਏ ਰਿਆਸਤ ਦਾ ਦੌਰਾ ਕੀਤਾ ਅਤੇ ਦਰਿਆ ਜਮਨਾ ਦੇ ਕੰਢੇ ਮੌਜੂਦਾ ਪਾਂਵਟਾ ਵਾਲੀ ਜਗਹ ਤੇ ਨਵਾਂ ਨਗਰ ਵਸਾਉਣ ਦਾ ਫੈਸਲਾ ਕੀਤਾ। ਪਾਂਵਟਾ ਦੀ ਨੀਂਹ ਗੁਰੂ ਸਾਹਿਬ ਨੇ ੨੯ ਅਪ੍ਰੈਲ ੧੬੮੫ ਦੇ ਦਿਨ ਦੀਵਾਨ ਨੰਦ ਚੰਦ ਕੋਲੋਂ ਅਰਦਾਸ ਕਰਵਾ ਕੇ ਭਾਈ ਰਾਮ ਕੁੰਵਰ (ਅੰਮ੍ਰਿਤ ਛਕਣ ਮਗਰੋਂ ਭਾਈ ਗੁਰਬਖਸ਼ ਸਿੰਘ) ਦੇ ਹੱਥੋਂ ਰਖਵਾਈ। ਗੁਰੂ ਸਾਹਿਬ ਅਗਲੇ ਤਿੰਨ ਸਾਲ ਪੰਜ ਮਹੀਨੇ ਪਾਉਂਟਾ ਸਾਹਿਬ ਵਿੱਚ ਠਹਿਰੇ। ਇੱਥੇ ਰਹਿੰਦਿਆਂ ੧੮ ਸਿਤੰਬਰ ੧੬੮੮ ਦੇ ਦਿਨ ਗੁਰੂ ਸਾਹਿਬ ਨੂੰ ਭੰਗਾਣੀ ਵਿੱਚ ਗੜ੍ਹਵਾਲ ਦੇ ਰਾਜੇ ਫ਼ਤਹਿ ਸ਼ਾਹ ਦੀਆਂ ਫ਼ੌਜਾਂ ਨਾਲ ਲੜਾਈ ਵੀ ਕਰਨੀ ਪਈ।

ਚੱਕ ਨਾਨਕੀ ਵੱਲ ਵਾਪਸੀ

ਉਧਰ ਬਿਲਾਸਪੁਰ ਦੀ ਰਾਣੀ ਚੰਪਾ ਨੇ ਕਈ ਵਾਰ ਖ਼ਤ ਲਿਖ ਕੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਸੀ ਕਿ ਉਹ ਉਸ ਦੀ ਰਿਆਸਤ ਵਿੱਚ ਰੌਣਕਾਂ ਕਰਨ। ਇਸ ਕਰ ਕੇ ਭੰਗਾਣੀ ਦੀ ਲੜਾਈ ਜਿਤਣ ਮਗਰੋਂ ਗੁਰੂ ਸਾਹਿਬ ਨੇ ਚੱਕ ਨਾਨਕੀ ਜਾਣ ਦਾ ਫ਼ੈਸਲਾ ਕਰ ਲਿਆ। ਨਾਹਨ ਦੇ ਰਾਜੇ ਨੇ ਬੜੀ ਕੋਸ਼ਿਸ਼ ਕੀਤੀ ਕਿ ਗੁਰੂ ਜੀ ਨਾਹਨ ਰਿਆਸਤ 'ਚੋਂ ਨਾ ਜਾਣ ਪਰ ਆਪ ਨੇ ਉਸ ਨੂੰ ਦਿਲਾਸਾ ਦਿੱਤਾ ਤੇ ਤਿਆਰੀ ਸ਼ੁਰੂ ਕਰ ਦਿੱਤੀ। ਆਪ ੨੮ ਅਕਤੂਬਰ ੧੬੮੮ ਦੇ ਦਿਨ ਪਾਉਂਟਾ ਸਾਹਿਬ ਤੋਂ ਚਲੇ ਅਤੇ ਕਪਾਲ ਮੋਚਨ, ਲਾਹੜਪੁਰ, ਟੋਕਾ, ਦਾਬਰਾ, ਰਾਣੀ ਦਾ ਰਾਇਪੁਰ, ਮਨੀ ਮਾਜਰਾ, ਨਾਢਾ, ਢਕੌਲੀ, ਕੋਟਲਾ ਨਿਹੰਗ, ਰੋਪੜ, ਘਨੌਲਾ, ਬੁੰਗਾ, ਅਟਾਰੀ, ਕੀਰਤਪੁਰ ਹੁੰਦੇ ਹੋਏ ਚੱਕ ਨਾਨਕੀ ਪਹੁੰਚ ਗਏ। ਆਪ ਦੇ ਆਉਣ ਨਾਲ ਚੱਕ ਨਾਨਕੀ ਵਿੱਚ ਫੇਰ ਰੌਣਕਾਂ ਸ਼ੁਰੂ ਹੋ ਗਈਆਂ। ਰਾਣੀ ਚੰਪਾ ਨੂੰ ਜਦੋਂ ਗੁਰੂ ਸਾਹਿਬ ਦਾ ਨਾਹਨ ਰਿਆਸਤ ਤੋਂ ਚੱਕ ਨਾਨਕੀ ਆਉਣ ਦਾ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਈ। ਉਹ ਕਈ ਸਾਲਾਂ ਤੋਂ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਤਾਂਘ ਰਹੀ ਸੀ। ਉਮਰ ਵੱਲੋਂ ਵੀ ਉਹ ਬੜੀ ਵਡੇਰੀ ਹੋ ਚੁੱਕੀ ਸੀ। ਜਿਉਂ ਹੀ ਉਸ ਨੂੰ ਗੁਰੂ ਸਾਹਿਬ ਦੇ ਆਉਣ ਦਾ ਪਤਾ ਲੱਗਾ ਉਸ ਨੂੰ ਆਪਣਾ ਵਜ਼ੀਰ ਭੇਜ ਕੇ ਗੁਰੂ ਸਾਹਿਬ ਨੂੰ ਬਿਲਾਸਪੁਰ ਆਉਣ ਦੀ ਅਰਜ਼ ਕੀਤੀ। ਖ਼ਤ ਮਿਲਦਿਆਂ ਅਗਲੇ ਦਿਨ ਹੀ ਗੁਰੂ ਸਾਹਿਬ ਨੇ ਬਿਲਾਸਪੁਰ ਜਾਣ ਦਾ ਫ਼ੈਸਲਾ ਕੀਤਾ। ਜਦੋਂ ਰਾਣੀ ਨੂੰ ਗੁਰੂ ਸਾਹਿਬ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਆਪਣੇ ਪੁੱਤਰ ਰਾਜਾ ਭੀਮ ਚੰਦ ਨੂੰ ਲੈ ਕੇ ਗੁਰੂ ਸਾਹਿਬ ਨੂੰ ਜੀ ਆਇਆ ਆਖਣ ਨਗਰ ਦੇ ਦਰਵਾਜ਼ੇ ਤੱਕ ਪਹੁੰਚੀ। ਪੰਜ ਦਿਨ ਗੁਰੂ ਸਾਹਿਬ ਬਿਲਾਸਪੁਰ ਰਹੇ ਤੇ ਫੇਰ ਚੱਕ ਨਾਨਕੀ ਪਰਤੇ।

ਅਨੰਦਪੁਰ ਸਾਹਿਬ ਦੀ ਤਵਾਰੀਖ਼

੨੯ ਮਾਰਚ ੧੬੮੯ ਦੇ ਦਿਨ ਰਾਣੀ ਚੰਪਾ ਆਪਣੇ ਪੁੱਤਰ ਭੀਮ ਚੰਦ ਨੂੰ ਲੈ ਕੇ ਚੱਕ ਨਾਨਕੀ ਪੁੱਜੀ। ਚੱਕ ਨਾਨਕੀ 'ਚ ਭਰਪੂਰ ਰੌਣਕਾਂ ਹੋਈਆਂ। ਰਾਣੀ ਚੰਪਾ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਮੁੜ ਕੇ ਉਸ ਤੋਂ ਦੂਰ ਨਾ ਜਾਣ ਅਤੇ ਜੇ ਗੁਰੂ ਸਾਹਿਬ ਮਹਿਸੂਸ ਕਰਦੇ ਹਨ ਕਿ ਚੱਕ ਨਾਨਕੀ ਦੀ ਜਗਹ ਥੋੜੀ ਹੈ ਤਾਂ ਗੁਰੂ ਸਾਹਿਬ ਇੱਕ ਨਵਾਂ ਪਿੰਡ ਵਸਾ ਲੈਣ। ਰਾਣੀ ਚੰਪਾ ਨੇ ਨਵੇਂ ਨਗਰ ਵਾਸਤੇ ਜ਼ਮੀਨ ਅਰਦਾਸ ਕਰਵਾਉਣ ਦੀ ਖ਼ਾਹਿਸ਼ ਵੀ ਜ਼ਾਹਿਰ ਕੀਤੀ ਤੇ ਕਿਹਾ ਕਿ ਗੁਰੂ ਸਾਹਿਬ ਚਾਹੁਣ ਤਾਂ ਆਪਣੀ ਰਿਆਸਤ ਦੀ ਹਿਫ਼ਾਜ਼ਤ ਵਾਸਤੇ ਕਿਲ੍ਹੇ ਵੀ ਤਿਆਰ ਕਰਵਾ ਲੈਣ।

ਉਸ ਵੇਲੇ (੧੬੮੯ ਵਿੱਚ) ਚੱਕ ਨਾਨਕੀ ਦੀ ਹੱਦ ਚਰਨ ਗੰਗਾ ਨਦੀ ਅਤੇ ਮੌਜੂਦਾ ਕੇਸ ਗੜ੍ਹ ਸਾਹਿਬ ਦੇ ਹੇਠਲੇ ਚੌਂਕ ਦੇ ਵਿਚਕਾਰ ਸੀ। ਰਾਣੀ ਚੰਪਾ ਦੀ ਖ਼ਾਹਿਸ਼ ਨੂੰ ਮਨਜ਼ੂਰ ਕਰਦਿਆਂ ਗੁਰੂ ਸਾਹਿਬ ਨੇ ਨਵਾਂ ਪਿੰਡ ਬੰਨ੍ਹਣਾ ਅਤੇ ਕਿਲ੍ਹੇ ਬਨਾਉਣਾ ਮੰਨ ਲਿਆ। ਗੁਰੂ ਸਾਹਿਬ ਨੇ ਰਾਣੀ ਕੋਲੋਂ ਅਗੰਮਪੁਰਾ ਅਤੇ ਤਾਰਾਗੜ੍ਹ ਦੀ ਕੁਝ ਜ਼ਮੀਨ ਖ਼ਰੀਦ ਲਈ। ਪਹਿਲੋਂ ਤਾਂ ਰਾਣੀ ਨੇ ਆਖਿਆ ਕਿ ਉਹ ਜ਼ਮੀਨ ਅਰਦਾਸ ਕਰਵਾਉਣਾ ਚਾਹੁੰਦੀ ਹੈ ਤੇ ਇਸ ਦੀ ਕੀਮਤ ਨਹੀਂ ਲਵੇਗੀ। ਪਰ ਜਦੋਂ ਗੁਰੂ ਸਾਹਿਬ ਨੇ ਆਖਿਆ ਕਿ ਉਹ ਸਿੱਖ-ਨਗਰ ਵਾਸਤੇ ਜ਼ਮੀਨ ਮੁਫ਼ਤ ਨਹੀਂ ਲੈਣਗੇ ਤਾਂ ਰਾਣੀ ਨੂੰ ਕਬੂਲ ਕਰਨਾ ਪਿਆ।

ਅਨੰਦਪੁਰ ਸਾਹਿਬ ਦੀ ਮੋੜ੍ਹੀ ਗੱਡਣਾ

੩੦ ਮਾਰਚ ੧੬੮੯ ਦੇ ਦਿਨ ਗੁਰੂ ਗੋਬਿੰਦ ਸਿੰਘ ਨੇ ਚੱਕ ਨਾਨਕੀ ਦੇ ਨੇੜੇ ਅਜੋਕੇ ਕਿਲ੍ਹਾ ਅਨੰਦਗੜ੍ਹ ਵਾਲੀ ਜਗਹ ਨਵੇਂ ਪਿੰਡ ਦੀ ਮੋੜ੍ਹੀ ਗੱਡੀ। ਭਾਈ ਚਉਪਤ ਰਾਏ (ਮਗਰੋਂ ਚੌਪਾ ਸਿੰਘ) ਨੇ ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਪੜ੍ਹ ਕੇ ਅਰਦਾਸ ਕਰਵਾਈ। ਨਵੇਂ ਨਗਰ ਦਾ ਨਾਂ ਗੁਰੂ ਸਾਹਿਬ ਨੇ 'ਅਨੰਦਪੁਰ' ਰੱਖਿਆ। (ਅੱਜ ਕਲ੍ਹ ਚੱਕ ਨਾਨਕੀ ਤੇ ਅਨੰਦਪੁਰ, ਸਾਰੇ ਨੂੰ ਅਨੰਦਪੁਰ ਸਾਹਿਬ ਆਖਿਆ ਜਾਂਦਾ ਹੈ)। ਰਾਣੀ ਚੰਪਾ ਤਿੰਨ ਦਿਨ ਚੱਕ ਨਾਨਕੀ ਵਿੱਚ ਰਹੀ।

ਅਨੰਦਪੁਰ ਸਾਹਿਬ ਦੇ ਕਿਲ੍ਹੇ

੩੧ ਮਾਰਚ ੧੬੮੯ ਦੇ ਦਿਨ ਗੁਰੂ ਸਾਹਿਬ ਨੇ ਚੱਕ ਨਾਨਕੀ ਅਨੰਦਪੁਰ ਸਾਹਿਬ ਦੇ ਆਲੇ ਦੁਆਲੇ ਪੰਜ ਕਿਲ੍ਹੇ ਬਨਾਉਣੇ ਸ਼ੁਰੂ ਕੀਤੇ। ਗੁਰੂ ਸਾਹਿਬ ਨੇ ਇਨ੍ਹਾਂ ਕਿਲ੍ਹਿਆਂ

ਦੇ ਨਾਂ ਅਨੰਦਗੜ੍ਹ (ਮੌਜੂਦਾ ਅਨੰਦਗੜ੍ਹ ਕਿਲ੍ਹਾ), ਲੋਹਗੜ੍ਹ (ਮੌਜੂਦਾ ਲੋਹਗੜ੍ਹ ਗੁਰਦੁਆਰਾ ਵਾਲੀ ਜਗਹ), ਤਾਰਾ ਗੜ੍ਹ (ਕੋਟ ਕਹਿਲੂਰ ਦੇ ਨੇੜੇ ਮੌਜੂਦਾ ਗੁਰਦੁਆਰਾ ਤਾਰਾ ਗੜ੍ਹ ਦੀ ਜਗਹ), ਅਗੰਮਗੜ੍ਹ (ਪਿੰਡ ਅਗੰਮਗੜ੍ਹ, ਮਾਤਾ ਜੀਤ ਕੌਰ ਜੀ ਦੇ ਗੁਰਦੁਆਰੇ ਦੇ ਨੇੜੇ ਇਸ ਜਗਹ ਅੱਜ ਕਲ੍ਹ ਗੁਰਦੁਆਰਾ ਹੋਲਗੜ੍ਹ ਬਣਿਆ ਹੋਇਆ ਹੈ) ਅਤੇ ਫ਼ਤਹਿਗੜ੍ਹ (ਚਰਨ ਗੰਗਾ ਦੇ ਨੇੜੇ ਪਿੰਡ ਸਹੋਟਾ ਦੀ ਹਦੂਦ ਵਿਚ) ਰੱਖੇ। ਸਭ ਤੋਂ ਪਹਿਲਾਂ ਕਿਲ੍ਹਾ ਅਨੰਦਗੜ੍ਹ ਤਿਆਰ ਹੋਇਆ। ਇਹ ਕਿਲ੍ਹੇ ੧੬੮੯-੯੦ ਵਿੱਚ ਤਿਆਰ ਹੋ ਗਏ। ਇਨ੍ਹਾਂ ਵਿੱਚੋਂ ਫ਼ਤਹਿਗੜ੍ਹ ਤੇ ਤਾਰਾਗੜ੍ਹ ਕਿਲ੍ਹੇ ਪਹਾੜੀ ਰਜਵਾੜਿਆਂ ਦੇ ਹਮਲਿਆਂ ਨੂੰ ਰੋਕਣ ਵਾਸਤੇ ਅਤੇ ਲੋਹਗੜ੍ਹ (ਜਿਸ ਦਾ ਗੇਟ ਬੜਾ ਮਜ਼ਬੂਤ ਸੀ) ਤੇ ਅਗੰਮਗੜ੍ਹ ਮੌਜੂਦਾ ਹੁਸ਼ਿਆਰਪੁਰ ਤੇ ਊਨਾ ਜ਼ਿਲ੍ਹਿਆਂ ਵੱਲੋਂ ਮੁਗ਼ਲ ਫ਼ੌਜਾਂ ਨੂੰ ਰੋਕਣ ਵਾਸਤੇ ਬਣਾਏ ਗਏ ਸਨ। ਕਿਲ੍ਹਾ ਅਨੰਦਗੜ੍ਹ ਜੋ ਸਭ ਤੋਂ ਮਹਿਫ਼ੂਜ਼ ਸੀ, ਦੋਹਾਂ ਪਾਸਿਆਂ ਦੀਆਂ ਫ਼ੌਜਾਂ ਨੂੰ ਰੋਕਣ ਵਾਸਤੇ ਸੀ। ਪਹਾੜ ਦਰਿਆ ਸਤਲੁਜ ਅਤੇ ਨਦੀ ਚਰਨ ਗੰਗਾ ਦੀ ਕੁਦਰਤੀ ਢਾਲ ਹੋਣ ਦੇ ਬਾਵਜੂਦ, ਗੁਰੂ ਸਾਹਿਬ ਨੇ ਚੌਹਾਂ ਪਾਸਿਆਂ ਤੋਂ ਫ਼ੌਜੀ ਰਖਿਆ ਵਾਸਤੇ ਪੂਰੇ ਇੰਤਜ਼ਾਮ ਕਰ ਲਏ ਸਨ। ਇਨ੍ਹਾਂ ਪੰਜ ਕਿਲ੍ਹਿਆਂ ਤੋਂ ਇਲਾਵਾ ਗੁਰੂ ਸਾਹਿਬ ਨੇ ਇਕ ਹੋਰ ਕਿਲ੍ਹਾ ੧੬੯੯ ਵਿੱਚ ਤਿਆਰ ਕਰਵਾਇਆ ਸੀ। ਇਹ ਸੀ ਕਿਲ੍ਹਾ ਕੇਸਗੜ੍ਹ ਸਾਹਿਬ। ਕਿਲ੍ਹਾ ਤਾਰਾਗੜ੍ਹ ਅਗੰਮਗੜ੍ਹ ਤੇ ਲੋਹਗੜ੍ਹ ਦਾ ਮੋਰਚਾ ਟੁੱਟ ਜਾਣ ਦੀ ਸੂਰਤ ਵਿੱਚ ਕਿਲ੍ਹਾ ਕੇਸਗੜ੍ਹ ਸਾਹਿਬ, ਕਿਲ੍ਹਾ ਫ਼ਤਹਿਗੜ੍ਹ, ਕਿਲ੍ਹਾ ਅਨੰਦਗੜ੍ਹ ਚੱਕ ਨਾਨਕੀ-ਅਨੰਦਪੁਰ ਸਾਹਿਬ ਵਾਸਤੇ ਪੂਰੀ ਹਿਫ਼ਾਜ਼ਤ ਦੇਂਦੇ ਸਨ। ਇੰਞ ਗੁਰੂ ਸਾਹਿਬ ਨੇ ਚੱਕ ਨਾਨਕੀ-ਅਨੰਦਪੁਰ ਸਾਹਿਬ ਨੂੰ ਦੁਸ਼ਮਣ ਦੇ ਹਮਲਿਆਂ ਤੋਂ ਪੂਰੀ ਤਰ੍ਹਾਂ ਮਹਿਫ਼ੂਜ਼ ਕਰ ਲਿਆ ਸੀ। ਦੁਸ਼ਮਣ ਭਾਵੇਂ ਸਾਲਾਂ ਬੱਧੀ ਕੋਸ਼ਿਸ਼ ਕਰਦੇ ਰਹਿੰਦੇ ਪਰ ਉਹ ਗੁਰੂ ਦੀ ਨਗਰੀ 'ਚ ਦਾਖ਼ਿਲ ਨਹੀਂ ਹੋ ਸਕਦੇ ਸਨ। ਸਿਰਫ਼ ਇਕ ਮਸਲਾ ਸੀ ਜਿਸ ਨਾਲ ਮੁਸ਼ਕਿਲ ਖੜੀ ਹੋ ਸਕਦੀ ਸੀ : ਉਹ ਸੀ ਮਹੀਨਿਆਂ ਬੱਧੀ ਘੇਰਾ ਪਏ ਰਹਿਣ ਨਾਲ ਅਨਾਜ ਦਾ ਮਸਲਾ। ਇਸ ਮਸਲੇ ਤੋਂ ਸਿਵਾ ਗੁਰੂ ਦੀ ਨਗਰੀ ਇੱਕ ਪੂਰੀ ਮੁਕੰਮਲ, ਮਹਿਫ਼ੂਜ਼ ਰਾਜਧਾਨੀ ਸੀ।

ਨਦੌਣ ਦੀ ਲੜਾਈ

ਇਸ ਵੇਲੇ (੧੬੯੦ ਵਿੱਚ) ਬਿਲਾਸਪੁਰ ਦਾ ਰਾਜਾ ਭੀਮ ਚੰਦ ਸੀ। ਉਹ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪੂਰੀ ਤਰ੍ਹਾਂ ਵਫ਼ਾਦਾਰ ਸੀ ਪਰ ਉਸ ਦਾ ਪੁੱਤਰ ਅਜਮੇਰ ਚੰਦ ਆਪਣੇ ਵਜ਼ੀਰ ਪੰਡਿਤ ਪਰਮਾ ਨੰਦ ਦੇ ਅਸਰ ਹੇਠਾਂ ਬਹੁਤ ਜ਼ਿਆਦਾ ਸੀ ਤੇ ਪੰਡਿਤ ਪਰਮਾ ਨੰਦ ਸਿੱਖ ਧਰਮ ਨਾਲ ਖਾਰ ਖਾਂਦਾ ਸੀ। ਉਸ ਦੀ ਸਿੱਖ-ਨਫ਼ਰਤ ਹੌਲੀ-ਹੌਲੀ ਅਜਮੇਰ ਚੰਦ ਦੀ ਰੂਹ 'ਚ ਸਮਾਂਦੀ ਗਈ। ਪਰ ਜਦੋਂ ਤੱਕ ਭੀਮ ਚੰਦ ਤੇ ਰਾਣੀ ਚੰਪਾ ਜਿਊਂਦੇ ਰਹੇ, ਬਿਲਾਸਪੁਰ ਰਿਆਸਤ ਗੁਰੂ ਸਾਹਿਬ ਦੀ ਪੂਰੀ ਤਰ੍ਹਾਂ ਵਫ਼ਾਦਾਰ ਰਹੀ। ਗੁਰੂ ਸਾਹਿਬ ਨੇ ਵੀ ਹਰ ਵੇਲੇ ਬਿਲਾਸਪੁਰ ਰਿਆਸਤ ਅਤੇ ਹੋਰ

ਪਹਾੜੀ ਰਾਜਿਆਂ ਨੂੰ ਪੂਰੀ ਪੂਰੀ ਸਰਪਰਸਤੀ ਦਿੱਤੀ।

ਮਾਰਚ ੧੬੯੦ ਵਿੱਚ ਲਾਹੌਰ ਦੇ ਗਵਰਨਰ ਵੱਲੋਂ ਅਲਫ਼ ਖ਼ਾਨ ਦੀ ਅਗਵਾਈ 'ਚ ਭੇਜੀ ਫ਼ੌਜ ਨੇ ਪਹਾੜੀ ਰਾਜਿਆਂ ਤੇ ਹਮਲਾ ਕਰ ਦਿੱਤਾ। ਲਾਹੌਰ ਦੀਆਂ ਫ਼ੌਜਾਂ ਕਾਂਗੜੇ ਵਾਲੇ ਪਾਸੇ ਵੱਲ ਵੱਧ ਰਹੀਆਂ ਸਨ। ਇਸ ਮੌਕੇ ਤੇ ਪਹਾੜੀ ਰਾਜਿਆਂ ਨੇ ਰਾਜਾ ਭੀਮ ਚੰਦ ਰਾਹੀਂ ਗੁਰੂ ਸਾਹਿਬ ਨੂੰ ਖ਼ਤ ਭੇਜਿਆ ਤੇ ਮੁਗ਼ਲਾਂ ਦੇ ਹਮਲੇ ਦੇ ਖ਼ਿਲਾਫ਼ ਮਦਦ ਮੰਗੀ। ਗੁਰੂ ਸਾਹਿਬ ਨੇ ਦੀਵਾਨ ਨੰਦ ਚੰਦ, ਧਰਮ ਚੰਦ (ਸਿੰਘ) ਛਿੱਬਰ, ਭਾਈ ਮਨੀ ਰਾਮ (ਸਿੰਘ), ਭਾਈ ਆਲਮ ਚੰਦ (ਸਿੰਘ) 'ਨੱਚਣਾ' ਅਤੇ ਹੋਰ ਜਰਨੈਲਾਂ ਦੀ ਅਗਵਾਈ ਵਿੱਚ ਫ਼ੌਜ ਨੂੰ ਨਦੌਣ ਵੱਲ ਕੂਚ ਕਰਨ ਦਾ ਹੁਕਮ ਦਿੱਤਾ। ਅਨੰਦਗੜ੍ਹ ਤੋਂ ਚਲ ਕੇ ਸਿੱਖ ਫ਼ੌਜਾਂ ਦਾ ਜਥਾ ਨਦੌਣ ਜਾ ਪੁੱਜਾ। ੨੦ ਮਾਰਚ ੧੬੯੦ ਦੇ ਦਿਨ ਬੜੀ ਜ਼ਬਰਦਸਤ ਲੜਾਈ ਹੋਈ। ਅਲਫ਼ ਖ਼ਾਨ ਦੀ ਫ਼ੌਜ ਦੇ ਸਭ ਤੋਂ ਤਾਕਤਵਰ ਜੱਥੇ ਨਾਲ ਸਿੱਖ ਜਰਨੈਲ ਡੱਟ ਕੇ ਲੜੇ। ਦੋਹਾਂ ਪਾਸਿਆਂ ਤੋਂ ਬਹਾਦਰਾਂ ਨੇ ਖ਼ੂਬ ਜੌਹਰ ਦਿਖਾਏ। ਧਰਮ ਚੰਦ, ਮਨੀ ਰਾਮ, ਮੂਲ ਚੰਦ ਕੰਬੋਜ, ਸੋਹਨ ਚੰਦ ਪਰਮਾਰ ਵਰਗੇ ਜਰਨੈਲਾਂ ਦੇ ਤੀਰਾਂ ਦੀ ਵਾਛੜ ਨੇ ਅਲਫ਼ ਖ਼ਾਨ ਦੀ ਫ਼ੌਜ ਦੇ ਹੌਸਲੇ ਢਾਹ ਦਿੱਤੇ। ਸੂਰਜ ਛੁਪ ਜਾਣ ਮਗਰੋਂ ਅਲਫ਼ ਖ਼ਾਨ ਦੀ ਫ਼ੌਜ ਪਿੱਛੇ ਵਲ ਭੱਜਣੀ ਸ਼ੁਰੂ ਹੋ ਗਈ। ਪਹਾੜੀ ਫ਼ੌਜਾਂ ਤੇ ਸਿੱਖ ਫ਼ੌਜੀਆਂ ਨੇ ਅਲਫ਼ ਖ਼ਾਨ ਦੀ ਭੱਜੀ ਜਾਂਦੀ ਫ਼ੌਜ ਦਾ ਦੂਰ ਤਕ ਪਿੱਛਾ ਕੀਤਾ। ਨਦੌਣ ਦੀ ਲੜਾਈ ਵਿਚ ਦੋਹਾਂ ਪਾਸਿਆਂ ਤੋਂ ਕਾਫ਼ੀ ਨੁਕਸਾਨ ਹੋਇਆ। ਸਿੱਖ ਜਰਨੈਲਾਂ ਵਿਚੋਂ ਭਾਈ ਸੋਹਨ ਚੰਦ (ਭਰਾ ਮਨੀ ਸਿੰਘ), ਭਾਈ ਮੂਲ ਚੰਦ (ਪੁੱਤਰ ਭਾਈ ਰਘੁਪਤਿ ਰਾਇ ਨਿੱਝਰ) ਅਤੇ ਕੁਝ ਹੋਰ ਸਿੱਖ ਸ਼ਹੀਦ ਹੋਏ। ਅਗਲੇ ਦਿਨ ਉਨ੍ਹਾਂ ਦਾ ਸੰਸਕਾਰ ਕੀਤਾ ਗਿਆ। ਗੁਰੂ ਸਾਹਿਬ ਸਤ ਦਿਨ ਨਦੌਣ ਦੇ ਰਾਜ ਮਹਿਲ ਵਿਚ ਰਹੇ ਤੇ ਅਠਵੇਂ ਦਿਨ ਅਨੰਦਪੁਰ ਸਾਹਿਬ ਵਲ ਚਲ ਪਏ। ਰਸਤੇ ਵਿੱਚ ਅਲਸੂਨ ਪਿੰਡ (ਇਹ ਪਿੰਡ ਕਿੱਥੇ ਹੈ ਇਸ ਬਾਰੇ ਪੂਰਾ ਪਤਾ ਨਹੀਂ ਲੱਗਦਾ) ਦੇ ਰੰਘੜਾਂ ਨੇ ਸਿੱਖ ਫ਼ੌਜਾਂ ਨੂੰ ਤੰਗ ਕੀਤਾ ਤੇ ਮਸ਼ਕਰੀਆਂ ਕੀਤੀਆਂ। ਅਨੰਦਪੁਰ ਮੁੜਨ ਤੋਂ ਪਹਿਲਾਂ ਸਿੱਖ ਫ਼ੌਜੀਆਂ ਨੇ ਇਨ੍ਹਾਂ ਗੁੰਡਿਆਂ ਦੀ ਭੁਗਤ ਸਵਾਰੀ।

ਰਾਣੀ ਚੰਪਾ ਦੀ ਮੌਤ

੧੨ ਮਈ ੧੬੯੧ ਦੇ ਦਿਨ ਬਿਲਾਸਪੁਰ ਦੀ ਮਹਾਂਰਾਣੀ ਚੰਪਾ ਚੜ੍ਹਾਈ ਕਰ ਗਈ। ਰਾਣੀ ਚੰਪਾ ਦਾ ਗੁਰੂ ਸਾਹਿਬ ਨਾਲ ਬੜਾ ਪਿਆਰ ਸੀ। ਰਾਣੀ ਦੀ ਸਤਾਰ੍ਹਵੀਂ ੨੭ ਮਈ ਦੇ ਦਿਨ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਆਪਣੀ ਦਾਦੀ ਮਾਤਾ ਨਾਨਕੀ, ਪਰਿਵਾਰ ਅਤੇ ਮੁੱਖੀ ਸਿੱਖਾਂ ਨੂੰ ਨਾਲ ਲੈ ਕੇ ਬਿਲਾਸਪੁਰ ਗਏ। ਗੁਰੂ ਸਾਹਿਬ ਤਿੰਨ ਦਿਨ ਉੱਥੇ ਰਹੇ ਤੇ ਆਖ਼ਰੀ ਰਸਮਾਂ ਮਗਰੋਂ ਅਨੰਦਪੁਰ ਮੁੜ ਆਏ। ਇਸ ਵੇਲੇ ਤੱਕ ਅਨੰਦਪੁਰ ਸਾਹਿਬ 'ਚ ਕਾਫ਼ੀ ਮਕਾਨ ਬਣ ਚੁੱਕੇ ਸਨ ਤੇ ਕਿਲ੍ਹੇ ਵੀ ਪੂਰੀ ਤਰ੍ਹਾਂ ਤਿਆਰ ਹੋ ਚੁੱਕੇ ਸਨ। ਹੁਣ ਗੁਰੂ ਸਾਹਿਬ ਵਧੇਰਾ ਸਮਾਂ ਇੱਥੇ ਰਹਿਣ ਲੱਗ ਪਏ

ਤੇ ਇੱਥੇ ਹੀ ਸੰਗਤਾਂ ਨੂੰ ਦਰਸ਼ਨ ਦੇਣ ਲੱਗ ਪਏ।

ਪਹਾੜੀ ਰਾਜਿਆਂ ਦਾ ਇਕੱਠ

ਮਾਰਚ ੧੬੯੨ ਵਿੱਚ ਰਾਜਾ ਭੀਮ ਚੰਦ ਨੇ ਪਹਾੜ ਦੀਆਂ ਬਾਈ ਧਾਰਾਂ ਦੇ ਬਹੁਤੇ ਰਾਜਿਆਂ ਦਾ ਇਕੱਠ ਬੁਲਾਇਆ। ਨਦੌਣ ਦੀ ਲੜਾਈ ਮਗਰੋਂ ਮੁਗਲ ਸਰਕਾਰ ਦੇ ਹੋਣ ਵਾਲੇ ਹਮਲਿਆਂ ਦੇ ਡਰ ਹੇਠ ਰਹਿ ਰਹੇ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਦੀ ਸਰਪਰਸਤੀ ਦੀ ਖ਼ਾਹਿਸ਼ ਜ਼ਾਹਿਰ ਕੀਤੀ। ਮਾਰਚ ੧੬੯੨ ਦੇ ਆਖਰੀ ਹਫ਼ਤੇ ਗੁਰੂ ਸਾਹਿਬ ਬਿਲਾਸਪੁਰ ਤੇ ਮੰਡੀ ਵੱਲ ਗਏ। ੨੯ ਮਾਰਚ ੧੬੯੨ ਦੇ ਦਿਨ ਰਵਾਲਸਰ 'ਚ ਸਾਰੇ ਪਹਾੜੀ ਰਾਜੇ ਇਕੱਠੇ ਹੋਏ। ਉਨ੍ਹਾਂ ਦੀ ਸਦਾਰਤ ਗੁਰੂ ਸਾਹਿਬ ਨੇ ਕੀਤੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਜੇ ਉਹ ਮੁਗ਼ਲਾਂ ਦੀ ਗ਼ੁਲਾਮੀ 'ਚ ਨਾ ਰਹਿਣਾ ਚਾਹੁਣ ਤਾਂ ਉਹ (ਗੁਰੂ ਸਾਹਿਬ) ਉਨ੍ਹਾਂ ਦੀ ਨਿਗਰਾਨੀ ਤੇ ਸਰਪਸਤੀ ਕਰਨ ਵਾਸਤੇ ਤਿਆਰ ਹਨ। ਸਾਰੇ ਰਾਜਿਆਂ ਨੇ ਗੁਰੂ ਸਾਹਿਬ ਦੇ ਹੁਕਮ ਨੂੰ ਮੰਨਣ ਦਾ ਵਾਅਦਾ ਕੀਤਾ। ਗੁਰੂ ਸਾਹਿਬ ਕੁਝ ਦਿਨ ਰਵਾਲਸਰ ਰਹੇ ਤੇ ਫੇਰ ਪੁਰਮੰਡਲ, ਜੰਮੂ, ਚੱਕ-ਕਾਨ੍ਹਾ, ਰਾਮ ਗੜ੍ਹ, ਖਿਰੜੀ, ਸਾਂਬਾ, ਪਠਾਨਕੋਟ, ਹੁਸ਼ਿਆਰਪੁਰ 'ਚ ਸੰਗਤਾਂ ਨੂੰ ਦਰਸ਼ਨ ਦੇਂਦੇ ਹੋਏ ਅਨੰਦਪੁਰ ਆ ਗਏ। ਗੁਰੂ ਸਾਹਿਬ ਦੇ ਆਉਣ ਦਾ ਪਤਾ ਲਗਣ ਤੇ ਸੰਗਤਾਂ ਦੇ ਕਾਫ਼ਲੇ ਫੇਰ ਅਨੰਦਪੁਰ ਸਾਹਿਬ ਵਲ ਆਉਣੇ ਸ਼ੁਰੂ ਹੋ ਗਏ।

੧੬ ਸਿਤੰਬਰ ੧੬੯੨ ਦੇ ਦਿਨ ਬਿਲਾਸਪੁਰ ਦਾ ਰਾਜਾ ਭੀਮ ਚੰਦ ਚੜ੍ਹਾਈ ਕਰ ਗਿਆ। ਉਸ ਦੀ ਅੰਤਿਮ ਰਸਮ ੩ ਅਕਤੂਬਰ ੧੬੯੨ ਦੇ ਦਿਨ ਸੀ। ਭੀਮ ਚੰਦ ਦੀ ਸਤਾਰ੍ਹਵੀਂ ਦੇ ਸੰਬੰਧ ਵਿਚ ਗੁਰੂ ਸਾਹਿਬ ਆਪਣੀ ਦਾਦੀ ਮਾਤਾ ਨਾਨਕੀ, ਆਪਣੇ ਪਰਿਵਾਰ, ਭਾਈ ਚਉਪਤਿ ਰਾਇ ਤੇ ਮੁਖੀ ਸਿੱਖਾਂ ਨੂੰ ਲੈ ਕੇ ਅਨੰਦਪੁਰ ਤੋਂ ਬਿਲਾਸਪੁਰ ਗਏ।

ਭੀਮ ਚੰਦ ਦੀ ਮੌਤ ਮਗਰੋਂ ਅਜਮੇਰ ਚੰਦ ਹੁਣ ਪੂਰੀ ਤਰ੍ਹਾਂ ਪੰਡਿਤ ਪਰਮਾ ਨੰਦ ਦੇ ਅਸਰ ਹੇਠਾਂ ਆ ਗਿਆ। ਇਸ ਨਾਲ ਹੀ ਬਿਲਾਸਪੁਰ ਰਿਆਸਤ ਅਤੇ ਸਿੱਖਾਂ ਦੇ ਸੰਬੰਧਾਂ ਵਿੱਚ ਤਰੇੜ ਆਉਣੀ ਸ਼ੁਰੂ ਹੋ ਗਈ।

ਅਪ੍ਰੈਲ ੧੬੯੩ ਵਿੱਚ ਗੁਰੂ ਸਾਹਿਬ ਅਨੰਦਪੁਰ ਤੋਂ ਤਲਵੰਡੀ ਸਾਬੋ ਤੇ ਲੱਖੀ ਜੰਗਲ ਦੇ ਇਲਾਕੇ ਦੇ ਦੌਰੇ ਤੇ ਗਏ। ਰਾਏ ਡੱਲਾ ਨੇ ਗੁਰੂ ਸਾਹਿਬ ਨੂੰ ਨਿੱਘਾ 'ਜੀ ਆਇਆਂ' ਆਖਿਆ। ਕੁਝ ਦਿਨ ਤਲਵੰਡੀ ਸਾਬੋ ਰਹਿ ਕੇ ਗੁਰੂ ਸਾਹਿਬ ਧਮਤਾਨ ਗਏ। ਧਮਤਾਨ 'ਚ ਕੁਝ ਦਿਨ ਰਹਿਣ ਮਗਰੋਂ ਗੁਰੂ ਸਾਹਿਬ ਬਾਂਗਰ ਦੇਸ ਦੇ ਦੌਰੇ ਤੇ ਨਿਕਲ ਗਏ। ਇੰਜ ਛੇ ਮਹੀਨੇ ਦੌਰੇ ਤੇ ਰਹਿਣ ਮਗਰੋਂ ਆਪ ਫੇਰ ਅਨੰਦਪੁਰ ਆ ਗਏ। ਤਿੰਨ ਮਹੀਨੇ ਅਨੰਦਪੁਰ 'ਚ ਬਿਤਾ ਕੇ ਗੁਰੂ ਸਾਹਿਬ ਖੁਰਵੱਧੀ (ਡੇਹਰਾਦੂਨ), ਹਰਦੁਆਰ, ਕੁਰਖੇਤਰ ਦੇ ਦੌਰੇ ਤੇ ਨਿਕਲ ਗਏ। ਡੇਢ ਮਹੀਨਾ ਇਸ ਇਲਾਕੇ ਵਿੱਚ ਪ੍ਰਚਾਰ ਕਰਨ ਮਗਰੋਂ ਆਪ ਫੇਰ ਅਨੰਦਪੁਰ ਆ ਗਏ। ਵਿਸਾਖੀ (੨੯ ਮਾਰਚ ੧੬੯੪)

ਦੇ ਦਿਨ ਹਰ ਪਾਸੇ ਤੋਂ ਸੰਗਤਾਂ ਦੇ ਵੱਡੇ ਜਥੇ ਅਨੰਦਪੁਰ ਸਾਹਿਬ ਪੁੱਜੇ। ੩ ਮਈ ੧੬੯੪ ਦੇ ਦਿਨ ਭਾਈ ਨਿਹੰਗ ਖਾਨ ਦੇ ਪੁੱਤਰ ਆਲਮ ਦੀ ਰਾਏ ਕਲ੍ਹਾ ਦੀ ਬੇਟੀ ਨਾਲ ਕੁੜਮਾਈ ਵਿੱਚ ਸ਼ਾਮਿਲ ਹੋਣ ਵਾਸਤੇ ਗੁਰੂ ਸਾਹਿਬ ਕੋਟ ਨਿਹੰਗ (ਰੋਪੜ) ਪੁੱਜੇ। ੧੧ ਜੁਲਾਈ ੧੬੯੪ ਦੇ ਦਿਨ ਗੁਰੂ ਸਾਹਿਬ ਦੇ ਨਾਨਾ ਭਾਈ ਲਾਲ ਚੰਦ ਸੁਭਿੱਖੀ ਚਲਾਣਾ ਕਰ ਗਏ। ਇਸ ਮੌਕੇ ਤੇ ਗੁਰੂ ਸਾਹਿਬ ਨੂੰ ਲਖਨੌਰ ਜਾਣਾ ਪਿਆ। ੧੦ ਫਰਵਰੀ ੧੬੯੫ ਦੇ ਦਿਨ ਦੀਵਾਨ ਦਰਗਹ ਮੱਲ (ਜੋ ਸਤਵੇਂ ਤੋਂ ਦਸਵੇਂ ਗੁਰੂ ਤੱਕ ਦੇ ਸਮੇਂ 'ਚ ਦੀਵਾਨ ਰਹੇ ਸਨ) ਅਨੰਦਪੁਰ 'ਚ ਚੜ੍ਹਾਈ ਕਰ ਗਏ। ਗੁਰੂ ਸਾਹਿਬ ਨੇ ੧੬੮੬ ਵਿੱਚ ਉਨ੍ਹਾਂ ਦੀ ਖ਼ਾਹਿਸ਼ ਨੂੰ ਮੱਦੇ-ਨਜ਼ਰ ਰੱਖਦਿਆਂ ਉਨ੍ਹਾਂ ਦੇ ਬੇਟੇ ਭਾਈ ਧਰਮ ਚੰਦ ਨੂੰ ਦੀਵਾਨ ਬਣਾ ਦਿੱਤਾ ਸੀ। ਉਨ੍ਹਾਂ ਦਾ ਸੰਸਕਾਰ ਅਗੰਮਪੁਰਾ ਵਿੱਚ ਕੀਤਾ ਗਿਆ।

ਸਿੱਖਾਂ ਨੂੰ ਕੇਸਧਾਰੀ ਹੋਣ ਦਾ ਹੁਕਮਨਾਮਾ

੨੯ ਮਾਰਚ ੧੬੯੫ (ਪਹਿਲੀ ਵਿਸਾਖ) ਦੇ ਦਿਨ ਅਨੰਦਪੁਰ ਸਾਹਿਬ 'ਚ ਸੰਗਤਾਂ ਦਾ ਇੱਕ ਭਾਰੀ ਇਕੱਠ ਹੋਇਆ। ਅਨੰਦਪੁਰ ਸਾਹਿਬ 'ਚ ਅਜਿਹਾ ਵੱਡਾ ਇਕੱਠ ਘੱਟ ਹੀ ਹੋਇਆ ਸੀ। ਇਸ ਇਕੱਠ ਵਿਚ ਗੁਰੂ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ ਕਿ ਕੋਈ ਵੀ ਸਿੱਖ ਆਪਣੇ ਕੇਸ ਨਹੀਂ ਕਟਾਏਗਾ, ਮਰਨੇ ਪਰਨੇ ਤੇ ਭੱਦਨ ਨਹੀਂ ਕਰੇਗਾ, ਬੱਚੇ ਦੇ ਕੇਸ ਜਮਾਂਦਰੂ ਰੱਖੇਗਾ ਅਤੇ ਸੱਜੇ ਹੱਥ ਵਿਚ ਕੜਾ ਪਹਿਣੇਗਾ।

ਅਨੰਦਪੁਰ ਸਾਹਿਬ ਤੇ ਪਹਿਲਾ ਹਮਲਾ

ਅਗਸਤ ੧੬੯੫ ਵਿੱਚ ਲਾਹੌਰ ਦੇ ਗਵਰਨਰ ਦਿਲਾਵਰ ਖ਼ਾਨ ਨੇ ਪਹਾੜੀ ਰਾਜਿਆਂ ਨੂੰ ਸਬਕ ਸਿਖਾਉਣ ਵਾਸਤੇ ਪਹਾੜਾਂ ਵੱਲ ਕੂਚ ਕਰਨ ਵਾਸਤੇ ਆਪਣੇ ਪੁੱਤਰ ਰੁਸਤਮ ਖਾਨ ਨੂੰ ਫ਼ੌਜ ਦੇ ਕੇ ਟੋਰਿਆ। ਦਿਲਾਵਰ ਖ਼ਾਨ ਨੂੰ ਪਤਾ ਸੀ ਕਿ ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਮਦਦ ਨਾਲ ਹੀ ਜਿੱਤ ਸਕਦੇ ਸਨ। ਇਸ ਕਰ ਕੇ ਉਸ ਨੇ ਆਪਣੇ ਪੁੱਤਰ ਨੂੰ ਪਹਿਲਾ ਹਮਲਾ ਅਨੰਦਪੁਰ ਸਾਹਿਬ ਤੇ ਕਰਨ ਵਾਸਤੇ ਹਦਾਇਤ ਦਿੱਤੀ। ੧੯ ਅਗਸਤ ੧੬੯੫ ਦੇ ਦਿਨ ਰੁਸਤਮ ਖਾਨ ਦੀ ਫ਼ੌਜ ਅਨੰਦਪੁਰ ਸਾਹਿਬ ਦੇ ਨਾਲੇ (ਚੋਅ) ਦੇ ਕੰਢੇ ਆ ਲਗੀ। ਬਰਸਾਤਾਂ ਕਰ ਕੇ ਉਨ੍ਹੀਂ ਦਿਨੀਂ ਨਾਲੇ 'ਚ ਹੜ੍ਹ ਆਇਆ ਹੋਇਆ ਸੀ। ਉਧਰ ਭਾਈ ਆਲਮ ਸਿੰਘ 'ਨੱਚਣਾ' ਨੇ ਗੁਰੂ ਸਾਹਿਬ ਨੂੰ ਮੁਗ਼ਲ ਫ਼ੌਜ ਦੇ ਆਉਣ ਦੀ ਖ਼ਬਰ ਦੇ ਦਿੱਤੀ। ਰਣਜੀਤ ਨਗਾਰੇ ਤੇ ਚੋਟ ਲਗਦਿਆਂ ਹੀ ਸਿੱਖ ਫ਼ੌਜਾਂ ਇੱਕ ਦਮ ਨਾਲੇ ਦੇ ਦੂਜੇ ਬੰਨੇ ਆ ਡਟੀਆ। ਨਾਲੇ 'ਚ ਹੜ੍ਹ ਕਾਰਨ ਰੁਸਤਮ ਖ਼ਾਨ ਦੀ ਫ਼ੌਜ ਦੇ ਕਿਸੇ ਜਵਾਨ ਦਾ ਵੀ ਹੀਆ ਨਾ ਪਿਆ ਕਿ ਉਹ ਨਾਲਾ ਪਾਰ ਕਰ ਕੇ ਅਨੰਦਪੁਰ ਸਾਹਿਬ 'ਚ ਦਾਖ਼ਿਲ ਹੋ ਸਕੇ। ਦੂਜਾ ਕਿਲ੍ਹਾ ਅਨੰਦਗੜ੍ਹ 'ਚ ਨਗਾਰੇ ਦੀ ਧੌਂਸ ਨਾਲ ਵੀ ਮੁਗ਼ਲਾਂ 'ਚ ਡਰ ਤੇ ਦਹਿਸ਼ਤ ਫੈਲ ਗਈ। ਰੁਸਤਮ ਖ਼ਾਨ ਦੀ ਫ਼ੌਜ ਹਮਲਾ ਕਰਨ ਤੋਂ ਬਿਨਾਂ

ਹੀ ਵਾਪਿਸ ਮੁੜ ਗਈ। ਮੁਗਲ ਫ਼ੌਜਾਂ ਦੇ ਜਾਣ ਮਗਰੋਂ ਸਿੱਖਾਂ ਨੇ ਇਸ ਨਾਲੇ ਦਾ ਨਾਂ "ਹਿਮੈਤੀ ਨਾਲਾ" ਰੱਖਿਆ। ਹੁਣ ਇਸ ਨਾਲੇ ਦਾ ਵਜੂਦ ਨਹੀਂ ਰਿਹਾ ਅਤੇ ਇਸ ਜਗਹ ਤੇ ਖੇਤੀ ਹੁੰਦੀ ਹੈ।

ਬਿਲਾਸਪੁਰ ਤੇ ਅਨੰਦਪੁਰ ਸਾਹਿਬ ਵੱਖ ਹੋਏ

ਜਦੋਂ ਰੁਸਤਮ ਖਾਨ ਅਨੰਦਪੁਰ ਸਾਹਿਬ ਤੋਂ ਖਾਲੀ ਮੁੜਿਆ ਤਾਂ ਲਾਹੌਰ ਦੇ ਗਵਰਨਰ ਦਿਲਾਵਰ ਖ਼ਾਨ ਨੇ ਕਾਂਗੜੇ ਦੇ ਕਿਲੇਦਾਰ ਹੁਸੈਨ ਖ਼ਾਨ ਨੂੰ ਭੇਜਿਆ। ਹੁਸੈਨ ਖ਼ਾਨ ਨੇ ਅਨੰਦਪੁਰ ਸਾਹਿਬ ਵੱਲ ਮੂੰਹ ਕਰਨ ਬਜਾਇ ਸਿੱਧੀ ਪਹਾੜੀ ਰਾਜਿਆਂ ਤੇ ਚੜ੍ਹਾਈ ਕਰ ਦਿੱਤੀ। ਡਢਵਾਲੀਏ ਤੇ ਬਿਲਾਸਪੁਰੀਏ ਰਾਜਿਆਂ ਨੇ ਪਹਿਲੋਂ ਤਾਂ ਹੁਸੈਨੀ ਦਾ ਟਾਕਰਾ ਕੀਤਾ ਪਰ ਅਖ਼ੀਰ ਹਥਿਆਰ ਸੁੱਟ ਦਿੱਤੇ। ਹੁਸੈਨ ਖ਼ਾਨ ਨੇ ਉਨ੍ਹਾਂ ਨੂੰ ਇਸ ਸ਼ਰਤ ਤੇ ਮੁਆਫ਼ ਕਰ ਦਿੱਤਾ ਕਿ ਉਹ ਆਪਣੀਆਂ ਫ਼ੌਜਾਂ ਸਣੇ ਉਸ ਦੀ ਮੁਹਿੰਮ 'ਚ ਸ਼ਾਮਿਲ ਹੋ ਕੇ ਬਾਕੀ ਪਹਾੜੀ ਰਾਜਿਆਂ ਤੇ ਹਮਲਾ ਕਰਨਗੇ। ਇਸ ਮੁਹਿੰਮ ਦੌਰਾਨ ਮੁਗਲ ਫ਼ੌਜ ਨੇ ਗੁਲੇਰ ਰਿਆਸਤ ਤੇ ਵੀ ਹਮਲਾ ਕੀਤਾ। ਗੁਲੇਰ ਦੇ ਰਾਜੇ ਗੋਪਾਲ ਨੇ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ ਪਰ ਹੁਸੈਨੀ ਨੇ ਪੂਰੇ ਦਾ ਪੂਰਾ ਮਾਮਲਾ ਲੈਣ ਦੀ ਸ਼ਰਤ ਰੱਖੀ। ਅਖ਼ੀਰ ਰਾਜਾ ਗੋਪਾਲ ਨੇ ਗੁਰੂ ਸਾਹਿਬ ਦੀ ਮਦਦ ਮੰਗੀ। ਗੁਰੂ ਸਾਹਿਬ ਨੇ ਭਾਈ ਬਚਿਤਰ ਦਾਸ, ਭਾਈ ਸੰਗਤ ਰਾਇ, ਭਾਈ ਹਨੂਮੰਤ ਰਾਏ, ਭਾਈ ਲਹਿਨੂ ਵਗੈਰਾ ਦੀ ਅਗਵਾਈ 'ਚ ਸਿੱਖ ਫ਼ੌਜਾਂ ਨੂੰ ਰਾਜਾ ਗੋਪਾਲ ਦੀ ਮਦਦ ਵਾਸਤੇ ਭੇਜਿਆ। ਇਸ ਲੜਾਈ ਵਿਚ ਸਿੱਖ ਜਰਨੈਲਾਂ ਦੇ ਤੀਰਾਂ ਦੀ ਵਾਛੜ ਨੇ ਮੁਗ਼ਲਾਂ ਅਤੇ ਉਨ੍ਹਾਂ ਤੋਂ ਹਾਰ ਕੇ ਗ਼ੁਲਾਮੀ ਕਬੂਲ ਕਰਨ ਵਾਲੇ ਪਹਾੜੀ ਰਜਵਾੜਿਆਂ ਦੀਆਂ ਫ਼ੌਜਾਂ ਦੇ ਛੱਕੇ ਛੁਡਾ ਦਿੱਤੇ। ਕਾਂਗੜੇ ਦਾ ਕਿਲ੍ਹੇਦਾਰ ਹੁਸੈਨ ਖ਼ਾਨ ਤੇ ਉਸ ਦੇ ਕਈ ਪਹਾੜੀ ਸਾਥੀ ਮਾਰੇ ਗਏ। ਸਿੱਖਾਂ ਵਿੱਚੋਂ ਵੀ ਭਾਈ ਲਹਿਨੂ, ਭਾਈ ਸੰਗਤ, ਭਾਈ ਹਨੂਮੰਤ, ਭਾਈ ਦਰਸੋ ਤੇ ਤਿੰਨ ਹੋਰ ਸਿੱਖ ਸ਼ਹੀਦ ਹੋ ਗਏ। ਇਸ ਲੜਾਈ ਵਿੱਚ ਅਜਮੇਰ ਚੰਦ ਮੁ਼ਗਲ ਫ਼ੌਜਦਾਰ ਦਾ ਗੁਲਾਮ ਬਣ ਕੇ ਲੜਿਆ ਸੀ। ਇਸ ਲੜਾਈ ਮਗਰੋਂ ਉਹ ਮੁ਼ਗਲਾਂ ਦਾ ਹੱਥ-ਠੋਕਾ ਬਣ ਗਿਆ ਤੇ ਉਨ੍ਹਾਂ ਦੇ ਕੈਂਪ ਵਿਚ ਸ਼ਾਮਿਲ ਹੋ ਕੇ ਬਾਕੀ ਪਹਾੜੀ ਰਾਜਿਆਂ ਦੇ ਨਾਲ ਨਾਲ ਸਿੱਖਾਂ ਦਾ ਵੀ ਦੁਸ਼ਮਣ ਬਣ ਗਿਆ। ਇਸ ਮਗਰੋਂ ਬਿਲਾਸਪੁਰ ਤੇ ਅਨੰਦਪੁਰ ਵਿੱਚ ਨੇੜਤਾ ਖ਼ਤਮ ਹੋ ਗਈ ਤੇ ਅਜਮੇਰ ਚੰਦ ਨੇ ਸਿੱਖਾਂ ਦੇ ਖ਼ਿਲਾਫ਼ ਸਾਜਿਸ਼ਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ।

ਅਨੰਦਪੁਰ ਸਾਹਿਬ ਤੇ ਨਵੇਂ ਹਮਲਿਆਂ ਦੀ ਤਿਆਰੀ

ਗੁਲੇਰ 'ਚ ਮੁ਼ਗਲ ਫ਼ੌਜਾਂ ਦੀ ਹਾਰ ਮਗਰੋਂ ਲਾਹੌਰ ਦੇ ਗਵਰਨਰ ਨੇ ਪਹਾੜੀ ਰਾਜਿਆਂ ਨੂੰ ਸਰ ਕਰਨ ਵਾਸਤੇ ਜੁਝਾਰ ਸਿਹੁੰ ਹਾਡੇ ਨੂੰ ਤਿੰਨ ਹਜ਼ਾਰ ਫ਼ੌਜ ਦੇ ਕੇ ਭੇਜਿਆ। ਜੁਝਾਰ ਸਿਹੁੰ ਹਾਡਾ ਇੱਕ ਹਠੀ ਤੇ ਤਗੜਾ ਜਰਨੈਲ ਸੀ। ਉਸ ਨੇ ਬਹੁਤ

ਚਿਰ ਮੁਕਾਬਲਾ ਕੀਤਾ ਪਰ ਅਖ਼ੀਰ ਮਾਰਿਆ ਗਿਆ। ਗਵਰਨਰ ਲਾਹੌਰ ਇਸ ਤੇ ਹੋਰ ਵੀ ਅੱਗ ਬਗੂਲਾ ਹੋਇਆ। ਇਸ ਦੀ ਖ਼ਬਰ ਔਰੰਗਜ਼ੇਬ ਨੂੰ ਪੁੱਜੀ। ਉਸ ਨੇ ਆਪਣੇ ਪੁੱਤਰ ਸ਼ਹਿਜ਼ਾਦਾ ਮੁਅੱਜ਼ਮ ਨੂੰ ਲਾਹੌਰ ਦੇ ਸੂਬੇਦਾਰ ਦੀ ਮਦਦ ਵਾਸਤੇ ਭੇਜਿਆ। ਸ਼ਹਿਜ਼ਾਦਾ ਮੁਅੱਜ਼ਮ ਫ਼ੌਜ ਲੈ ਕੇ ਆਗਰੇ ਤੋਂ ਲਾਹੌਰ ਵੱਲ ਚੱਲ ਪਿਆ। ਸਿੱਖ ਸੂਹੀਆਂ ਨੇ ਗੁਰੂ ਸਾਹਿਬ ਨੂੰ ਸ਼ਾਹੀ ਫ਼ੌਜ ਦੇ ਆਉਣ ਦੀ ਖ਼ਬਰ ਦਿੱਤੀ। ਗੁਰੂ ਸਾਹਿਬ ਨੇ ਆਖਿਆ ਕਿ ਅਕਾਲ ਪੁਰਖ ਦਾ ਹੁਕਮ ਇਸ ਫ਼ੌਜ ਦਾ ਅਨੰਦਪੁਰ ਸਾਹਿਬ ਤੇ ਹਮਲਾ ਨਹੀਂ ਹੋਣ ਦੇਵੇਗਾ। ਸ਼ਹਿਜ਼ਾਦਾ ਮੁਅੱਜ਼ਮ ਨੇ ਸਿੱਖ ਫ਼ੌਜਾਂ ਨਾਲ ਲੜਾਈ ਨਾ ਕੀਤੀ ਤੇ ਸਿੱਧਾ ਲਾਹੌਰ ਚਲਾ ਗਿਆ। ਪਰ ਉਸ ਨੇ ਵਾਪਿਸ ਜਾ ਕੇ ਔਰੰਗਜ਼ੇਬ ਨੂੰ ਖ਼ਬਰ ਕੀਤੀ ਕਿ ਪੰਜਾਬ ਦੇਸ਼ ਵਿੱਚ ਕੋਈ ਮਸਲਾ ਨਹੀਂ ਤੇ ਅਨੰਦਪੁਰ ਤੇ ਹਮਲਾ ਕਰਨਾ ਮੁਗ਼ਲ ਸਰਕਾਰ ਦੇ ਮੁਫ਼ਾਦ ਵਿੱਚ ਨਹੀਂ।

ਔਰੰਗਜ਼ੇਬ ਨੇ ਹੋਰ ਤਸੱਲੀ ਕਰਨ ਵਾਸਤੇ ਸਿਤੰਬਰ ੧੬੯੬ ਦੇ ਅਖੀਰ ਵਿੱਚ ਮਿਰਜ਼ਾ ਬੇਗ ਨੂੰ ਭੇਜਿਆ। ਮਿਰਜ਼ਾ ਬੇਗ ਅਨੰਪੁਰ ਸਾਹਿਬ ਆਇਆ ਤੇ ਉਸ ਨੇ ਸਿੱਖਾਂ ਨਾਲ ਮੁਲਾਕਾਤ ਕੀਤੀ। ਮਿਰਜ਼ਾ ਬੇਗ ਨੂੰ ਅਨੰਦਪੁਰ ਸਾਹਿਬ ਨਾਲ ਟੱਕਰ ਲੈਣ ਦਾ ਕੋਈ ਤੁਕ ਨਜ਼ਰ ਨਾ ਆਇਆ। ਉਸ ਨੇ ਇਸ ਦੀ ਰਿਪੋਰਟ ਔਰੰਗਜ਼ੇਬ ਨੂੰ ਭੇਜ ਦਿੱਤੀ। ਇਸ ਦੇ ਬਾਵਜੂਦ ਦਿੱਲੀ ਦਰਬਾਰ ਨੇ ਚਾਰ ਹੋਰ ਅਹਿਦੀਏ ਪਹਾੜਾਂ ਵੱਲ ਭੇਜੇ। ਉਨ੍ਹਾਂ ਵੀ ਮਿਰਜ਼ਾ ਬੇਗ ਦੀ ਰਿਪੋਰਟ ਦੀ ਤਾਈਦ ਕੀਤੀ। ਇਸ ਨਾਲ ਇਕ ਵਾਰ ਤਾਂ ਅਨੰਦਪੁਰ ਕਿਸੇ ਵੱਡੇ ਹਮਲੇ ਤੋਂ ਬਚ ਗਿਆ।

ਖਾਲਸਾ ਪਰਗਟ ਕਰਨਾ

"ਖਾਲਸਾ ਅਕਾਲ ਪੁਰਖ ਕੀ ਫਉਜ।
ਪਰਗਟਿਓ ਖਾਲਸਾ ਪਰਮਾਤਮ ਕੀ ਮੌਜ ॥"

ਦਸਵੇਂ ਨਾਨਕ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅੱਜ ਤੋਂ ਤਿੰਨ ਸੌ ਸਾਲ ਪਹਿਲਾਂ ਅਕਾਲ ਪੁਰਖ ਦੇ ਹੁਕਮ ਨਾਲ ਖਾਲਸਾ ਪਰਗਟ ਕੀਤਾ। ਜਿਸ ਵੇਲੇ ਗੁਰੂ ਸਾਹਿਬ ਨੇ ਖਾਲਸਾ ਪਰਗਟ ਕਰਨ ਵੇਲੇ ਸੀਸ ਭੇਟ ਕੌਤਕ ਰਚਿਆ ਉਸ ਤੋਂ ਪਹਿਲਾਂ ਸਿੱਖ ਪੰਥ ਦਾ ਜਥੇਬੰਦਕ ਢਾਂਚਾ, ਜੋ ਗੁਰੂ ਨਾਨਕ ਸਾਹਿਬ ਵੇਲੇ 'ਧਰਮਸਾਲਾ' ਤੇ 'ਸੰਗਤ' ਵਜੋਂ ਸ਼ੁਰੂ ਹੋਇਆ ਅਤੇ ਗੁਰੂ ਅਮਰਦਾਸ ਸਾਹਿਬ ਵੇਲੇ "ਮੰਜੀਆਂ" ਤੇ "ਪੀੜ੍ਹਿਆਂ" ਦੇ ਰੂਪ 'ਚ ਫੈਲਿਆ, ਉਹ ਗੁਰੂ ਰਾਮਦਾਸ ਸਾਹਿਬ ਵੇਲੇ "ਮਸੰਦ" ਜਮਾਤ ਬਣ ਕੇ ਕਾਇਮ ਹੋ ਗਿਆ ਸੀ। ਮਸੰਦ ਜਮਾਤ ਦੇ ਕਾਇਮ ਹੋਣ ਨਾਲ ਸਿੱਖ ਪੰਥ, ਸਿੱਖ ਧਰਮ ਤੇ ਸਿੱਖ ਕੌਮ ਇੱਕ ਕਾਇਮ ਜਥੇਬੰਦਕ ਢਾਂਚੇ ਵਿਚ ਪਰੋਈ ਗਈ। ਸਿੱਖੀ ਦਾ ਧਾਰਮਿਕ ਪ੍ਰਚਾਰ ਅਤੇ ਮਾਲੀ ਨਿਜ਼ਾਮ ਇਕ-ਸਾਰ ਕੰਮ ਕਰਨ ਲੱਗ ਪਿਆ। ਸੰਗਤਾਂ ਦਾ ਦਸਵੰਧ ਸੁਚੱਜੇ ਤਰੀਕੇ ਨਾਲ ਗੁਰੂ ਦਰਬਾਰ ਵਿੱਚ ਪੁੱਜਣ ਲੱਗ ਪਿਆ ਅਤੇ ਇਸ ਖ਼ਜ਼ਾਨੇ 'ਚੋਂ ਲੋਕ ਭਲਾਈ ਦੇ ਕੰਮ ਤੇ ਲੋੜਵੰਦਾਂ ਦੀ ਪੂਰੀ ਇਮਦਾਦ ਹੋਣ ਲੱਗ ਪਈ। ਚੌਥੇ ਨਾਨਕ ਤੋਂ ਨੌਵੇਂ ਨਾਨਕ ਤਕ ਇਸ ਮਸੰਦ ਜਮਾਤ ਨੇ ਮਾਅਰਕੇ ਦਾ ਕੰਮ ਕੀਤਾ। ਦਸਵੇਂ ਨਾਨਕ ਵੇਲੇ ਵੀ ਇਸ ਜਮਾਤ ਦਾ ਰੋਲ ਕਾਫ਼ੀ ਹੱਦ ਤਕ ਠੀਕ ਸੀ ਪਰ ਜਿਉਂ ਜਿਉਂ ਅਸਲ ਮਸੰਦ ਲੜੀ ਦੀ ਜਗਹ ਉਨ੍ਹਾਂ ਦੇ ਵਾਰਿਸ, ਖ਼ਾਸ ਕਰ ਕੇ ਉਨ੍ਹਾਂ ਦੀ ਔਲਾਦ, ਆਉਣੀ ਸ਼ੁਰੂ ਹੋਈ ਇਸ ਜਮਾਤ ਵਿੱਚ ਖ਼ਰਾਬੀਆਂ ਆਉਣੀਆਂ ਸ਼ੁਰੂ ਹੋ ਗਈਆਂ। ਮਸੰਦਾਂ ਵਿੱਚ ਕੁਰਪਸ਼ਨ ਅਤੇ ਕੁਝ ਹੱਦ ਤੱਕ ਮੁਜਰਮਾਨਾ ਸੋਚ ਆਉਣੀ ਵੀ ਸ਼ੁਰੂ ਹੋ ਗਈ।

ਮਸੰਦਾਂ ਨੂੰ ਸਜ਼ਾਵਾਂ

੮ ਫ਼ਰਵਰੀ ਤੋਂ ੧੪ ਫਰਵਰੀ ੧੬੯੯ ਤਕ ਸਿੱਖਾਂ ਦੇ ਕਈ ਜਥੇ ਅਨੰਦਪੁਰ ਸਾਹਿਬ ਆਉਂਦੇ ਰਹੇ। ਇਸ ਮੌਕੇ ਤੇ ਧਾਰਮਿਕ ਪ੍ਰੋਗਰਾਮ ਦੇ ਨਾਲ ਨਾਲ ਖੇਡਾਂ, ਕੁਸ਼ਤੀਆਂ, ਗਤਕਾ, ਘੋੜ ਸਵਾਰੀ, ਨੇਜ਼ਾਬਾਜੀ ਤੇ ਤਲਵਾਰ-ਅੰਦਾਜ਼ੀ ਦੇ ਮੁਕਾਬਲੇ ਵੀ ਹੁੰਦੇ ਰਹੇ। ਵਿਚਕਾਰ ਕੁਝ ਮੌਕਿਆਂ ਤੇ ਭੰਡ ਵੀ ਆਪਣਾ ਫ਼ਨ ਵਿਖਾਉਂਦੇ ਰਹਿੰਦੇ ਸਨ। ਇਨ੍ਹਾਂ ਦਿਨਾਂ ਵਿਚ ਹੀ, ਇੱਕ ਮੌਕੇ ਤੇ, ਭੰਡਾਂ ਨੇ ਮਸੰਦਾਂ ਦੀ ਨਕਲ ਕੀਤੀ। ਉਨ੍ਹਾਂ ਨੇ ਮਸੰਦਾਂ ਨੂੰ ਲੁਟੇਰੇ, ਠੱਗ, ਹੈਂਕੜਬਾਜ਼, ਕੁਰਪਟ, ਬਦ-ਇਖ਼ਲਾਕ

ਅਤੇ ਅੱਯਾਸ਼ ਜਿਹੇ ਦਿਖਾਇਆ। ਉਸ ਵੇਲੇ ਗੁਰੂ ਸਾਹਿਬ ਕੋਲ ਭਾਈ ਨਾਨੂੰ ਰਾਮ ਦਿਲਵਾਲੀ (ਦੀਵਾਨ ਦਰਬਾਰਾ ਸਿੰਘ ਜਥੇਦਾਰ ਦਾ ਪਿਤਾ) ਬੈਠਾ ਸੀ। ਉਸ ਨੇ ਗੁਰੂ ਸਾਹਿਬ ਨੂੰ ਮਸੰਦਾਂ ਬਾਰੇ ਹੋਰ ਵਾਕਫ਼ੀ ਵੀ ਦਿੱਤੀ। ਇਹ ਸਾਰਾ ਕੁਝ ਸੁਣ ਕੇ ਗੁਰੂ ਸਾਹਿਬ ਦੇ ਰੌਂਗਟੇ ਖੜੇ ਹੋ ਗਏ। ਗੁਰੂ ਸਾਹਿਬ ਨੇ ਦੀਵਾਨ ਮਨੀ ਰਾਮ (ਭਾਈ ਮਨੀ ਸਿੰਘ) ਨੂੰ ਹੁਕਮ ਕੀਤਾ ਕਿ ਸਾਰੇ ਮਸੰਦਾਂ ਨੂੰ ਮੁਸ਼ਕਾਂ ਬੰਨ੍ਹ ਕੇ ਅਨੰਦਪੁਰ ਸਾਹਿਬ ਲਿਆਂਦਾ ਜਾਏ। ਭਾਈ ਆਲਮ ਚੰਦ (ਸਿੰਘ) 'ਨੱਚਣਾ' ਨਾਲ ਚਾਰ ਹੋਰ ਸਿੰਘ ਭੇਜੇ ਗਏ ਤਾਂ ਜੋ ਉਹ ਮਸੰਦਾਂ ਨੂੰ ਅਨੰਦਪੁਰ ਸਾਹਿਬ ਪੇਸ਼ ਕਰਨ। ਕੁਝ ਹੀ ਦਿਨਾਂ ਵਿੱਚ ਸਾਰੇ ਮਸੰਦ ਅਨੰਦਪੁਰ ਸਾਹਿਬ ਪਹੁੰਚ ਗਏ। ਗੁਰੂ ਸਾਹਿਬ ਨੇ ਮਸੰਦਾਂ ਦੀ ਪਰਖ ਕੀਤੀ। ਜਿਹੜੇ ਮਸੰਦ ਕੁਰਪਟ ਨਿਕਲੇ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਵੱਡੇ ਮੁਜਰਿਮਾਂ ਨੂੰ ਸਜ਼ਾਏ-ਮੌਤ ਸੁਣਾਈ ਗਈ। ਇਸ ਸਜ਼ਾ ਤੇ ਅਮਲ ਵੀ ਉੱਥੇ ਹੀ ਕੀਤਾ ਗਿਆ। ਕੁਝ ਮਸੰਦ ਇਮਤਿਹਾਨ ਵਿੱਚੋਂ ਸੁਰਖ਼ਰੂ ਹੋ ਕੇ ਨਿਕਲੇ। ਇਨ੍ਹਾਂ ਨੂੰ ਸਿਰੋਪਾਓ ਭੇਂਟ ਕੀਤੇ ਗਏ। ਇਨ੍ਹਾਂ ਵਿੱਚ ਭਾਈ ਬਖ਼ਤ ਮੱਲ ਸੂਰੀ (ਜਲਾਲਪੁਰ ਜੱਟਾਂ), ਭਾਈ ਕੰਬੋ (ਦੀਪਾਲਪੁਰ), ਭਾਈ ਜੋਧ (ਕਮਾਲੀਆ), ਭਾਈ ਦੁਰਗਾ ਦਾਸ ਹਜਾਵਤ (ਦਬੁਰਜੀ, ਸਿਆਲਕੋਟ), ਭਾਈ ਤੁਲਸੀ ਦਾਸ ਛੀਂਬਾ (ਦਿਲਵਾਲੀ, ਦਿੱਲੀ) ਤੇ ਭਾਈ ਸੰਗਤ/ਫੇਰੂ (ਮੀਆਂ ਕੀ ਮੌੜ, ਲਾਹੌਰ) ਸਨ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਮਸੰਦ ਜਮਾਤ ਖ਼ਤਮ ਕਰਨ ਦਾ ਐਲਾਨ ਕੀਤਾ। ਗੁਰੂ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ ਕਿ ਅੱਗੇ ਤੋਂ ਕੋਈ ਸਿੱਖ ਆਪਣਾ ਦਸਵੰਧ ਭੇਟਾ ਮਸੰਦਾਂ ਨੂੰ ਨਾ ਦੇਵੇ ਅਤੇ ਸਿੱਧੀ ਗੁਰੂ ਦਰਬਾਰ ਨੂੰ ਭੇਜੇ। ਮਸੰਦ ਰਾਹੀਂ ਆਈ ਭੇਟਾ ਕਬੂਲ ਨਹੀਂ ਕੀਤੀ ਜਾਵੇਗੀ। ਗੁਰੂ ਸਾਹਿਬ ਨੇ ਗੁਰੂ ਤੇ ਸਿੱਖ ਵਿਚਕਾਰ ਵਿਚੋਲੇ ਖ਼ਤਮ ਕਰ ਦਿੱਤੇ ਤੇ ਸਿੱਖ ਸੰਗਤਾਂ ਨੂੰ ਅਕਾਲ ਪੁਰਖ ਦੀ ਰਿਆਇਆ ਬਣਾਉਣ ਦਾ ਕੌਤਕ ਰਚਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ।

ਪੰਜ ਸਿਰਾਂ ਦੀ ਮੰਗ

ਮਾਰਚ ਦੇ ਸ਼ੁਰੂ ਵਿੱਚ ਗੁਰੂ ਸਾਹਿਬ ਨੇ ਸਾਰੇ ਸਿੱਖਾਂ ਨੂੰ ਹੁਕਮਨਾਮੇ ਭੇਜ ਕੇ ਬਿਕਰਮੀ ਸੰਮਤ ਦੇ ਵਿਸਾਖ ਮਹੀਨੇ ਦੀ ਪਹਿਲੀ ਤਾਰੀਖ਼ (੨੯ ਮਾਰਚ) ਦੇ ਦਿਨ ਅਨੰਦਪੁਰ ਸਾਹਿਬ ਪਹੁੰਚਣ ਵਾਸਤੇ ਆਖਿਆ। ਹਜ਼ਾਰਾਂ ਸਿੱਖ ਗੁਰੂ ਦੀ ਨਗਰੀ ਵਿੱਚ ਪੁੱਜੇ। ਉਸ ਦਿਨ ਸਵੇਰੇ ਰਬਾਬੀਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ। ਕੀਰਤਨ ਤੋਂ ਬਾਅਦ ਭਾਈ ਮਨੀ ਰਾਮ (ਸਿੰਘ) ਨੇ ਇੱਕ ਸ਼ਬਦ ਦੀ ਕਥਾ ਕੀਤੀ। ਇਸ ਦੇ ਨਾਲ ਹੀ ਗੁਰੂ ਸਾਹਿਬ ਖੜੇ ਹੋ ਗਏ, ਆਪਣੀ ਸ੍ਰੀ ਸਾਹਿਬ ਮਿਆਨ ਵਿਚੋਂ ਕੱਢ ਲਈ ਤੇ ਆਖਿਆ ਕਿ ਮੈਨੂੰ ਕਿਸੇ ਸਿੱਖ ਦਾ ਸਿਰ ਚਾਹੀਦਾ ਹੈ। ਗੁਰੂ ਸਾਹਿਬ ਦੇ ਬੋਲ ਸੁਣ ਕੇ ਸਾਰੇ ਪਾਸੇ ਚੁੱਪ ਛਾ ਗਈ। ਗੁਰੂ ਸਾਹਿਬ ਨੇ ਤਿੰਨ ਵਾਰੀ ਇਹੀ ਬੋਲ ਆਖੇ। ਤੀਜੀ ਵਾਰੀ ਤੋਂ ਪਿੱਛੋਂ ਭਾਈ ਦਇਆ ਰਾਮ ਖੜਾ ਹੋ ਗਿਆ। ਗੁਰੂ ਸਾਹਿਬ ਤਖ਼ਤ ਤੋਂ ਉਤਰੇ ਤੇ ਉਸ ਨੂੰ ਫੜ ਕੇ ਨੇੜੇ ਹੀ ਗੱਡੇ ਹੋਏ ਤੰਬੂ ਵਿੱਚ ਲੈ ਗਏ।

ਕੁਝ ਪਲਾਂ ਬਾਅਦ ਗੁਰੂ ਸਾਹਿਬ ਖੂਨ ਨਾਲ ਲਿਬੜੀ ਕਿਰਪਾਨ ਲੈ ਕੇ ਬਾਹਰ ਆਏ। ਇਸ ਵਾਰ ਗੁਰੂ ਸਾਹਿਬ ਨੇ ਫੇਰ ਇਕ ਸਿਰ ਦੀ ਮੰਗ ਕੀਤੀ। ਇਹ ਕੌਤਕ ਗੁਰੂ ਸਾਹਿਬ ਨੇ ਪੰਜ ਵਾਰ ਦੁਹਰਾਇਆ। ਪੰਜਵੇਂ ਸਿੱਖ ਵੱਲੋਂ ਸਿਰ ਭੇਟ ਕਰਨ ਤੋਂ ਕੁਝ ਚਿਰ ਮਗਰੋਂ ਗੁਰੂ ਸਾਹਿਬ ਉਨ੍ਹਾਂ ਪੰਜਾਂ ਨੂੰ ਨੀਲੇ ਬਾਣੇ ਵਿੱਚ ਪੰਡਾਲ ਵਿਚ ਲੈ ਕੇ ਆਏ। ਗੁਰੂ ਸਾਹਿਬ ਨੇ ਆਪ ਵੀ ਨੀਲਾ ਬਾਣਾ ਪਹਨਿਆ ਹੋਇਆ ਸੀ। ਸਿਰ ਭੇਟ ਕਰਨ ਵਾਲੇ ਪੰਜਾਂ ਸਿੱਖਾਂ (ਭਾਈ ਦਇਆ ਰਾਮ, ਭਾਈ ਮੁਹਕਮ ਚੰਦ, ਭਾਈ ਸਾਹਿਬ ਚੰਦ, ਭਾਈ ਧਰਮ ਚੰਦ, ਭਾਈ ਹਿੰਮਤ ਚੰਦ) ਤੇ ਚਿਹਰੇ ਤੇ ਵੱਖਰੀ ਕਿਸਮ ਦਾ ਨੂਰ ਝਲ੍ਹਕ ਰਿਹਾ ਸੀ। ਗੁਰੂ ਸਾਹਿਬ ਨੇ ਸੰਗਤਾਂ ਨੂੰ ਮੁਖ਼ਾਤਿਬ ਹੋ ਕੇ ਆਖਿਆ ਕਿ ਹੁਣ ਤੋਂ ਇਨ੍ਹਾਂ ਪੰਜਾਂ ਮਰਜੀਵੜਿਆਂ ਨੂੰ "ਪੰਜ ਪਿਆਰੇ" ਆਖਿਆ ਜਾਇਆ ਕਰੇਗਾ। ਜਦ ਤਕ ਚੰਨ ਸੂਰਜ ਕਾਇਮ ਰਹਿਣਗੇ, ਗੁਰੂ ਨੂੰ ਸਿਰ ਭੇਟ ਕਰਨ ਵਾਲੇ ਪਹਿਲੇ ਪੰਜ ਸਿੱਖਾਂ ਦਾ ਨਾਂ ਦੁਨੀਆਂ ਭਰ 'ਚ ਕਾਇਮ ਰਹੇਗਾ। ਅੱਜ ਤੋਂ ਦੋ ਵੇਲੇ ਦੀ ਅਰਦਾਸਿ ਵਿੱਚ ਇਨ੍ਹਾਂ ਦਾ ਨਾਂ ਲਿਆ ਜਾਇਆ ਕਰੇਗਾ। ਜਦੋਂ ਵੀ ਕੜਾਹ ਪ੍ਰਸ਼ਾਦ ਦੀ ਦੇਗ਼ ਤਿਆਰ ਹੋਇਆ ਕਰੇਗੀ ਇਨ੍ਹਾਂ ਦਾ ਛਾਂਦਾ ਸਭ ਤੋਂ ਪਹਿਲਾਂ ਕੱਢਿਆ ਜਾਇਆ ਕਰੇਗਾ। ਇਸ ਪਿੱਛੋਂ ਗੁਰੂ ਸਾਹਿਬ ਨੇ ਭਾਈ ਚਉਪਤਿ ਰਾਇ ਨੂੰ ਆਖਿਆ ਕਿ ਉਹ ਚਰਨ ਪਾਹੁਲ ਵਾਲੇ ਮਟਕੇ ਦੇ ਪਾਣੀ ਨੂੰ ਸਤਲੁਜ ਵਿੱਚ ਪ੍ਰਵਾਹ ਕਰ ਆਏ ਤੇ ਉਥੋਂ ਸਾਫ਼ ਪਾਣੀ ਭਰ ਕੇ ਲੈ ਆਏ। ਗੁਰੂ ਜੀ ਨੇ ਦੀਵਾਨ ਧਰਮ ਚੰਦ ਛਿਬਰ ਨੂੰ ਪੱਥਰ ਦਾ ਕੂੰਡਾ ਤੇ ਲੋਹੇ ਦਾ ਬਾਟਾ ਅਤੇ ਖੰਡਾ ਲਿਆਉਣ ਵਾਸਤੇ ਆਖਿਆ। ਗੁਰੂ ਸਾਹਿਬ ਨੇ ਪੱਥਰ ਦੇ ਕੂੰਡੇ ਤੇ ਲੋਹੇ ਦਾ ਬਾਟਾ ਰੱਖ ਕੇ ਉਸ ਵਿੱਚ ਸਤਲੁਜ ਦਰਿਆ ਤੋਂ ਮੰਗਵਾਇਆ ਪਾਣੀ ਪਾ ਕੇ ਪਾਹੁਲ ਤਿਆਰ ਕਰਨੀ ਸ਼ੁਰੂ ਕਰ ਦਿੱਤੀ। ਪੰਜੇ ਪਿਆਰੇ ਗੁਰੂ ਸਾਹਿਬ ਦੇ ਨੇੜੇ ਬੈਠ ਗਏ। ਗੁਰੂ ਸਾਹਿਬ ਆਪਣੇ ਹੱਥ ਨਾਲ ਖੰਡਾ ਫੇਰ ਕੇ ਪਾਹੁਲ ਤਿਆਰ ਕਰਨ ਲੱਗ ਪਏ। ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਜਪੁਜੀ ਸਾਹਿਬ ਦਾ ਪਾਠ ਕੀਤਾ। ਇਸ ਮੌਕੇ ਤੇ ਮਾਤਾ ਜੀਤੋ (ਜੀਤ ਕੌਰ) ਨੇ ਆ ਕੇ ਬਾਟੇ ਵਿੱਚ ਪਤਾਸੇ ਪਾ ਦਿੱਤੇ। ਗੁਰੂ ਸਾਹਿਬ ਨੇ ਪਾਠ ਕਰਨਾ ਜਾਰੀ ਰੱਖਿਆ। ਜਪੁਜੀ ਸਾਹਿਬ ਤੋਂ ਬਾਅਦ ਜਾਪੁ ਸਾਹਿਬ, ਸਵੈਯਾ, ਚੌਪਈ ਤੇ ਅਨੰਦ ਸਾਹਿਬ ਦਾ ਪਾਠ ਕੀਤਾ। ਇਸ ਮਗਰੋਂ ਅਰਦਾਸ ਕੀਤੀ ਤੇ ਜੈਕਾਰਾ ਛੱਡਣ ਮਗਰੋਂ 'ਖੰਡੇ ਦੀ ਪਾਹੁਲ' ਦੇਣ ਦੀ ਰਸਮ ਸ਼ੁਰੂ ਕੀਤੀ।

ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਨਵਾਂ ਨਾਂ "ਸਿੰਘ" ਦਿੱਤਾ। ਪਹਿਲਾਂ ਗੁਰੂ ਸਾਹਿਬ ਨੇ ਆਪਣਾ ਨਾਂ "ਗੋਬਿੰਦ ਸਿੰਘ" ਰੱਖਿਆ ਤੇ ਫੇਰ ਪੰਜ ਪਿਆਰਿਆਂ ਨੂੰ ਦਇਆ ਸਿੰਘ, ਮੁਹਕਮ ਸਿੰਘ, ਸਾਹਿਬ ਸਿੰਘ, ਧਰਮ ਸਿੰਘ, ਹਿੰਮਤ ਸਿੰਘ ਦੇ ਨਾਂ ਦਿੱਤੇ। ਇਸ ਪਿੱਛੋਂ ਆਪ ਨੇ ਉਨ੍ਹਾਂ ਨੂੰ ਰਹਿਤ ਮਰਿਆਦਾ ਦੱਸੀ। ਗੁਰੂ ਸਾਹਿਬ ਨੇ ਆਖਿਆ ਕਿ ਹੁਣ ਤੁਹਾਡਾ ਪਿਛਲਾ ਜਨਮ, ਧਰਮ, ਕਰਮ, ਭਰਮ ਤੇ ਸ਼ਰਮ ਪੰਜੇ ਖਤਮ ਹੋ ਗਈਆਂ ਹਨ। ਹੁਣ ਤੁਸੀਂ ਅਕਾਲ ਪੁਰਖ ਦਾ ਖਾਲਸਾ ਹੋ। ਤੁਸੀਂ 'ਪੰਜ ਕਕਾਰਾਂ' ਨੂੰ ਹਮੇਸ਼ਾਂ ਆਪਣੇ ਅੰਗ ਸੰਗ ਰੱਖਣਾ। ਚਾਰ ਬਜਰ

ਕੁਰਹਿਤਾਂ ਤੋਂ ਬਚਣਾ (ਕੇਸਾਂ ਦੀ ਬੇਅਦਬੀ ਨਹੀਂ ਕਰਨਾ, ਕੁੱਠਾ ਮਾਸ ਨਹੀਂ ਖਾਣਾ, ਤੰਮਾਕੂ ਨਹੀਂ ਵਰਤਣਾ, ਪਰ ਨਾਰੀ ਦਾ ਸੰਗ ਨਹੀਂ ਕਰਨਾ)। ਬਜਰ ਕੁਰਹਿਤ ਕਰਨ ਵਾਲਾ ਪਤਿਤ ਹੋ ਜਾਏਗਾ ਅਤੇ ਉਸ ਨੂੰ ਦੁਬਾਰਾ ਖੰਡੇ ਦੀ ਪਾਹੁਲ ਲੈਣੀ ਪਏਗੀ। ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ ਤੇ ਸਿਰਗੁੰਮ ਇਨ੍ਹਾਂ ਪੰਜਾਂ ਨਾਲ ਮੇਲ ਨਹੀਂ ਰੱਖਣਾ। ਗੋਰ, ਮੜ੍ਹੀ, ਮੱਠ ਭੁੱਲ ਕੇ ਵੀ ਨਹੀਂ ਮੰਨਣਾ। ਤੁਹਾਨੂੰ ਸੁਨਹਿਰੇ ਵਿੱਚ ਰਲਾ ਦਿੱਤਾ ਹੈ। ਆਪਸ 'ਚ ਭਰਮ ਭੇਦ ਨਹੀਂ ਰੱਖਣਾ।

ਪੰਜ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦੇਣ ਦੀ ਰਸਮ ਪੂਰੀ ਹੋਣ ਮਗਰੋਂ ਪੰਜ ਹੋਰ ਸਿੱਖਾਂ ਨੇ ਆਪਣੇ ਆਪ ਨੂੰ ਖੰਡੇ ਦੀ ਪਾਹੁਲ ਲੇਣ ਵਾਸਤੇ ਪੇਸ਼ ਕੀਤਾ। ਇਹ ਪੰਜ ਸਨ : ਦੇਵਾ ਰਾਮ, ਰਾਮ ਚੰਦ, ਟਹਿਲ ਦਾਸ, ਈਸ਼ਰ ਦਾਸ ਤੇ ਫ਼ਤਹਿ ਚੰਦ। ਇਹ ਪੰਜੇ ਸਿੰਘ ਖੰਡੇ ਦੀ ਪਾਹੁਲ ਮਗਰੋਂ "ਪੰਜ ਮੁਕਤੇ" ਅਖਵਾਏ। ਇਨ੍ਹਾਂ ਦਸਾਂ ਮਗਰੋਂ ਭਾਈ ਮਨੀ ਸਿੰਘ, ਉਨ੍ਹਾਂ ਦੇ ਛੇ ਸਪੁੱਤਰ (ਭਾਈ ਚਿਤਰ ਸਿੰਘ, ਭਾਈ ਬਚਿਤਰ ਸਿੰਘ, ਭਾਈ ਉਦੈ ਸਿੰਘ, ਭਾਈ ਅਨਿਕ ਸਿੰਘ, ਭਾਈ ਅਜਬ ਸਿੰਘ, ਭਾਈ ਅਜਾਇਬ ਸਿੰਘ) ਭਾਈ ਚੌਪਾ ਸਿੰਘ, ਭਾਈ ਧਰਮ ਸਿੰਘ (ਦੀਵਾਨ), ਭਾਈ ਆਲਮ ਸਿੰਘ 'ਨੱਚਣਾ' ਤੇ ਭਾਈ ਗੁਰਬਖ਼ਸ਼ ਸਿੰਘ (ਰਾਮ ਕੰਵਰ), ਯਾਰਾਂ ਸਿੱਖਾਂ ਨੇ ਖੰਡੇ ਦੀ ਪਾਹੁਲ ਲਈ। ਇਨ੍ਹਾਂ ਇੱਕੀਆਂ ਤੋਂ ਮਗਰੋਂ ਭਾਈ ਰਾਇ ਸਿੰਘ ਮੁਲਤਾਨੀ, ਭਾਈ ਗੁਰਬਖ਼ਸ਼ ਸਿੰਘ, ਭਾਈ ਗੁਰਬਖ਼ਸ਼ੀਸ਼ ਸਿੰਘ, ਭਾਈ ਕਿਰਪਾ ਸਿੰਘ ਦੱਤ (ਕਿਰਪਾ ਰਾਮ), ਭਾਈ ਸਨਮੁਖ ਸਿੰਘ ਦੱਤ (ਭਰਾ ਭਾਈ ਕਿਰਪਾ ਰਾਮ), ਭਾਈ ਗੁਰਮੁਖ ਸਿੰਘ ਪਿਤਾ ਭਾਈ ਕਿਰਪਾ ਰਾਮ, ਭਾਈ ਸੁਬੇਗ ਸਿੰਘ; ਭਾਈ ਅਮਰੀਕ ਸਿੰਘ ਭਾਈ ਦਯਾ ਸਿੰਘ ਪੁਰੋਹਤ, ਭਾਈ ਬਰਨ ਸਿੰਘ, ਭਾਈ ਅਣੀ ਸਿੰਘ, ਭਾਈ ਲਾਲ ਸਿੰਘ ਪਿਸ਼ੌਰੀਆ, ਭਾਈ ਰੂਪ ਸਿੰਘ, ਸੋਢੀ ਦੀਪ ਸਿੰਘ, ਸੋਢੀ ਨੰਦ ਸਿੰਘ, ਭਾਈ ਨਾਨੂ ਸਿੰਘ ਦਿਲਵਾਲੀ, ਸਰਹਿੰਦ ਦੇ ਭਾਈ ਹਜ਼ਾਰੀ ਸਿੰਘ, ਭਾਈ ਭੰਡਾਰੀ ਸਿੰਘ ਤੇ ਭਾਈ ਦਰਬਾਰੀ ਸਿੰਘ ਵਗੈਰਾ ਨੇ 'ਖੰਡੇ ਦੀ ਪਾਹੁਲ' ਲਈ। ਸਾਰਾ ਦਿਨ 'ਖੰਡੇ ਦੀ ਪਾਹੁਲ' ਦੇਣ ਵਿੱਚ ਬੀਤ ਗਿਆ। ਅਗਲੇ ਦਿਨ ੩੦ ਮਾਰਚ ਨੂੰ ਵੀ ਪੰਜ ਪੰਜ ਸਿੰਘਾਂ ਦੇ ਜਥੇ ਬਾਹਰੋਂ ਆਈਆਂ ਸੰਗਤਾਂ ਨੂੰ 'ਖੰਡੇ ਦੀ ਪਾਹੁਲ' ਦੇਣ ਲੱਗ ਪਏ। ਇੰਞ ਲਗਾਤਾਰ ਕਈ ਦਿਨ 'ਖੰਡੇ ਦੀ ਪਾਹੁਲ' ਦੇਣ 'ਚ ਬੀਤ ਗਏ।

ਭਾਈ ਮਨੀ ਸਿੰਘ ਦਾ ਅੰਮ੍ਰਿਤਸਰ ਜਾਣਾ

੧੬੩੫ ਤੋਂ ੧੬੯੬ ਤੱਕ ਹਰਿਮੰਦਰ ਸਾਹਿਬ 'ਗੁਰੂ ਦਾ ਚੱਕ' (ਅੰਮ੍ਰਿਤਸਰ) ਦਾ ਇੰਤਜ਼ਾਮ ਪ੍ਰਿਥੀ ਚੰਦ ਮੀਣਾ, ਉਸ ਦੇ ਪੁੱਤਰ ਮਿਹਰਬਾਨ ਤੇ ਪੋਤਰੇ ਹਰਿ ਜੀ ਕੋਲ ਰਿਹਾ ਸੀ। ੧੬੯੬ ਵਿੱਚ ਹਰਿ ਜੀ ਦੀ ਮੌਤ ਮਗਰੋਂ ਉਸ ਦੇ ਚਾਰੇ ਪੁੱਤਰ ਅੰਮ੍ਰਿਤਸਰ ਦਾ ਇੰਤਜ਼ਾਮ ਠੀਕ ਤਰੀਕੇ ਨਾਲ ਨਾ ਕਰ ਸਕੇ। ਛੇਤੀ ਹੀ ਉਹ 'ਗੁਰੂ ਦਾ ਚੱਕ' ਤੋਂ ਚਲੇ ਗਏ। ਹੌਲੀ-ਹੌਲੀ ਆਮ ਲੋਕ ਵੀ 'ਗੁਰੂ ਦਾ ਚੱਕ' ਤੋਂ ਜਾਣੇ ਸ਼ੁਰੂ ਹੋ ਗਏ। ਗੁਰੂ ਦੀ ਨਗਰੀ ਦੀ ਆਬਾਦੀ ਘਟਣੀ ਸ਼ੁਰੂ ਹੋ ਗਈ। ਹਜ਼ਾਰਾਂ

ਸਿੱਖਾਂ ਨੂੰ "ਖੰਡੇ ਦੀ ਪਾਹੁਲ" ਦੇਣ ਦੀ ਰਸਮ ਖਤਮ ਹੋਣ ਮਗਰੋਂ 'ਗੁਰੂ ਦਾ ਚੱਕ' ਦੀ ਸੰਗਤ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਅਰਜ਼ ਕੀਤਾ ਕਿ ਕੁਝ ਚੰਗੇ ਸਿੰਘ "ਗੁਰੂ ਦਾ ਚੱਕ" ਦੀ ਸੇਵਾ ਸੰਭਾਲ ਵਾਸਤੇ ਭੇਜ ਦੇਣ। ਭਾਈ ਮਨੀ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦੀਵਾਨ ਸਨ। ਆਪ ਹਰ ਰੋਜ਼ ਗੁਰਬਾਣੀ ਦੇ ਸ਼ਬਦਾਂ ਦੀ ਕਥਾ ਕਰਿਆ ਕਰਦੇ ਸਨ। ਆਪ ਇਹ ਸੇਵਾ ਗੁਰੂ ਤੇਗ਼ ਬਹਾਦਰ ਸਾਹਿਬ ਦੇ ਵੇਲੇ ਵੀ ਕਰਿਆ ਕਰਦੇ ਸਨ। ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਪੰਜ ਸਿੰਘ (ਭਾਈ ਭੂਪਤ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਕੋਇਰ ਸਿੰਘ ਚੰਦਰਾ, ਭਾਈ ਦਾਨ ਸਿੰਘ ਤੇ ਭਾਈ ਕੀਰਤ ਸਿੰਘ) ਦੇ ਕੇ 'ਗੁਰੂ ਦਾ ਚੱਕ' ਭੇਜਿਆ। ਭਾਈ ਮਨੀ ਸਿੰਘ ਜੀ ਨੇ 'ਗੁਰੂ ਦਾ ਚੱਕ' ਪਹੁੰਚ ਕੇ ਹਰਿਮੰਦਰ ਸਾਹਿਬ ਤੇ ਨਿਸ਼ਾਨ ਸਾਹਿਬ ਝੁਲਾ ਕੇ ਪਾਠ ਅਤੇ ਕਥਾ ਦੀ ਸੇਵਾ ਫੇਰ ਸ਼ੁਰੂ ਕੀਤੀ। ਹੌਲੀ-ਹੌਲੀ 'ਗੁਰੂ ਦਾ ਚੱਕ' 'ਚ ਰੌਣਕਾਂ ਵੱਧਣ ਲੱਗ ਪਈਆਂ। ਕੁਝ ਮਹੀਨਿਆਂ ਵਿੱਚ ਹੀ 'ਗੁਰੂ ਦਾ ਚੱਕ' ਆਪਣੀ ਪਹਿਲੀ ਸ਼ਾਨੋ-ਸ਼ੌਕਤ ਵਾਲਾ ਨਗਰ ਬਣ ਗਿਆ।

ਅਨੰਦਪੁਰ ਸਾਹਿਬ ਤੇ ਹਮਲੇ

ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਖਾਲਸਾ ਪਰਗਟ ਕਰਨ ਮਗਰੋਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਸਿੱਖੀ ਵਿੱਚ ਸ਼ਾਮਿਲ ਹੋਣ ਵਾਸਤੇ ਅਨੰਦਪੁਰ ਸਾਹਿਬ ਆਉਣ ਦੀ ਖ਼ਾਹਿਸ਼ ਰੱਖਣ ਲੱਗ ਪਏ। ਇਸ ਦੀ ਸੋਅ ਮੁਗਲ ਹਾਕਮਾਂ ਦੇ ਨਾਲ ਨਾਲ ਹਿੰਦੂ ਮੁਖੀਆਂ ਨੂੰ ਅਤੇ ਬ੍ਰਾਹਮਣ ਜਮਾਤ ਨੂੰ ਵੀ ਮਿਲ ਰਹੀ ਸੀ। ਇਨ੍ਹੀਂ ਦਿਨੀਂ ਹੀ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ 'ਚ ਹਥਿਆਰ ਬਨਾਉਣ ਦਾ ਕਾਰਖਾਨਾ ਲਾ ਲਿਆ। ਭਾਈ ਰਾਮ ਸਿੰਘ ਸਿਕਲੀਗਰ ਇਸ ਪ੍ਰਾਜਕੈਟ ਦਾ ਇੰਚਾਰਜ ਸੀ। ਇਸ ਕਾਰਖਾਨੇ 'ਚ ਬੜੇ ਵਧੀਆ ਹਥਿਆਰ ਬਣਾਏ ਗਏ। ਇਸ ਦਾ ਚਰਚਾ ਸਾਰੇ ਪਾਸੇ ਹੋਣ ਲੱਗ ਪਿਆ। ਬਿਲਾਸਪੁਰ ਰਿਆਸਤ ਦੇ ਰਾਜੇ ਅਜਮੇਰ ਚੰਦ ਦਾ ਪ੍ਰੋਹਤ ਪਰਮਾ ਨੰਦ ਪਹਿਲੋਂ ਹੀ ਸਿੱਖਾਂ ਨਾਲ ਖਾਰ ਖਾਂਦਾ ਸੀ। ਉਸ ਨੇ ਆਲੇ ਦੁਆਲੇ ਦੇ ਰਜਵਾੜਿਆਂ ਨੂੰ ਵੀ ਭੜਕਾਇਆ। ਕੁਝ ਚੌਧਰੀ ਤੇ ਰਜਵਾੜੇ ਉਸ ਦੀ ਚੁੱਕ ਵਿੱਚ ਆ ਗਏ। ਇਸ ਮਗਰੋਂ ਉਹ ਬਹਾਨੇ ਘੜਨ ਲੱਗ ਪਏ ਕਿ ਕਿਸੇ ਤਰੀਕੇ ਨਾਲ ਅਨੰਦਪੁਰ ਸਾਹਿਬ ਤੇ ਹਮਲਾ ਕੀਤਾ ਜਾਏ। ਇਨੀਂ ਦਿਨੀਂ ਇਕ ਵਾਰ (੧੨ ਜੁਲਾਈ ੧੬੯੯ ਦੇ ਦਿਨ) ਗੁਰੂ ਗੋਬਿੰਦ ਸਿੰਘ ਸਾਹਿਬ ਭਾਈ ਉਦੈ ਸਿੰਘ, ਭਾਈ ਆਲਮ ਸਿੰਘ 'ਨੱਚਣਾ' ਤੇ ਕੁਝ ਹੋਰ ਸਿੱਖਾਂ ਨੂੰ ਕੇ ਸ਼ਿਕਾਰ ਵਾਸਤੇ ਗਏ। ਸ਼ਿਕਾਰ ਦੀ ਭਾਲ ਵਿੱਚ ਉਹ ਅਨੰਦਪੁਰ ਤੋਂ ਕਾਫ਼ੀ ਦੂਰ ਨਿਕਲ ਗਏ। ਉਧਰ ਬਲੀਆ ਚੰਦ ਤੇ ਆਲਮ ਚੰਦ ਕਟੋਚ ਵੀ ਸ਼ਿਕਾਰ ਵਾਸਤੇ ਨਿਕਲੇ ਹੋਏ ਸਨ। ਉਨ੍ਹਾਂ ਨੇ ਗੁਰੂ ਸਾਹਿਬ ਤੇ ਅਚਾਨਕ ਹਮਲਾ ਕਰ ਦਿੱਤਾ। ਭਾਈ ਉਦੈ ਸਿੰਘ ਤੇ ਭਾਈ ਆਲਮ ਸਿੰਘ ਨੇ ਵੀ ਤਲਵਾਰਾਂ ਸੂਤ ਲਈਆਂ। ਦੋਹਾਂ ਪਾਸਿਓਂ ਜ਼ਬਰਦਸਤ ਲੜਾਈ ਸ਼ੁਰੂ ਹੋ ਗਈ। ਬਲੀਆ ਚੰਦ ਤੇ ਆਲਮ ਚੰਦ ਦੋਵੇਂ ਜ਼ਖਮੀ ਹੋ ਕੇ ਭੱਜ ਗਏ।

ਬਲੀਆ ਚੰਦ ਤੇ ਆਲਮ ਚੰਦ ਨੇ ਅਜਮੇਰ ਚੰਦ ਤੱਕ ਪਹੁੰਚ ਕੀਤੀ। ਅਜਮੇਰ ਚੰਦ ਬਿਲਾਸਪੁਰ ਤੋਂ ਲਾਹੌਰ ਗਿਆ ਅਤੇ ਸੂਬੇਦਾਰ ਕੋਲ ਰੋਣਾ ਰੋਇਆ। ਲਾਹੌਰ ਦੇ ਸੂਬੇਦਾਰ ਨੇ ਪੈਂਦੇ ਖਾਨ ਤੇ ਦੀਨਾ ਬੇਗ ਦੀ ਅਗਵਾਈ 'ਚ ਫ਼ੌਜ ਭੇਜ ਕੇ ਅਨੰਦਪੁਰ ਸਾਹਿਬ ਤੇ ੨੯ ਜੂਲਾਈ ੧੭੦੦ ਦੇ ਦਿਨ ਹਮਲਾ ਕਰਵਾ ਦਿੱਤਾ। ਇਸ ਲੜਾਈ ਵਿੱਚ ਪੈਂਦੇ ਖਾਨ ਤੇ ਦੀਨਾ ਬੇਗ ਦੋਵੇਂ ਜ਼ਖ਼ਮੀ ਹੋ ਕੇ ਤੇ ਬਹੁਤ ਸਾਰੇ ਫ਼ੌਜੀ ਮਰਵਾ ਕੇ ਲਾਹੌਰ ਨੂੰ ਭੱਜ ਗਏ।

ਤਾਰਾਗੜ੍ਹ ਤੇ ਹਮਲਾ

ਲਾਹੌਰੀ ਫ਼ੌਜਾਂ ਦੇ ਹਮਲੇ ਮਗਰੋਂ ਅਜਮੇਰ ਚੰਦ ਨੇ ਆਪ ਹੱਥ ਅਜ਼ਮਾਉਣ ਦੀ

ਕੋਸ਼ਿਸ਼ ਕੀਤੀ। ਤਾਰਾ ਗੜ੍ਹ ਦਾ ਕਿਲ੍ਹਾ ਅਨੰਦਪੁਰ ਸਾਹਿਬ ਤੋਂ ਪੰਜ ਕਿਲੋਮੀਟਰ ਦੂਰ ਸੀ। ਇੱਥੇ ਖਾਲਸਾ ਫ਼ੌਜਾਂ ਦਾ ਇੱਕ ਜਥਾ ਰਿਹਾ ਕਰਦਾ ਸੀ। ਇਸ ਦੀ ਕਮਾਨ ਸਾਹਿਬਜ਼ਾਦਾ ਅਜੀਤ ਸਿੰਘ ਕੋਲ ਸੀ। ੨੯ ਅਗਸਤ ੧੭੦੦ ਵੀਰਵਾਰ ਦੇ ਦਿਨ ਅਜਮੇਰ ਚੰਦ ਤੇ ਹੋਰ ਪਹਾੜੀ ਰਾਜਿਆਂ ਨੇ ਅਚਾਨਕ ਇਸ ਕਿਲ੍ਹੇ ਤੇ ਹਮਲਾ ਕਰ ਦਿੱਤਾ। ਸਾਹਿਬਜ਼ਾਦਾ ਅਜੀਤ ਸਿੰਘ ਨੇ ਇਸ ਹਮਲੇ ਨੂੰ ਪਛਾੜਨ ਵਾਸਤੇ ਕੁਝ ਸਿੰਘ ਅੱਗੇ ਕੀਤੇ। ਇਨ੍ਹਾਂ ਬੜੀ ਬਹਾਦਰੀ ਨਾਲ ਦੁਸ਼ਮਣ ਦੀ ਫ਼ੌਜ ਦਾ ਟਾਕਰਾ ਕੀਤਾ। ਉਧਰ ਜਦੋਂ ਗੁਰੂ ਸਾਹਿਬ ਨੂੰ ਹਮਲੇ ਦਾ ਪਤਾ ਲੱਗਾ ਤਾਂ ਉਨ੍ਹਾਂ ਭਾਈ ਉਦੈ ਸਿੰਘ ਦੀ ਅਗਵਾਈ ਵਿੱਚ ਸਵਾ ਸੌ ਸਿੰਘਾਂ ਦਾ ਜਥਾ ਭੇਜਿਆ। ਇਸ ਗਹਿਗੱਚ ਲੜਾਈ ਵਿੱਚ ਬਹੁਤ ਸਾਰੇ ਪਹਾੜੀਏ ਮਾਰੇ ਗਏ। ਪਹਾੜੀ ਰਾਜਿਆਂ ਦਾ ਆਗੂ ਘੁਮੰਡ ਚੰਦ ਭਾਈ ਉਦੈ ਸਿੰਘ ਦੇ ਹੱਥੋਂ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਕ ਪਹਿਰ ਦੀ ਲੜਾਈ ਮਗਰੋਂ ਪਹਾੜੀ ਫ਼ੌਜਾਂ ਦੌੜ ਗਈਆਂ। ਇਸ ਲੜਾਈ ਵਿੱਚ ਭਾਈ ਕਲਿਆਣ ਸਿੰਘ (ਪੁੱਤਰ ਸ਼ਹੀਦ ਭਾਈ ਦਿਆਲ ਦਾਸ), ਭਾਈ ਮੰਗਤ ਸਿੰਘ (ਭਰਾ ਭਾਈ ਫੇਰੂ "ਸੱਚੀ ਦਾੜ੍ਹੀ"), ਭਾਈ ਈਸ਼ਰ ਸਿੰਘ ਵੀ ਸ਼ਹੀਦ ਹੋਏ। ਸ਼ਾਮ ਵੇਲੇ ਗੁਰੂ ਸਾਹਿਬ ਨੇ ਸਾਰੇ ਕਿਲ੍ਹਿਆਂ ਦੇ ਜਥੇਦਾਰਾਂ ਨੂੰ ਚੌਕਸ ਕਰ ਦਿੱਤਾ।

ਫ਼ਤਹਿਗੜ੍ਹ ਤੇ ਹਮਲਾ

ਅਗਲੇ ਹੀ ਦਿਨ ਸ਼ੁਕਰਵਾਰ ੩੦ ਅਗਸਤ ਨੂੰ ਅਜਮੇਰ ਚੰਦ ਤੇ ਉਸ ਦੇ ਸਾਥੀਆਂ ਦੀਆਂ ਫ਼ੌਜਾਂ ਨੇ ਕਿਲ੍ਹਾ ਫ਼ਤਿਹਗੜ੍ਹ ਤੇ ਹਮਲਾ ਕਰ ਦਿੱਤਾ। ਇਸ ਕਿਲ੍ਹੇ ਦੀ ਕੇਸਗੜ੍ਹ ਸਾਹਿਬ ਵਾਲੇ ਪਾਸੇ ਵੱਲ ਦੀ ਕੰਧ ਅਜੇ ਅਧੂਰੀ ਸੀ। ਇਸ ਕਿਲ੍ਹੇ ਦਾ ਜਥੇਦਾਰ ਭਾਈ ਭਗਵਾਨ ਸਿੰਘ (ਪੁੱਤਰ ਭਾਈ ਮਨੀ ਸਿੰਘ) ਸੀ। ਭਾਈ ਭਗਵਾਨ ਸਿੰਘ ਦੀ ਜਥੇਦਾਰੀ ਹੇਠ ਗਿਣਤੀ ਦੇ ਸਿੰਘਾਂ ਨੇ ਹੀ ਪਹਾੜੀ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ ਤੇ ਬਹੁਤ ਸਾਰੇ ਪਹਾੜੀ ਫ਼ੌਜੀ ਮਾਰ ਮੁਕਾਏ। ਸ਼ਾਮ ਹੋਣ ਮਗਰੋਂ ਪਹਾੜੀ ਫ਼ੌਜਾਂ ਮੈਦਾਨ ਛੱਡ ਕੇ ਦੌੜ ਗਈਆਂ। ਇਸ ਲੜਾਈ ਵਿੱਚ ਭਾਈ ਭਗਵਾਨ ਸਿੰਘ, ਭਾਈ ਜਵਾਹਰ ਸਿੰਘ (ਪੁੱਤਰ ਭਾਈ ਲੱਖੀ ਰਾਏ ਵਣਜਾਰਾ), ਭਾਈ ਨੰਦ ਸਿੰਘ (ਪੁੱਤਰ ਭਾਈ ਆਲਮ ਸਿੰਘ, ਪੋਤਾ ਭਾਈ ਦਰੀਆ) ਸ਼ਹੀਦ ਹੋ ਗਏ।

ਅਗੰਮਗੜ੍ਹ ਤੇ ਹਮਲਾ

ਦੋ ਦਿਨ ਵੱਖ-ਵੱਖ ਕਿਲ੍ਹਿਆਂ ਤੇ ਹਮਲਾ ਕਰ ਕੇ ਹਾਰ ਖਾਣ ਮਗਰੋਂ ਅਜਮੇਰ ਚੰਦ ਨੇ ਤੀਜੇ ਦਿਨ ੩੧ ਅਗਸਤ ਨੂੰ ਕਿਲ੍ਹਾ ਅਗੰਮਗੜ੍ਹ ਤੇ ਹਮਲਾ ਕਰ ਦਿੱਤਾ। ਕਿਲ੍ਹਾ ਅਗੰਮਗੜ੍ਹ ਅਨੰਦਪੁਰ ਤੋਂ ਡੇਢ ਕਿਲੋਮੀਟਰ ਦੂਰ ਸੀ। ਉਸ ਵੇਲੇ ਇਸ ਕਿਲ੍ਹੇ ਵਿੱਚ ਵੀ ਗਿਣਤੀ ਦੇ ਸਿੰਘ ਹੀ ਸਨ। ਤਕਰੀਬਨ ਡੇਢ ਪਹਿਰ ਲੜਾਈ ਹੋਈ ਅਤੇ ਅਜਮੇਰ ਚੰਦ ਤੇ ਉਸ ਦੇ ਸਾਥੀ ਇਸ ਲੜਾਈ ਵਿੱਚ ਵੀ ਬੁਰੀ ਤਰ੍ਹਾਂ ਸ਼ਿਕਸਤ ਖਾਣ ਮਗਰੋਂ ਹਰਨ ਹੋ ਗਏ। ਇਸ ਲੜਾਈ ਵਿੱਚ ਭਾਈ ਬਾਘ ਸਿੰਘ (ਭਤੀਜਾ

ਭਾਈ ਮਨੀ ਸਿੰਘ) ਤੇ ਭਾਈ ਘਰਬਾਰਾ ਸਿੰਘ (ਪੁੱਤਰ ਭਾਈ ਨਾਨੂੰ ਸਿੰਘ ਦਿਲਵਾਲੀ ਤੇ ਭਰਾ ਦੀਵਾਨ ਦਰਬਾਰਾ ਸਿੰਘ) ਸ਼ਹੀਦੀਆਂ ਪਾ ਗਏ।

ਲੋਹਗੜ੍ਹ ਤੇ ਹਮਲਾ

ਤਿੰਨ ਦਿਨ ਬੁਰੀ ਤਰ੍ਹਾਂ ਹਾਰ ਖਾਣ ਮਗਰੋਂ ਉਸ ਰਾਤ ਨੂੰ ਅਜਮੇਰ ਚੰਦ, ਦੂਜੇ ਪਹਾੜੀ ਰਾਜੇ ਤੇ ਉਨ੍ਹਾਂ ਦੇ ਵਜ਼ੀਰ ਇਕੱਠੇ ਹੋਏ। ਇਨ੍ਹਾਂ ਵਿੱਚ ਅਜਮੇਰ ਚੰਦ ਦਾ ਮਾਮਾ ਕੇਸਰੀ ਚੰਦ ਵੀ ਸੀ। ਕੇਸਰੀ ਚੰਦ ਨੇ ਚੌਥੇ ਦਿਨ ਲੋਹਗੜ੍ਹ ਤੇ ਹਮਲਾ ਕਰਨ ਵਾਸਤੇ ਆਖਿਆ। ਲੋਹਗੜ੍ਹ ਕਿਲ੍ਹੇ ਦਾ ਦਰਵਾਜ਼ਾ ਸਭ ਤੋਂ ਵੱਧ ਸਖ਼ਤ ਸੀ। ਕੇਸਰੀ ਚੰਦ ਦੇ ਵਜ਼ੀਰ ਕਰਮ ਚੰਦ ਨੇ ਰੋਕਿਆ ਪਰ ਕਿਸੇ ਨੇ ਇਕ ਨਾ ਸੁਣੀ। ਅਜਮੇਰ ਚੰਦ ਦੇ ਬੁੱਢੇ ਵਜ਼ੀਰ ਪਰਮਾ ਨੰਦ ਦੀ ਸਲਾਹ ਤੇ ਉਨ੍ਹਾਂ ਨੇ ਇਕ ਹਾਥੀ ਨੂੰ ਸ਼ਰਾਬ ਪਿਆ ਕੇ ਕਿਲ੍ਹੇ ਦਾ ਦਰਵਾਜ਼ਾ ਤੁੜਵਾਉਣ ਵਾਸਤੇ ਭੇਜਣ ਦਾ ਫ਼ੈਸਲਾ ਕੀਤਾ। ਉਸ ਰਾਤ ਗੁਰੂ ਸਾਹਿਬ ਕਿਲ੍ਹਾ ਅਨੰਦਗੜ੍ਹ ਵਿੱਚ ਬੈਠੇ ਸਨ। ਭਾਈ ਚਤਰ ਸਿੰਘ ਬਰਾੜ ਨੇ ਗੁਰੂ ਸਾਹਿਬ ਨੂੰ ਇਸ ਗੱਲ ਦੀ ਸੂਹ ਦਿੱਤੀ। ਗੁਰੂ ਸਾਹਿਬ ਨੇ ਹਾਜ਼ਰ ਸਿੰਘਾਂ ਵਿੱਚੋਂ ਮਜੀਠੇ ਦੇ ਦੁਨੀ ਚੰਦ ਧਾਲੀਵਾਲ ਮਸੰਦ ਦੀ ਡਿਊਟੀ ਲਾਈ ਕਿ ਉਹ ਸ਼ਰਾਬੀ ਹਾਥੀ ਨੂੰ ਰੋਕੇ। ਦੁਨੀ ਚੰਦ ਡਰਦਾ ਰਾਤ ਨੂੰ ਅਨੰਦਪੁਰ ਸਾਹਿਬ ਤੋਂ ਭੱਜ ਗਿਆ। ਇਸ ਮਗਰੋਂ ਭਾਈ ਬਚਿੱਤਰ ਸਿੰਘ ਨੇ ਗੁਰੂ ਸਾਹਿਬ ਤੋਂ ਹਾਥੀ ਦਾ ਮੁਕਾਬਲਾ ਕਰਨ ਦੀ ਇਜਾਜ਼ਤ ਮੰਗੀ। ਗੁਰੂ ਸਾਹਿਬ ਨੇ ਭਾਈ ਬਚਿੱਤਰ ਸਿੰਘ ਨੂੰ ਆਪਣਾ "ਨਾਗਨੀ ਬਰਛਾ" ਦੇ ਕੇ ਲੜਾਈ ਵਾਸਤੇ ਤਿਆਰ ਕੀਤਾ। ਇਸ ਮਗਰੋਂ ਭਾਈ ਉਦੈ ਸਿੰਘ ਨੇ ਜਸਵਾਰੀਏ ਰਾਜੇ ਕੇਸਰੀ ਚੰਦ ਨੂੰ ਸੋਧਣ ਦੀ ਇਜਾਜ਼ਤ ਮੰਗੀ। ਗੁਰੂ ਸਾਹਿਬ ਨੇ ਉਸ ਨੂੰ ਕਰਪਾ ਬਰਛਾ ਦੇ ਕੇ ਥਾਪਣਾ ਦਿੱਤੀ। ਸਵੇਰ ਚੜ੍ਹਨ ਤੋਂ ਪਹਿਲਾਂ ਦੋਵੇਂ ਭਰਾ ਕਿਲ੍ਹਾ ਲੋਹਗੜ੍ਹ ਪੁੱਜ ਗਏ।

ਅਗਲੇ ਦਿਨ ਪਹਿਲੀ ਸਿਤੰਬਰ ਨੂੰ ਜਦੋਂ ਮਦਮਸਤ ਹਾਥੀ ਲੋਹਗੜ੍ਹ ਵੱਲ ਆਇਆ ਤਾਂ ਭਾਈ ਬਚਿਤਰ ਸਿੰਘ ਨੇ ਪੂਰਾ ਜ਼ੋਰ ਲਾ ਕੇ ਬਰਛੇ ਨੂੰ ਹਾਥੀ ਦੇ ਮੱਥੇ ਵਿੱਚ ਐਨੇ ਜ਼ੋਰ ਨਾਲ ਮਾਰਿਆ ਕਿ ਉਹ ਬਰਛਾ ਹਾਥੀ ਦੇ ਮੱਥੇ ਤੇ ਬੰਨੀਆਂ ਤਵੀਆਂ ਵਿੰਨ੍ਹ ਕੇ ਵਿੱਚ ਫਸ ਗਿਆ। ਭਾਈ ਬਚਿਤਰ ਸਿੰਘ ਨੇ ਬਰਛਾ ਖਿੱਚ ਲਿਆ। ਹਾਥੀ ਦਰਦ ਨਾਲ ਚਿੰਘਾਰੜਦਾ ਪਿੱਛੇ ਵਲ ਨੂੰ ਭੱਜਿਆ। ਹਾਥੀ ਦੇ ਪੈਰਾਂ ਹੇਠ ਆ ਕੇ ਬਹੁਤ ਸਾਰੇ ਪਹਾੜੀ ਰਾਜੇ ਮਾਰੇ ਗਏ। ਉਧਰ ਭਾਈ ਉਦੈ ਸਿੰਘ ਤੇਜ਼ੀ ਨਾਲ ਘੋੜਾ ਦੌੜਾ ਕੇ ਕੇਸਰੀ ਚੰਦ ਕੋਲ ਪੁੱਜ ਗਿਆ ਤੇ ਸ੍ਰੀ ਸਾਹਿਬ ਦੇ ਇੱਕੋ ਵਾਰ ਨਾਲ ਕੇਸਰੀ ਚੰਦ ਦਾ ਸਿਰ ਵੱਢ ਲਿਆ ਤੇ ਨੇਜ਼ੇ 'ਚ ਪਰੋ ਕੇ ਅਨੰਦਗੜ੍ਹ ਕਿਲ੍ਹੇ 'ਚ ਜਾ ਕੇ ਗੁਰੂ ਸਾਹਿਬ ਦੇ ਪੈਰਾਂ ਵਿੱਚ ਜਾ ਰੱਖਿਆ। ਰਾਜਾ ਕੇਸਰੀ ਚੰਦ ਦੇ ਮਰਨ ਮਗਰੋਂ ਭਾਈ ਮਨੀ ਸਿੰਘ, ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ ਦੀ ਅਗਵਾਈ 'ਚ ਸਿੰਘਾਂ ਨੇ ਬਹੁਤ ਸਾਰੇ ਪਹਾੜੀ ਫ਼ੌਜੀ ਪਾਰ ਬੁਲਾਏ। ਲੋਹਗੜ੍ਹ ਦੇ ਬਾਹਰ ਚਰਨ ਗੰਗਾ ਦੇ ਮੈਦਾਨ 'ਚ ਪਹਾੜੀਆਂ ਦੀਆਂ ਲਾਸ਼ਾਂ ਦੇ ਢੇਰ ਲੱਗ ਗਏ।

ਇਸ ਮਗਰੋਂ ਕੁਝ ਹੀ ਪਲਾਂ ਵਿੱਚ ਅਜਮੇਰ ਚੰਦ ਤੇ ਉਸ ਦੇ ਸਾਥੀ ਪਹਾੜੀਆਂ ਦੀ ਫ਼ੌਜ ਸਿਰ ਤੇ ਪੈਰ ਰੱਖ ਕੇ ਭੱਜ ਗਈ ਤੇ ਬਿਲਾਸਪੁਰ ਜਾ ਕੇ ਹੀ ਸਾਹ ਲਿਆ। ਇਸ ਲੜਾਈ ਵਿਚ ਭਾਈ ਮਨੀ ਸਿੰਘ ਬਹੁਤ ਜ਼ਖ਼ਮੀ ਹੋਏ। ਭਾਈ ਆਲਮ ਸਿੰਘ (ਭਾਈ ਮਨੀ ਸਿੰਘ ਦੇ ਦਾਦੇ ਦੇ ਭਰਾ ਦਾ ਪੁੱਤਰ), ਸੁੱਖਾ ਸਿੰਘ (ਭਤੀਜਾ ਭਾਈ ਮਨੀ ਸਿੰਘ), ਖ਼ੁਸ਼ਹਾਲ ਸਿੰਘ (ਪੁੱਤਰ ਭਾਈ ਮੱਖਣ ਸ਼ਾਹ ਲੁਬਾਣਾ) ਸ਼ਹੀਦੀਆਂ ਪਾ ਗਏ।

ਅਨੰਦਪੁਰ ਤੋਂ ਨਿਰਮੋਹਗੜ੍ਹ

ਚਾਰ ਦਿਨ ਦੀ ਲੜਾਈ ਵਿੱਚ ਬੁਰੀ ਤਰ੍ਹਾਂ ਸ਼ਕਸਤ ਖਾਣ ਤੇ ਮਾਮਾ ਕੇਸਰੀ ਚੰਦ ਸਣੇ ਸੈਂਕੜੇ ਫ਼ੌਜੀ ਮਰਵਾਉਣ ਮਗਰੋਂ ਅਜਮੇਰ ਚੰਦ ਨੇ ਬਿਲਾਸਪੁਰ ਦੇ ਬਾਈਧਾਰ ਦੇ ਪਹਾੜੀ ਰਾਜਿਆਂ ਦਾ ਇੱਕ ਇਕੱਠ ਬੁਲਾਇਆ। ਸਾਰਿਆਂ ਨੇ ਹਾਰ ਦਾ ਬੜਾ ਅਫ਼ਸੋਸ ਕੀਤਾ। ਕੇਸਰੀ ਚੰਦ ਦੇ ਮਰਨ ਤੇ ਸਾਰੇ ਪਹਾੜੀ ਰਾਜਿਆਂ ਨੂੰ ਸਦਮਾ ਪੁੱਜਾ। ਉਨ੍ਹਾਂ ਅਹਿਸਾਸ ਕੀਤਾ ਕਿ ਉਹ ਗੁਰੂ ਸਾਹਿਬ ਨੂੰ ਲੜਾਈ ਵਿੱਚ ਹਰਾ ਨਹੀਂ ਸਕਦੇ। ਅਖੀਰ ਉਨ੍ਹਾਂ ਇੱਕ ਤਰਕੀਬ ਸੋਚੀ। ਉਨ੍ਹਾਂ ਬੁੱਢੇ ਵਜ਼ੀਰ ਪੰਡਿਤ ਪਰਮਾ ਨੰਦ ਨੂੰ ਅਨੰਦਗੜ੍ਹ ਕਿਲ੍ਹੇ ਭੇਜਿਆ। ਉਸ ਨੇ ੧ ਅਕਤੂਬਰ ਦੀ ਰਾਤ ਨੂੰ ਆਟੇ ਦੀ ਗਊ ਬਣਾ ਕੇ ਕਿਲ੍ਹੇ ਅੱਗੇ ਰੱਖ ਕੇ ਨਾਲ ਇੱਕ ਚਿੱਠੀ ਬੰਨ੍ਹ ਦਿੱਤੀ ਜਿਸ ਵਿੱਚ ਲਿਖਿਆ ਸੀ ਕਿ ਅਸੀਂ ਕਸਮ ਖਾਂਦੇ ਹਾਂ ਕਿ ਅੱਗੋਂ ਕਦੇ ਵੀ ਅਨੰਦਪੁਰ ਤੇ ਹਮਲਾ ਨਹੀਂ ਕਰਾਂਗੇ। ਸਾਰੇ ਪਾਸੇ ਸਾਡੀ ਬੇਇਜ਼ਤੀ ਹੋਈ ਹੈ। ਅਸੀਂ ਕਿਸੇ ਨੂੰ ਮੂੰਹ ਦਿਖਾਣ ਜੋਗੇ ਨਹੀਂ ਰਹੇ। ਆਪ ਇਕ ਵਾਰੀ ਅਨੰਦਪੁਰ ਸਾਹਿਬ ਛੱਡ ਕੇ ਚਲੇ ਜਾਓ ਤੇ ਫੇਰ ਕੁਝ ਦਿਨਾਂ ਮਗਰੋਂ ਹੀ ਵਾਪਿਸ ਆ ਜਾਣਾ। ਇਸ ਨਾਲ ਸਾਡੀ ਇੱਜ਼ਤ ਰਹਿ ਜਾਵੇਗੀ।

ਅਗਲੇ ਦਿਨ ੨ ਅਕਤੂਬਰ ਨੂੰ ਗੁਰੂ ਸਾਹਿਬ ਨੂੰ ਉਹ ਚਿੱਠੀ ਕਿਲ੍ਹੇ ਦੇ ਪਹਿਰੇਦਾਰ ਨੇ ਦਿੱਤੀ। ਗੁਰੂ ਸਾਹਿਬ ਨੇ ਆਖਿਆ ਕਿ ਇਹ ਪੱਥਰ-ਪੂਜ ਪਹਾੜੀਏ ਇਤਬਾਰ ਦੇ ਕਾਬਿਲ ਨਹੀਂ। ਪਰ ਫਿਰ ਵੀ ਜੇ ਇਨ੍ਹਾਂ ਤੇ ਤਰਸ ਕਰਨ ਨਾਲ ਇਨ੍ਹਾਂ ਦੀ ਇੱਜ਼ਤ ਬਚਦੀ ਹੈ ਤਾਂ ਸਾਨੂੰ ਕੀ ਫ਼ਰਕ ਪੈਂਦਾ ਹੈ! ਗੁਰੂ ਸਾਹਿਬ ਨੇ ਭਾਈ ਦਇਆ ਸਿੰਘ, ਭਾਈ ਉਦੈ ਸਿੰਘ ਤੇ ਹੋਰਨਾਂ ਨਾਲ ਮਸ਼ਵਰਾ ਕਰ ਕੇ ਅਨੰਦਪੁਰ ਸਾਹਿਬ ਛੱਡਣ ਦਾ ਫੈਸਲਾ ਕਰ ਲਿਆ। ਗੁਰੂ ਸਾਹਿਬ ਨੇ ੩ ਅਕਤੂਬਰ ਨੂੰ ਅਨੰਦਗੜ੍ਹ ਤੋਂ ਚਲ ਕੇ, ਕੀਰਤਪੁਰ ਤੋਂ ੪ ਕਿਲੋਮੀਟਰ ਦੂਰ, ਨਿਰਮੋਹਗੜ੍ਹ ਦੀ ਇਕ ਪਹਾੜੀ ਤੇ ਜਾ ਡੇਰੇ ਲਾਏ। ਜਦੋਂ ਸੰਗਤਾਂ ਨੂੰ ਇਸ ਦਾ ਪਤਾ ਲੱਗਾ ਤਾਂ ਸੰਗਤਾਂ ਨਿਰਮੋਹਗੜ੍ਹ ਵੱਲ ਗੁਰੂ ਸਾਹਿਬ ਦੇ ਦਰਸ਼ਨ ਕਰਨ ਜਾਣ ਲੱਗ ਪਈਆਂ। ਅਨੰਦਪੁਰ ਸਾਹਿਬ ਫੇਰ ਵੀਰਾਨ ਹੋ ਗਿਆ।

ਉਧਰ ਜਦੋਂ ਅਜਮੇਰ ਚੰਦ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਅਨੰਦਪੁਰ ਖਾਲੀ ਕਰ ਕੇ ਨਿਰਮੋਹਗੜ੍ਹ ਚਲੇ ਗਏ ਹਨ ਤਾਂ ਉਸ ਨੇ ਆਪਣੇ ਸਾਥੀਆਂ ਨਾਲ ਸਲਾਹ

ਕੀਤੀ ਕਿ ਇਸ ਵਕਤ ਗੁਰੂ ਸਾਹਿਬ ਕਿਸੇ ਕਿਲ੍ਹੇ ਵਿੱਚ ਨਹੀਂ ਬਲਕਿ ਇੱਕ ਪਹਾੜੀ ਤੇ ਬੈਠੇ ਹਨ ਤੇ ਜੇ ਇਸ ਮੌਕੇ ਤੇ ਹਮਲਾ ਕੀਤਾ ਜਾਏ ਤਾਂ ਗੁਰੂ ਸਾਹਿਬ ਨੂੰ ਘੇਰਾ ਪਾ ਕੇ ਖ਼ਤਮ ਜਾਂ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਜਦੋਂ ਅਜਮੇਰ ਚੰਦ ਦੀ ਇਸ ਸਾਜਿਸ਼ ਦਾ ਪਤਾ ਉਸ ਦੀ ਦਾਦੀ ਦੇ ਜੀਜੇ, ਬਸਾਲੀ ਦੇ ਰਾਜੇ, ਸਲਾਹੀ ਚੰਦ ਨੂੰ ਲੱਗਾ ਤਾਂ ਉਸ ਨੇ ਇਹ ਹਰਕਤ ਤੋਂ ਰੋਕਿਆ। ਪਰ ਅਜਮੇਰ ਚੰਦ ਤੇ ਸ਼ੈਤਾਨ ਸਵਾਰ ਸੀ। ਉਸ ਨੇ ਨਿਰਮੋਹਗੜ੍ਹ ਤੇ ਹਮਲਾ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ।

ਨਿਰਮੋਹਗੜ੍ਹ ਤੇ ਹਮਲਾ

੮ ਅਕਤੂਬਰ ੧੭੦੦ ਦੇ ਦਿਨ ਅਜਮੇਰ ਚੰਦ ਦੀ ਫ਼ੌਜ ਨੇ ਨਿਰਮੋਹਗੜ੍ਹ ਵਿੱਚ ਗੁਰੂ ਸਾਹਿਬ ਤੇ ਹਮਲਾ ਬੋਲ ਦਿੱਤਾ। ਸਵਾ ਪਹਿਰ ਦੋਹਾਂ ਪਾਸਿਆਂ ਤੋਂ ਘਮਸਾਣ ਦੀ ਲੜਾਈ ਹੋਈ। ਅਜਮੇਰ ਚੰਦ ਦੀ ਫ਼ੌਜ ਕੋਲ ਗੋਲਾ ਬਰੂਦ ਕਾਫ਼ੀ ਸੀ ਤੇ ਉਸ ਦੀ ਫ਼ੌਜ ਦੀ ਗਿਣਤੀ ਵੀ ਬਹੁਤ ਸੀ। ਗੁਰੂ ਸਾਹਿਬ ਕੋਲ ਗਿਣਵੇਂ ਚੁਣਵੇਂ ਸਿੰਘ ਹੀ ਸਨ। ਇਸ ਦੇ ਬਾਵਜੂਦ ਸਿੰਘ ਤਲੀ ਤੇ ਸਿਰ ਰੱਖ ਕੇ ਲੜੇ। ਇਸ ਲੜਾਈ ਵਿੱਚ ਬਹੁਤ ਸਾਰੇ ਪਹਾੜੀ ਫ਼ੌਜੀ ਮਾਰੇ ਗਏ। ਆਪਣੀ ਹਾਰ ਵੇਖ ਕੇ ਅਜਮੇਰ ਚੰਦ ਦੀ ਫ਼ੌਜ ਮੈਦਾਨ ਛੱਡ ਗਈ। ਇਸ ਲੜਾਈ ਵਿੱਚ ਦੀਵਾਨ ਭਾਈ ਸਾਹਿਬ ਸਿੰਘ (ਪੁੱਤਰ ਭਾਈ ਮਤੀ ਦਾਸ), ਭਾਈ ਮਥਰਾ ਸਿੰਘ (ਪੁੱਤਰ ਸ਼ਹੀਦ ਭਾਈ ਦਿਆਲ ਦਾਸ), ਭਾਈ ਸੂਰਤ ਸਿੰਘ, ਭਾਈ ਦੇਵਾ ਸਿੰਘ, ਭਾਈ ਅਨੂਪ ਸਿੰਘ ਧਾਲੀਵਾਲ, ਭਾਈ ਸਰੂਪ ਸਿੰਘ ਧਾਲੀਵਾਲ ਸ਼ਹੀਦ ਹੋ ਗਏ।

ਨਿਰਮੋਹਗੜ੍ਹ 'ਚ ਬੁਰੀ ਤਰ੍ਹਾਂ ਹਾਰ ਖਾਣ ਮਗਰੋਂ ਅਜਮੇਰ ਚੰਦ ਨੇ ਆਪਣੇ ਬੁੱਢੇ ਵਜ਼ੀਰ ਪੰਡਤ ਪਰਮਾਨੰਦ ਨੂੰ ਸਰਹਿੰਦ ਭੇਜਿਆ ਤੇ ਦਸਿਆ ਕਿ ਇਸ ਵਕਤ ਗੁਰੂ ਗੋਬਿੰਦ ਸਿੰਘ ਸਾਹਿਬ ਇਕ ਪਹਾੜੀ ਤੇ ਬੈਠੇ ਹਨ ਤੇ ਇਸ ਹਾਲਤ ਵਿੱਚ ਉਨ੍ਹਾਂ ਤੇ ਹਮਲਾ ਕਰਨਾ ਬਹੁਤ ਫ਼ਾਇਦੇਮੰਦ ਰਹੇਗਾ। ਸੂਬਾ ਸਰਹਿੰਦ ਨੇ ਆਪਣੇ ਇਕ ਜਰਨੈਲ ਰੁਸਤਮ ਖ਼ਾਨ ਨੂੰ ਫ਼ੌਜਾਂ ਦੇ ਕੇ ਨਿਰਮੋਹਗੜ੍ਹ ਵੱਲ ਟੋਰ ਦਿੱਤਾ। ਉਧਰ ਜਦੋਂ ਭਾਈ ਚਿਤਰ ਸਿੰਘ ਤੇ ਭਾਈ ਬਚਿਤਰ ਸਿੰਘ (ਦੋਵੇਂ ਸਪੁਤਰ ਭਾਈ ਮਨੀ ਸਿੰਘ) ਨੂੰ ਪਤਾ ਲੱਗਾ ਕਿ ਰੁਸਤਮ ਖ਼ਾਨ ਨਿਰਮੋਹਗੜ੍ਹ ਵੱਲ ਚੜ੍ਹਾਈ ਕਰ ਕੇ ਟੁਰ ਪਿਆ ਹੈ ਤਾਂ ਉਨ੍ਹਾਂ ਤਲਵਾਰ ਦੀ ਮੁੱਠ ਤੇ ਹੱਥ ਰੱਖ ਕੇ ਐਲਾਨ ਕੀਤਾ ਕਿ ਉਹ ਉਸ ਪਠਾਣ ਜਰਨੈਲ ਨਾਲ ਆਹਮੋ ਸਾਹਮਣੇ ਹੋ ਕੇ ਹੱਥੋ-ਹੱਥ ਲੜਾਈ ਕਰਨਗੇ। ੧੩ ਅਕਤੂਬਰ ੧੭੦੦ ਦੇ ਦਿਨ ਰੁਸਤਮ ਖ਼ਾਨ ਤੇ ਉਸ ਦੇ ਭਰਾ ਨਾਸਰ ਖ਼ਾਨ ਅਲੀ ਨੇ ਫ਼ੌਜਾਂ ਨੂੰ ਲਿਆਂਦਾ। ਉਨ੍ਹਾਂ ਨੇ ਆਉਂਦਿਆਂ ਹੀ ਨਿਰਮੋਹਗੜ੍ਹ ਦੀ ਟਿੱਬੀ ਤੋਂ ਥੋੜ੍ਹੀ ਦੂਰ ਇੱਕ ਹੋਰ ਟਿੱਬੀ ਤੇ ਮੋਰਚੇ ਕਾਇਮ ਕਰ ਲਏ। ਪਲਾਂ ਵਿੱਚ ਹੀ ਨਾਸਰ ਖ਼ਾਨ ਨੇ ਗੁਰੂ ਜੀ ਵੱਲ ਤੋਪ ਦਾ ਗੋਲਾ ਮਾਰਿਆ। ਉਸ ਗੋਲੇ ਨਾਲ ਗੁਰੂ ਜੀ ਦਾ ਚੌਰ-ਬਰਦਾਰ ਭਾਈ ਰਾਮ ਸਿੰਘ ਕਸ਼ਮੀਰੀ ਸ਼ਹੀਦੀ ਪਾ ਗਿਆ। ਗੁਰੂ ਸਾਹਿਬ ਨੇ ਉਸੇ ਵੇਲੇ ਸਿਸ਼ਤ ਬੰਨ੍ਹ ਕੇ ਐਸਾ ਤੀਰ ਮਾਰਿਆ ਕਿ ਰੁਸਤਮ ਖ਼ਾਨ ਥਾਂ ਤੇ ਮਰ

ਗਿਆ। ਇਸੇ ਮੌਕੇ ਤੇ ਭਾਈ ਉਦੈ ਸਿੰਘ ਦੇ ਤੀਰ ਨਾਲ ਨਾਸਿਰ ਖ਼ਾਨ ਵੀ ਮਾਰਿਆ ਗਿਆ। ਦੋਹਾਂ ਭਰਾਵਾਂ ਦੇ ਮਰਨ ਮਗਰੋਂ ਵੀ ਮੁਗਲ ਫ਼ੌਜਾਂ ਪਿੱਛੇ ਨਾ ਹਟੀਆਂ ਤੇ ਆਹਮੋ ਸਾਹਮਣੀਂ ਲੜਾਈ ਹੋਈ। ਸ਼ਾਮ ਤੱਕ ਜ਼ਬਰਦਸਤ ਜੰਗ ਹੁੰਦੀ ਰਹੀ। ਅਖ਼ੀਰ ਹੰਭ ਕੇ ਮੁਗਲ ਫ਼ੌਜਾਂ ਸਰਹਿੰਦ ਨੂੰ ਵਾਪਿਸ ਮੁੜ ਗਈਆਂ। ਇਸ ਲੜਾਈ ਵਿੱਚ ਭਾਈ ਰਾਮ ਸਿੰਘ, ਭਾਈ ਹਿੰਮਤ ਸਿੰਘ ਤੇ ਭਾਈ ਮੋਹਰ ਸਿੰਘ ਸ਼ਹੀਦੀਆਂ ਪਾ ਗਏ।

ਮੁਗ਼ਲ ਫ਼ੌਜਾਂ ਦੀ ਨਾਕਾਮਯਾਬੀ ਮਗਰੋਂ ਅਜਮੇਰ ਚੰਦ ਫੇਰ ਆਪ ਫ਼ੌਜ ਲੈ ਕੇ ਨਿਰਮੋਹਗੜ੍ਹ ਆ ਗਿਆ। ਉਸ ਨੇ ਚੋਹਾਂ ਪਾਸਿਆਂ ਤੋਂ ਨਿਰਮੋਹਗੜ੍ਹ ਦੀ ਨਾਕਾਬੰਦੀ ਕਰ ਦਿੱਤੀ। ਗੁਰੂ ਸਾਹਿਬ ਨੇ ਸਿੰਘਾਂ ਨੂੰ ਚਾਰ ਜਥਿਆਂ ਵਿੱਚ ਵੰਡ ਕੇ ਦੁਸ਼ਮਣ ਦੀਆਂ ਫ਼ੌਜਾਂ ਦਾ ਜ਼ਬਰਦਸਤ ਮੁਕਾਬਲਾ ਕੀਤਾ। ਢਾਈ ਪਹਿਰ ਜ਼ਬਰਦਸਤ ਲੜਾਈ ਹੋਈ। ਦੋਹਾਂ ਪਾਸਿਆਂ ਦਾ ਬਹੁਤ ਨੁਕਸਾਨ ਹੋਇਆ। ਇਸ ਲੜਾਈ ਵਿੱਚ ਭਾਈ ਜੀਤਾ ਸਿੰਘ, ਭਾਈ ਨੇਤਾ ਸਿੰਘ ਅਤੇ ਹੋਰ ਕਈ ਸਿੰਘ ਸ਼ਹੀਦ ਹੋ ਗਏ।

ਗੁਰੂ ਸਾਹਿਬ ਬਸਾਲੀ ਗਏ

ਬਸਾਲੀ (ਨਿਰਮੋਹਗੜ੍ਹ ਅਤੇ ਕੀਰਤਪੁਰ ਸਾਹਿਬ ਤੋਂ ੧੩-੧੪ ਕਿਲੋਮੀਟਰ ਦੂਰ) ਇਕ ਪਿੰਡ ਹੈ। ਇਹ ਇਕ ਨਿੱਕੀ ਜਿਹੀ ਰਿਆਸਤ ਸੀ। ਇਸ ਦਾ ਰਾਜਾ ਸਲਾਹੀ ਚੰਦ ਸੀ। ਸਲਾਹੀ ਚੰਦ ਦੀ ਪਤਨੀ ਰਾਣੀ ਹੀਰਾ ਦੇਵੀ ਬਿਲਾਸਪੁਰ ਦੀ ਪੁਰਾਣੀ ਰਾਣੀ ਚੰਪਾ ਦੀ ਸਕੀ ਭੈਣ ਸੀ। ਰਾਣੀ ਚੰਪਾ ਆਖਰੀ ਸਾਹਾਂ ਤੱਕ ਗੁਰੂ ਘਰ ਦੀ ਸੇਵਾਦਾਰ ਰਹੀ ਸੀ। ਜਦੋਂ ਹੀਰਾ ਦੇਵੀ ਤੇ ਸਲਾਹੀ ਚੰਦ ਨੂੰ ਪਤਾ ਲੱਗਾ ਕਿ ਅਜਮੇਰ ਚੰਦ ਨੇ ਦਗ਼ਾ ਕਰ ਕੇ ਗੁਰੂ ਸਾਹਿਬ ਤੇ ਹਮਲਾ ਕੀਤਾ ਹੈ ਤੇ ਨਿਰਮੋਹਗੜ੍ਹ ਦੀ ਘੇਰਾ ਬੰਦੀ ਕੀਤੀ ਹੋਈ ਹੈ ਤਾਂ ਉਨ੍ਹਾਂ ੧੪ ਅਕਤੂਬਰ ਦੀ ਰਾਤ ਨੂੰ ਆਪਣਾ ਵਜ਼ੀਰ ਗੁਰੂ ਜੀ ਵੱਲ ਭੇਜਿਆ ਤੇ ਉਨ੍ਹਾਂ ਨੂੰ ਨਿਰਮੋਹਗੜ੍ਹ ਛੱਡ ਕੇ ਬਸਾਲੀ ਆਉਣ ਵਾਸਤੇ ਆਖਿਆ। ਬਸਾਲੀ ਰਿਆਸਤ ਸਤਲੁਜ ਦੇ ਦੂਜੇ ਪਾਰ ਸੀ। ੧੫ ਅਕਤੂਬਰ ਦੀ ਸਵੇਰ ਚੜ੍ਹਨ ਤੋਂ ਪਹਿਲਾਂ ਰਾਜਾ ਸਲਾਹੀ ਚੰਦ ਤੇ ਉਸ ਦੀਆਂ ਫ਼ੌਜਾਂ ਸਤਲੁਜ ਦੇ ਪਰਲੇ ਕੰਢੇ ਤੇ ਆ ਗਈਆਂ। ਗੁਰੂ ਜੀ ਅਤੇ ਉਨ੍ਹਾਂ ਦੇ ਸਾਥੀ ੧੫ ਅਕਤੂਬਰ ਤੜਕੇ ਵੇਲੇ ਨਿਰਮੋਹਗੜ੍ਹ ਤੋਂ ਸਤਲੁਜ ਵਲ ਚਲ ਪਏ ਤਾਂ ਜੋ ਦਰਿਆ ਪਾਰ ਕਰ ਕੇ ਬਸਾਲੀ ਜਾ ਸਕਣ। ਉਧਰ ਜਦੋਂ ਅਜਮੇਰ ਚੰਦ ਨੂੰ ਇਸ ਦਾ ਪਤਾ ਲਗਿਆ ਤਾਂ ਉਸ ਨੇ ਆਪਣੀ ਫ਼ੌਜ ਤੇ ਮੁਗ਼ਲ ਫ਼ੌਜਾਂ ਨੂੰ ਇਕੱਠੇ ਕਰ ਕੇ ਗੁਰੂ ਸਾਹਿਬ ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ ਸਿੱਖ ਫ਼ੌਜਾਂ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਤੇ ਆਪ ਦਰਿਆ ਪਾਰ ਕਰ ਗਏ। ਇਧਰ ਭਾਈ ਉਦੈ ਸਿੰਘ ਦੀ ਅਗਵਾਈ 'ਚ ਸਿੰਘਾਂ ਨੇ ਤੀਰਾਂ ਅਤੇ ਗੋਲੀਆਂ ਦਾ ਐਸਾ ਮੀਂਹ ਵਰ੍ਹਾਇਆ ਕਿ ਇਕ ਵਾਰ ਤਾਂ ਦੁਸ਼ਮਣਾਂ ਦੀ ਤੌਬਾ ਕਰ ਦਿੱਤੀ। ਜਦੋਂ ਸਾਰੀ ਫ਼ੌਜ ਪਾਰ ਕਰ ਗਈ ਤਾਂ ਭਾਈ ਉਦੈ ਸਿੰਘ ਵੀ ਦਰਿਆ ਪਾਰ ਕਰ ਗਏ ਤੇ ਗੁਰੂ ਜੀ ਨੂੰ ਜਾ ਮਿਲੇ। ਇਸ ਲੜਾਈ ਵਿੱਚ ਭਾਈ ਕੇਸਰਾ ਸਿੰਘ, ਭਾਈ ਗੋਕਲ ਸਿੰਘ ਸ਼ਹੀਦੀਆਂ ਪਾ ਗਏ।

ਸ਼ਾਮ ਵੇਲੇ ਗੁਰੂ ਸਾਹਿਬ ਬਸਾਲੀ ਪਹੁੰਚ ਗਏ। ਬਸਾਲੀ ਦੇ ਲੋਕਾਂ ਗੁਰੂ ਸਾਹਿਬ ਨੂੰ ਬੜੀ ਗਰਮ-ਜੋਸ਼ੀ ਨਾਲ ਜੀ-ਆਇਆਂ ਆਖਿਆ। ਗੁਰੂ ਸਾਹਿਬ ਰਾਜਾ ਸਲਾਹੀ ਚੰਦ ਦੇ ਮਹਿਲ ਵਿੱਚ ਰਹੇ ਤੇ ਸਿੰਘਾਂ ਵਾਸਤੇ ਪਹਾੜੀ ਦੇ ਹੇਠਾਂ ਤੰਬੂ ਲਗਾ ਦਿੱਤੇ। ਇੰਞ ਕੁਝ ਦਿਨ ਦੀਵਾਨ ਸਜਦੇ ਰਹੇ।

ਕਲਮੋਟ ਦੀ ਲੜਾਈ

੨੦ ਅਕਤੂਬਰ ੧੭੦੦ ਦੇ ਦਿਨ ਗੁਰੂ ਸਾਹਿਬ ਨੇ ਭਾਈ ਉਦੈ ਸਿੰਘ ਤੇ ਕੁਝ ਹੋਰ ਸਿੰਘਾਂ ਨੂੰ ਸ਼ਿਕਾਰ ਤੇ ਜਾਣ ਦੀ ਤਿਆਰੀ ਕਰਨ ਵਾਸਤੇ ਆਖਿਆ। ਸਿੰਘ ਨਗਾਰੇ ਤੇ ਡਗਾ ਮਾਰ ਕੇ ਸ਼ਿਕਾਰ ਦੀ ਭਾਲ 'ਚ ਨਿਕਲ ਪਏ। ਬਸਾਲੀ ਤੋਂ ਕਾਫ਼ੀ ਦੂਰ ਨੰਗਲ ਵੱਲ ਦੇ ਪਹਾੜਾਂ ਦੇ ਰਸਤੇ 'ਚ ਸਿੰਘਾਂ ਨੂੰ ਇਕ ਬਘਿਆੜ ਦਾ ਬੱਚਾ ਨਜ਼ਰ ਆਇਆ ਭਾਈ ਉਦੈ ਸਿੰਘ ਨੇ ਉਸ ਦਾ ਪਿੱਛਾ ਕੀਤਾ ਤੇ ਸ਼ਿਸ਼ਤ ਬੰਨ੍ਹ ਕੇ ਗੋਲੀ ਮਾਰ ਦਿੱਤੀ। ਬਘਿਆੜ ਜ਼ਖ਼ਮੀ ਹੋ ਕੇ ਅੱਗੇ ਵੱਲ ਨੂੰ ਭੱਜਿਆ ਅਤੇ ਕਲਮੋਟ ਪਿੰਡ ਦੇ ਨੇੜੇ ਪਹੁੰਚ ਕੇ ਡਿਗ ਪਿਆ। ਏਨੇ ਚਿਰ ਨੂੰ ਸਿੰਘ ਵੀ ਉਥੇ ਪਹੁੰਚ ਗਏ। ਪਿੰਡ ਵਾਸੀਆਂ ਨੇ ਕਿਸੇ ਨਿਗੁਣੀ ਗੱਲ ਤੇ ਝਗੜਾ ਸ਼ੁਰੂ ਕਰ ਲਿਆ। ਝਗੜੇ ਦੌਰਾਨ ਭਾਈ ਜੀਵਨ ਸਿੰਘ ਪੁੱਤਰ ਭਾਈ ਪਰੇਮ ਚੰਦ (ਭਾਈ ਪਰੇਮ ਚੰਦ ਭਾਈ ਮਨੀ ਸਿੰਘ ਦੇ ਦਾਦੇ ਦਾ ਭਰਾ ਸੀ) ਨੂੰ ਸਖ਼ਤ ਸੱਟ ਵਜੀ। ਜਿਸ ਨਾਲ ਉਹ ਉਸੇ ਜਗਹ ਹੀ ਸ਼ਹੀਦ ਹੋ ਗਿਆ। ਇਸ ਮਗਰੋਂ ਸਿੰਘਾਂ ਅਤੇ ਪਿੰਡ ਦੇ ਗੁੱਜਰਾਂ ਤੇ ਰੰਘੜਾਂ ਵਿੱਚ ਹੱਥੋ-ਹੱਥ ਲੜਾਈ ਹੋਈ। ਲੜਾਈ ਵਿੱਚ ਕੁਝ ਕਲਮੋਟ ਵਾਸੀ ਮਾਰੇ ਗਏ। ਸਿੰਘਾਂ ਨਾਲ ਲੜਾਈ ਦੀ ਤਾਬ ਨਾ ਝਲਦੇ ਹੋਏ ਪਿੰਡ ਵਾਸੀ ਜਾਨਾਂ ਬਚਾ ਕੇ ਘਰਾਂ ਵਿੱਚ ਜਾ ਵੜੇ। ਸਿੰਘ ਭਾਈ ਜੀਵਨ ਸਿੰਘ ਦੀ ਲਾਸ਼ ਲੈ ਕੇ ਬਸਾਲੀ ਆ ਗਏ ਤੇ ਉਥੇ ਸੰਸਕਾਰ ਕਰ ਦਿੱਤਾ।

ਗੁਰੂ ਸਾਹਿਬ ਮੁੜ ਅਨੰਦਪੁਰ ਸਾਹਿਬ ਪੁੱਜੇ

ਇਸ ਦੌਰਾਨ ਰਾਜਾ ਸਲਾਹੀ ਚੰਦ ਨੇ ਵਿਚੋਲਗਿਰੀ ਕਰ ਕੇ ਗੁਰੂ ਸਾਹਿਬ ਅਤੇ ਅਜਮੇਰ ਚੰਦ ਵਿਚਕਾਰ ਝਗੜਾ ਖ਼ਤਮ ਕਰਵਾ ਦਿੱਤਾ। ਇਸ ਮਗਰੋਂ ੩੦ ਅਕਤੂਬਰ ੧੭੦੦ ਦੇ ਦਿਨ ਗੁਰੂ ਸਾਹਿਬ ਫੇਰ ਅਨੰਦਪੁਰ ਪਹੁੰਚ ਗਏ। ਅਨੰਦਪੁਰ ਦੇ ਚਾਰੇ ਪਾਸੇ ਖਾਲਸਾਈ ਰਾਜ ਕਾਇਮ ਹੋ ਗਿਆ। ਲੋਕਾਂ ਨੂੰ ਸੁਖ ਦਾ ਸਾਹ ਆਉਣ ਲੱਗ ਪਿਆ।

ਮਾਤਾ ਜੀਤ ਕੌਰ ਜੀ ਦਾ ਚਲਾਣਾ

ਅਨੰਦਪੁਰ ਸਾਹਿਬ ਮੁੜਨ ਤੋਂ ਪੰਜ ਹਫ਼ਤਿਆਂ ਮਗਰੋਂ ੫ ਦਿਸੰਬਰ ੧੭੦੦ ਦੇ ਦਿਨ ਮਾਤਾ ਜੀਤ ਕੌਰ (ਸੁਪਤਨੀ ਗੁਰੂ ਗੋਬਿੰਦ ਸਿੰਘ ਸਾਹਿਬ) ਚੜ੍ਹਾਈ ਕਰ ਗਏ। ਆਪ ਦਾ ਸੰਸਕਾਰ ਅਗੰਮਪੁਰਾ ਪਿੰਡ ਦੇ ਬਾਹਰ ਚੱਕ ਨਾਨਕੀ ਦੀ ਸਰਹੱਦ ਦੇ ਨੇੜੇ

ਕੀਤਾ ਗਿਆ। ਆਪ ਨਮਿਤ ਪਾਠ ਦਾ ਭੋਗ ੨੧ ਦਿਸੰਬਰ ਦੇ ਦਿਨ ਪਾਇਆ ਗਿਆ। ਇਸ ਵਕਤ ਚੌਥੇ ਸਾਹਿਬਜ਼ਾਦੇ ਬਾਬਾ ਫ਼ਤਹਿ ਸਿੰਘ ਬੜੀ ਨਿੱਕੀ ਉਮਰ ਦੇ ਸਨ।

ਬਜਰੂੜੀਆਂ ਨੂੰ ਸਜ਼ਾ

੧੩ ਅਪ੍ਰੈਲ ੧੭੦੧ ਦੇ ਦਿਨ ਦੜਪ ਦੇਸ਼ ਦੀ ਸੰਗਤ ਗੁਰੂ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਅਨੰਦਪੁਰ ਸਾਹਿਬ ਆਈ ਤਾਂ ਰਾਹ ਵਿੱਚ ਬਜਰੂੜ ਪਿੰਡ (ਅਨੰਦਪੁਰ ਸਾਹਿਬ ਤੋਂ ੧੦ ਕੁ ਕਿਲੋਮੀਟਰ, ਕਾਂ ਦੀ ਉਡਾਣ) ਦੇ ਗੁੱਜਰਾਂ ਤੇ ਰੰਘੜਾਂ ਨੇ ਲੁੱਟ ਲਈ। ਇਨ੍ਹਾਂ ਸਿੱਖਾਂ ਵਿੱਚੋਂ ਬਹੁਤੇ ਅਜੇ ਬੇਅੰਮ੍ਰਿਤੀਏ ਸਨ। ਉਨ੍ਹਾਂ ਦੀ ਹਾਲਤ ਵੇਖ ਕੇ ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਦੀ ਅਗਵਾਈ ਵਿੱਚ ੧੦੦ ਸਿੰਘਾਂ ਨੂੰ ਬਜਰੂੜ ਦੇ ਲੁਟੇਰਿਆਂ ਨੂੰ ਸਜ਼ਾ ਦੇਣ ਵਾਸਤੇ ਭੇਜਿਆ। ੧੬ ਅਪ੍ਰੈਲ ੧੭੦੧ ਦੇ ਦਿਨ ਇਨ੍ਹਾਂ ਨੇ ਬਜਰੂੜ ਪੁੱਜ ਕੇ ਪਿੰਡ ਦੇ ਲੁਟੇਰੇ ਮੁਖੀਆਂ ਚਿੱਤੂ ਤੇ ਮਿੱਤੂ ਨੂੰ ਸਖ਼ਤ ਸਜ਼ਾ ਦਿੱਤੀ। ਇਸ ਘਟਨਾ ਤੋਂ ਮਗਰੋਂ ਫਿਰ ਕੋਈ ਸ਼ਿਕਾਇਤ ਅਨੰਦਪੁਰ ਨਹੀਂ ਪਹੁੰਚੀ।

ਹੋਲਾ ਮਹੱਲਾ ਦਾ ਮੇਲਾ

੨੪ ਫਰਵਰੀ ਤੋਂ ੨ ਮਾਰਚ ੧੭੦੨ ਤੱਕ ਅਨੰਦਪੁਰ ਸਾਹਿਬ 'ਚ ਬਹੁਤ ਰੌਣਕਾਂ ਰਹੀਆਂ। ਇਨ੍ਹਾਂ ਦਿਨਾਂ ਵਿੱਚ ਹਿੰਦੂ ਹੋਲੀ ਦਾ ਤਿਉਹਾਰ ਮਨਾ ਰਹੇ ਸਨ। ਗੁਰੂ ਸਾਹਿਬ ਨੇ ਸਿੱਖਾਂ ਨੂੰ ਇਸ ਬੇਮਾਅਨਾ ਰਸਮ ਤੋਂ ਬਚਣ ਵਾਸਤੇ ਸਿਖਿਆ ਦਿੱਤੀ। ਗੁਰੂ ਸਾਹਿਬ ਨੇ ੩ ਮਾਰਚ ੧੭੦੨ ਦੇ ਦਿਨ ਹੋਲਾ ਮਹੱਲਾ ਮਨਾਇਆ। ਇਸ ਦਿਨ ਸਾਰੇ ਸਿੱਖ ਕਿਲ੍ਹਾ ਅਨੰਦਗੜ੍ਹ ਆ ਪੁੱਜੇ। ਇੱਥੇ ਆ ਕੇ ਅਰਦਾਸਿ ਕਰਨ ਮਗਰੋਂ ਸ਼ਬਦ ਪੜ੍ਹਦੇ ਹੋਏ ਸਿੰਘ ਕਿਲ੍ਹਾ ਹੋਲਗੜ੍ਹ ਤੱਕ ਪਹੁੰਚੇ। ਸੁਰਮਈ ਦਸਤਾਰਾਂ ਦਾ ਜਲੂਸ ਕਾਲੀਆਂ ਘਟਾਵਾਂ ਵਾਂਗ ਸਜਿਆ ਹੋਇਆ ਜਾਪਦਾ ਸੀ। ਜਲੂਸ ਨੇ ਹੋਲਗੜ੍ਹ ਪਹੁੰਚ ਕੇ ਸ਼ਬਦ ਪੜ੍ਹੇ ਤੇ ਫੇਰ ਵਾਪਸੀ ਅਨੰਦਗੜ੍ਹ ਵੱਲ ਕੀਤੀ। ਉਸ ਦਿਨ ਘੋੜ ਸਵਾਰੀ, ਨੇਜ਼ੇਬਾਜ਼ੀ, ਤਲਵਾਰ-ਬਾਜ਼ੀ, ਗਤਕਾ, ਗੁਰੀਲਾ ਲੜਾਈ ਅਤੇ ਖੇਡਾਂ ਦੇ ਮੁਕਾਬਲੇ ਕਰਵਾਏ ਗਏ। ਉਸ ਦਿਨ ਤੋਂ ਸਿੰਘਾਂ ਨੇ ਹਰ ਸਾਲ ਹੋਲਾ ਮਹੱਲਾ ਮਨਾਉਣਾ ਸ਼ੁਰੂ ਕੀਤਾ ਜੋ ਅੱਜ ਤੱਕ ਜਾਰੀ ਹੈ (ਪਰ ਕੁਝ ਲੋਕ ਹਿੰਦੂ ਹੋਲੀ ਦੀ ਨਕਲ ਕਰਦਿਆਂ ਹੁਣ ਰੰਗ ਵੀ ਪਾਉਣ ਲੱਗ ਪਏ ਹਨ। ਇਹ ਗੁਰੂ ਸਾਹਿਬ ਦੀਆਂ ਹਦਾਇਤਾਂ ਦੇ ਉਲਟ ਹੈ)।

ਗੁਰੂ ਸਾਹਿਬ ਤੇ ਇਕ ਹੋਰ ਹਮਲਾ

ਜਨਵਰੀ ੧੭੦੩ ਵਿੱਚ ਗੁਰੂ ਸਾਹਿਬ ਕੁਰਖੇਤਰ ਗਏ। ਵਾਪਸੀ ਤੇ ੧੪ ਜਨਵਰੀ ੧੭੦੩ ਦੇ ਦਿਨ ਰਾਜਾ ਅਜਮੇਰ ਚੰਦ ਦੀ ਸ਼ਹਿ ਤੇ ਸੈਦ ਬੇਗ ਤੇ ਅਲਫ਼ ਖਾਨ

ਨੇ ਚਮਕੌਰ ਦੇ ਨੇੜੇ ਗੁਰੂ ਸਾਹਿਬ ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨਾਲ ਮਾਤਾ ਗੁਜਰੀ, ਦੋਵੇਂ ਮਹਿਲ ਤੇ ਸਵਾ ਕੁ ਸੌ ਸਿੰਘ ਸਨ। ਭਾਈ ਉਦੈ ਸਿੰਘ ਤੇ ਹੋਰ ਯੋਧਿਆਂ ਨੇ ਹਮਲਾਵਰਾਂ ਦੀ ਚੰਗੀ ਖੁੰਭ ਠੱਪੀ। ਹਮਲਾਵਰਾਂ ਨੇ ਦੌੜ ਕੇ ਆਪਣੀ ਜਾਨ ਬਚਾਈ।

ਦੇਵਕੀ ਦਾਸ ਬ੍ਰਾਹਮਣ ਦੀ ਪਤਨੀ ਮੁੜਵਾਉਣਾ

ਮਾਰਚ ੧੭੦੩ ਵਿੱਚ ਦੇਵਕੀ ਦਾਸ ਨਾਂ ਦਾ ਇਕ ਬ੍ਰਾਹਮਣ ਅਨੰਦਪੁਰ ਸਾਹਿਬ ਗੁਰੂ ਸਾਹਿਬ ਕੋਲ ਆਇਆ ਅਤੇ ਫ਼ਰਿਆਦ ਕੀਤੀ ਕਿ ਉਸ ਦੀ ਬੀਵੀ ਨੂੰ ਦੁਆਬੇ ਦਾ ਚੌਧਰੀ ਜਬਰ ਜੰਗ ਖਾਂ ਜਬਰੀ ਲੈ ਗਿਆ ਹੈ। ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਦੀ ਅਗਵਾਈ 'ਚ ਇਕ ਸੌ ਸਿੰਘ ਉਸ ਬ੍ਰਾਹਮਣ ਦੀ ਪਤਨੀ ਦਿਵਾਉਣ ਵਾਸਤੇ ਭੇਜੇ। ਇਨ੍ਹਾਂ ਨੇ ੭ ਮਾਰਚ ਦੇ ਦਿਨ ਬੱਸੀ ਕਲਾਂ (ਜ਼ਿਲ੍ਹਾ ਹੁਸ਼ਿਆਰਪੁਰ) ਨੂੰ ਜਾ ਘੇਰਾ ਪਾਇਆ। ਜਬਰ ਜੰਗ ਖਾਂ ਨੇ ਬ੍ਰਾਹਮਣੀ ਵਾਪਿਸ ਕਰਨ ਦੀ ਥਾਂ ਟਾਕਰਾ ਕੀਤਾ। ਲੜਾਈ 'ਚ ਜਬਰ ਜੰਗ ਖਾਂ ਮਾਰਿਆ ਗਿਆ ਤੇ ਬ੍ਰਾਹਮਣ ਨੂੰ ਉਸ ਦੀ ਪਤਨੀ ਵਾਪਿਸ ਮਿਲ ਗਈ। ਜਦ ਇਹ ਖ਼ਬਰ ਲੋਕਾਂ ਤੱਕ ਪਹੁੰਚੀ ਤਾਂ ਉਨ੍ਹਾਂ ਨੇ ਸਿੱਖਾਂ ਦੀ ਰੱਜਵੀਂ ਤਾਰੀਫ਼ ਕੀਤੀ। ਗੁਰੂ ਸਾਹਿਬ ਦੇ ਇਨਸਾਫ਼ ਦਿਵਾਉਣ ਦੀ ਅਤੇ ਉਨ੍ਹਾਂ ਦੀ ਸ਼ੋਭਾ ਦੀ ਖ਼ਬਰ ਜਦ ਅਜਮੇਰ ਚੰਦ ਨੂੰ ਪਹੁੰਚੀ ਤਾਂ ਉਹ ਹੋਰ ਵੀ ਸੜ ਗਿਆ।

ਅਜਮੇਰ ਚੰਦ ਵੱਲੋਂ ਨਵੇਂ ਹਮਲਿਆਂ ਦੀ ਸ਼ੁਰੂਆਤ

ਅਕਤੂਬਰ ੧੭੦੦ ਵਿੱਚ ਰਾਜਾ ਸਲਾਹੀ ਚੰਦ ਨੇ ਗੁਰੂ ਸਾਹਿਬ ਅਤੇ ਅਜਮੇਰ ਚੰਦ ਬਿਲਾਸਪੁਰੀਏ 'ਚ ਲੜਾਈ ਮੁਕਵਾ ਦਿੱਤੀ ਸੀ। ਅਕਤੂਬਰ ੧੭੦੨ 'ਚ ਰਾਜਾ ਸਲਾਹੀ ਚੰਦ ਚੜ੍ਹਾਈ ਕਰ ਗਿਆ। ਇਸ ਮਗਰੋਂ ਅਜਮੇਰ ਚੰਦ ਫੇਰ ਹਰਕਤਾਂ ਕਰਨ ਲੱਗ ਪਿਆ। ਉਸ ਦੇ ਸਿਪਾਹੀ ਘਾਹ ਪੱਠਾ ਲੈਣ ਦੇ ਬਹਾਨੇ ਅਨੰਦਪੁਰ ਸਾਹਿਬ 'ਚ ਕੋਈ ਨਾ ਕੋਈ ਸ਼ਰਾਰਤ ਕਰਦੇ ਰਹਿੰਦੇ ਸਨ। ਉਸ ਨਾਲ ਹੰਡੂਰ (ਹੁਣ ਨਾਲਾਗੜ੍ਹ) ਦਾ ਰਜਵਾੜਾ ਵੀ ਸ਼ਾਮਿਲ ਹੋ ਗਿਆ ਸੀ। ਛੋਟੀਆਂ ਮੋਟੀਆਂ ਝੜਪਾਂ ਮਗਰੋਂ ਅਖੀਰ ੨ ਦਿਸੰਬਰ ੧੭੦੩ ਦੇ ਦਿਨ ਅਜਮੇਰ ਚੰਦ ਹੰਡੂਰੀ ਰਾਜੇ ਤੇ ਇਨ੍ਹਾਂ ਦੇ ਹੋਰ ਸਾਥੀਆਂ ਦੀਆਂ ਫ਼ੌਜਾਂ ਨੇ ਅਨੰਦਪੁਰ ਸਾਹਿਬ ਤੇ ਹਮਲਾ ਕਰ ਦਿੱਤਾ। ਇਧਰੋਂ ਸਿੰਘਾਂ ਨੇ ਵੀ ਡੱਟ ਕੇ ਮੁਕਾਬਲਾ ਕੀਤਾ। ਖਾਲਸਾ ਫ਼ੌਜਾਂ ਦੀ ਅਗਵਾਈ ਕਰ ਰਹੇ ਜਥੇ ਦਾ ਆਗੂ ਭਾਈ ਮਾਨ ਸਿੰਘ ਨਿਸ਼ਾਨਚੀ ਸੀ। ਉਸ ਨੇ ਨਿਸ਼ਾਨ ਸਾਹਿਬ ਨੂੰ ਜ਼ਮੀਨ 'ਚ ਗੱਡ ਕੇ ਲੜਾਈ ਲੜੀ। ਲੜਾਈ 'ਚ ਜ਼ਖ਼ਮੀ ਹੋ ਕੇ ਉਹ ਜ਼ਮੀਨ ਤੇ ਡਿਗ ਪਿਆ ਤੇ ਨਾਲ ਹੀ ਨਿਸ਼ਾਨ ਸਾਹਿਬ ਵੀ ਟੁੱਟ ਕੇ ਜ਼ਮੀਨ ਤੇ ਡਿਗ ਪਿਆ। ਲੜਾਈ ਸ਼ਾਮ ਤੱਕ ਜਾਰੀ ਰਹੀ ਅਖ਼ੀਰ ਕਈ ਫ਼ੌਜੀ ਮਰਵਾ ਕੇ ਅਜਮੇਰ ਚੰਦ ਬਿਲਾਸਪੁਰ ਮੁੜ ਗਿਆ।

ਨਿਹੰਗ ਫ਼ੱਰਰੇ ਦੀ ਸ਼ੁਰੂਆਤ

ਭਾਈ ਮਾਨ ਸਿੰਘ ਦੇ ਜ਼ਖ਼ਮੀ ਹੋਣ ਅਤੇ ਨਿਸ਼ਾਨ ਸਾਹਿਬ ਦੇ ਡਿਗਣ ਦੀ ਖ਼ਬਰ ਜਦੋਂ ਗੁਰੂ ਸਾਹਿਬ ਕੋਲ ਪੁੱਜੀ ਤਾਂ ਉਨ੍ਹਾਂ ਉਸੇ ਵੇਲੇ ਆਪਣੀ ਵੱਡੀ ਦਸਤਾਰ ਹੇਠਾਂ ਬੰਨ੍ਹੀ ਹੋਈ ਨੀਲੀ ਕੇਸਕੀ ਵਿੱਚੋਂ ਇੱਕ ਫ਼ੱਰਰਾ ਕੱਢ ਕੇ ਐਲਾਨ ਕੀਤਾ ਕਿ ਹੁਣ ਖਾਲਸੇ ਦਾ ਨਿਸ਼ਾਨ ਕਦੇ ਵੀ ਨਾ ਟੁੱਟੇਗਾ, ਨਾ ਡਿਗੇਗਾ, ਨਾ ਝੁਕੇਗਾ। ਇਹ ਆਖ ਕੇ ਉਨ੍ਹਾਂ ਉਸ ਫ਼ੱਰਰੇ ਨੂੰ ਆਪਣੀ ਦਸਤਾਰ 'ਚ ਸਜਾ ਲਿਆ। ਗੁਰੂ ਸਾਹਿਬ ਦੇ ਕੋਲ ਬੈਠੇ ਭਾਈ ਉਦੈ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਆਲਮ ਸਿੰਘ 'ਨੱਚਣਾ' ਨੇ ਵੀ ਨੀਲੀਆਂ ਕੇਸਕੀਆਂ ਵਿੱਚੋਂ ਫ਼ੱਰਰੇ ਲਾਹ ਕੇ ਦਸਤਾਰਾਂ 'ਚ ਸਜਾ ਲਏ। ਉਨ੍ਹਾਂ ਦੇ ਕੋਲ ਬੈਠੇ ਸਾਹਿਬਜ਼ਾਦਾ ਫ਼ਤਹਿ ਸਿੰਘ ਜੋ ਅਜੇ ਸਿਰਫ਼ ਛੇ ਕੁ ਸਾਲ ਦੇ ਸਨ, ਨੇ ਵੀ ਫ਼ੱਰਰਾ ਸਜਾ ਲਿਆ। ਇਸ ਦਿਨ ਤੋਂ ਨਿਹੰਗ ਸਿੰਘਾਂ ਦੇ ਜਥਿਆਂ ਦੇ ਆਗੂਆਂ ਦੀਆਂ ਦਸਤਾਰਾਂ ਵਿੱਚ ਸਜੇ ਫ਼ੱਰਰੇ ਦੀ ਸ਼ੁਰੂਆਤ ਹੋਈ।

ਅਨੰਦਪੁਰ ਸਾਹਿਬ ਦੀ ਘੇਰਾ ਬੰਦੀ

੧੨ ਮਾਰਚ ੧੭੦੫ ਦੇ ਦਿਨ ਅਜਮੇਰ ਚੰਦ ਨੇ ਹੰਡੂਰੀ ਫ਼ੌਜਾਂ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਤੇ ਇਕ ਵਾਰ ਫੇਰ ਹਮਲਾ ਕਰ ਦਿੱਤਾ। ਇਹ ਲੜਾਈ ਦੋ ਦਿਨ ਚਲੀ। ਅਜਮੇਰ ਚੰਦ ਇਕ ਵਾਰ ਫੇਰ ਹਾਰ ਗਿਆ। ਇਸ ਵਕਤ ਤੱਕ ਗੁਰੂ ਸਾਹਿਬ ਨੂੰ ਪਤਾ ਲੱਗ ਚੁਕਾ ਸੀ ਕਿ ਅਜਮੇਰ ਚੰਦ, ਹੰਡੂਰ ਦੇ ਤੇ ਹੋਰ ਪਹਾੜੀ ਰਾਜਿਆਂ ਨੂੰ ਨਾਲ ਮਿਲਾ ਕੇ, ਸੂਬਾ ਸਰਹੰਦ ਦੇ ਨਾਲ ਰਲ ਕੇ ਇੱਕ ਵੱਡੇ ਹਮਲੇ ਦੀ ਤਿਆਰੀ ਕਰ ਰਿਹਾ ਹੈ। ਇਸ ਮੌਕੇ ਤੇ ਇਕ ਵੱਡੀ ਤੇ ਲੰਬੀ ਜੰਗ ਹੋਣ ਦੇ ਆਸਾਰ ਸਨ। ਇਸ ਕਰ ਕੇ ਗੁਰੂ ਸਾਹਿਬ ਨੇ ੨੯ ਮਾਰਚ ੧੭੦੫ ਦੇ ਦਿਨ ਅਨੰਦਪੁਰ ਸਾਹਿਬ 'ਚ ਰਹਿ ਰਹੇ ਸਾਰੇ ਸਿੰਘਾਂ ਦਾ ਇਕੱਠ ਬੁਲਾਇਆ ਅਤੇ ਉਨ੍ਹਾਂ ਨੂੰ ਆਖਿਆ ਕਿ ਸਾਰੇ ਗ੍ਰਿਹਸਤੀ ਸਿੰਘ ਆਪਣੇ ਬੀਵੀ ਬੱਚਿਆਂ ਨੂੰ ਲੈ ਕੇ ਵਤਨਾਂ ਨੂੰ ਚਲੇ ਜਾਣ। ਦੋਹਾਂ ਮਾਤਾਵਾਂ ਨੂੰ ਵੀ ਭਾਈ ਸੇਵਾ ਸਿੰਘ ਦੇ ਨਾਲ ਬੁਰਹਾਨਪੁਰ ਵੱਲ ਟੋਰ ਦਿੱਤਾ ਗਿਆ। ਹੁਣ ਅਨੰਦਪੁਰ ਸਾਹਿਬ ਵਿੱਚ ਗੁਰੂ ਸਾਹਿਬ, ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ ਤੇ ਤਕਰੀਬਨ ਪੰਜ ਕੁ ਸੌ ਸਿੰਘ ਹੀ ਬਾਕੀ ਰਹਿ ਗਏ ਸਨ।

੨ ਮਈ ੧੭੦੫ ਦੇ ਦਿਨ ਅਜਮੇਰ ਚੰਦ ਨੇ ਹਜ਼ਾਰਾਂ ਫ਼ੌਜਾਂ ਨਾਲ ਅਨੰਦਪੁਰ ਸਾਹਿਬ ਨੂੰ ਘੇਰ ਲਿਆ। ਗੁਰੂ ਸਾਹਿਬ ਨੇ ਸਾਰੇ ਕਿਲ੍ਹਿਆਂ ਵਿੱਚ ਪੂਰੀ ਤਕੜਾਈ ਕੀਤੀ ਹੋਈ ਸੀ ਪਰ ਉਸ ਵੇਲੇ ਅਨੰਦਪੁਰ ਸਾਹਿਬ 'ਚ ਅਨਾਜ ਕੋਈ ਬਹੁਤਾ ਨਹੀਂ ਸੀ। ਅਜਮੇਰ ਚੰਦ ਦੀਆਂ ਫ਼ੌਜਾਂ ਨੇ ਚਾਰੇ ਪਾਸੇ ਘੇਰਾ ਪਾਇਆ ਹੋਇਆ ਸੀ। ਇਸ ਘੇਰੇ ਤੋਂ ਅੱਗੇ ਜਾ ਕੇ ਹੰਡੂਰੀ ਤੇ ਸਰਹਿੰਦੀ ਫ਼ੌਜਾਂ ਨੇ ਇਕ ਹੋਰ ਘੇਰਾ ਪਾਇਆ ਹੋਇਆ ਸੀ। ਹੌਲੀ-ਹੌਲੀ ਲੰਗਰ ਮਸਤਾਨੇ ਹੋ ਗਏ। ਸਿੰਘ ਛੋਲਿਆਂ ਦੀ ਇੱਕ ਮੁੱਠ ਨਾਲ ਗੁਜ਼ਾਰਾ ਕਰਨ ਲੱਗ ਪਏ। ਇਸ ਹਾਲਤ ਵਿੱਚ ਕੁਝ ਸਿੰਘ ਘਬਰਾਉਣ

ਲੱਗ ਪਏ। ਉਹ ਅਨੰਦਪੁਰ ਸਾਹਿਬ ਦਾ ਘੇਰਾ ਤੋੜ ਕੇ ਨਿਕਲਣਾ ਚਾਹੁੰਦੇ ਸਨ। ਗੁਰੂ ਸਾਹਿਬ ਅਜੇ ਕੁਝ ਚਿਰ ਰੁਕਣਾ ਚਾਹੁੰਦੇ ਸਨ। ਸਿੰਘਾਂ ਨੇ ਮਾਤਾ ਗੁਜਰੀ ਨੂੰ ਮਨਾ ਲਿਆ ਕਿ ਅਨੰਦਪੁਰ ਸਾਹਿਬ ਛੱਡ ਦੇਣਾ ਚਾਹੀਦਾ ਹੈ। ਮਾਤਾ ਜੀ ਨੇ ਵੀ ਗੁਰੂ ਸਾਹਿਬ ਤੇ ਜ਼ੋਰ ਪਾਇਆ। ਗੁਰੂ ਸਾਹਿਬ ਔਰੰਗਜ਼ੇਬ ਨੂੰ ਭੇਜੀ ਚਿੱਠੀ ਦੇ ਜਵਾਬ ਦੀ ਉਡੀਕ ਵਿੱਚ ਸਨ। ਉਸ ਵੇਲੇ ਔਰੰਗਜ਼ੇਬ ਅਹਿਮਦ ਨਗਰ (ਦੱਖਣ) ਵਿੱਚ ਰਹਿ ਰਿਹਾ ਸੀ ਜਿਸ ਕਰ ਕੇ ਜਵਾਬ 'ਚ ਦੇਰੀ ਹੋਣੀ ਹੀ ਸੀ। ਅਖੀਰ ੪ ਦਿਸੰਬਰ ੧੭੦੫ ਦੇ ਦਿਨ ਕੁਰਾਨ ਸ਼ਰੀਫ਼ ਦੀ ਜਿਲਦ ਤੇ ਲੱਗੀ ਔਰੰਗਜ਼ੇਬ ਦੀ ਚਿੱਠੀ ਲੈ ਕੇ ਸ਼ਾਹੀ ਕਾਜ਼ੀ ਅਨੰਦਪੁਰ ਸਾਹਿਬ ਪਹੁੰਚਿਆ। ਉਸ ਵਿੱਚ ਔਰੰਗਜ਼ੇਬ ਨੇ ਲਿਖਿਆ ਸੀ ਕਿ ਗੁਰੂ ਜੀ ਅਨੰਦਪੁਰ ਛੱਡ ਕੇ ਕਾਂਗੜ ਕਸਬੇ 'ਚ ਆ ਜਾਣ। ਉਥੇ ਆਉਣ ਮਗਰੋਂ ਹਾਲਾਤ ਤੇ ਵਿਚਾਰਾਂ ਕੀਤੀਆਂ ਜਾਣਗੀਆਂ। ਗੁਰੂ ਸਾਹਿਬ ਨੇ ਇਸ ਚਿੱਠੀ ਤੇ ਭਾਈ ਦਇਆ ਸਿੰਘ ਤੇ ਹੋਰ ਮੁਖੀ ਸਿੰਘਾਂ ਦੀ ਹਾਜ਼ਰੀ 'ਚ ਵਿਚਾਰ ਕੀਤੀ। ਉਸੇ ਵਕਤ ਅਨੰਦਪੁਰ ਸਾਹਿਬ 'ਚ ਖ਼ਬਰ ਆਈ ਕਿ ਛੇਤੀ ਹੀ ਸਰਹਿੰਦ ਦੇ ਗਵਰਨਰ ਵਜ਼ੀਰ ਖ਼ਾਨ ਦੀ ਵੱਡੀ ਫ਼ੌਜ ਵੀ ਅਨੰਦਪੁਰ ਸਾਹਿਬ ਤੇ ਹਮਲਾ ਕਰਨ ਵਾਲੀ ਹੈ। ਇਸ ਫ਼ੌਜ ਦਾ ਪਹਿਲ ਪੜਾਅ ਰੋਪੜ 'ਚ ੫ ਦਿਸੰਬਰ ੧੭੦੫ ਦੀ ਰਾਤ ਨੂੰ ਹੋਵੇਗਾ। ਔਰੰਗਜ਼ੇਬ ਦੀ ਚਿੱਠੀ ਬਾਰੇ ਵਿਚਾਰ ਦੌਰਾਨ ਬਹੁਤੇ ਸਿੰਘ ਚਾਹੁੰਦੇ ਸਨ ਕਿ ਗੁਰੂ ਸਾਹਿਬ ਪਰਿਵਾਰ ਸਣੇ ਅਨੰਦਪੁਰ ਸਾਹਿਬ ਤੋਂ ਕਾਂਗੜ ਪਿੰਡ ਚਲੇ ਜਾਣ ਤੇ ਪਿੱਛੋਂ ਖਾਲਸਾ ਮੁਗ਼ਲਾਂ ਤੇ ਪਹਾੜੀਆਂ ਨਾਲ ਦੋ ਹੱਥ ਕਰੇ। ਪਰ ਗੁਰੂ ਸਾਹਿਬ ਨੇ ਆਖਿਆ ਕਿ ਉਹ ਸਿੱਖਾਂ ਨੂੰ ਇਕੱਲਿਆਂ ਛੱਡ ਕੇ ਨਹੀਂ ਜਾਣਗੇ। ਗੁਰੂ ਸਾਹਿਬ ਨੇ ਫ਼ੈਸਲਾ ਕੀਤਾ ਕਿ ਸਾਰੇ ਦੇ ਸਾਰੇ ੫੦੦ ਸਿੰਘ ਇਕੱਠੇ ਹੀ ਜਾਣਗੇ। ਉਨ੍ਹਾਂ ਬਾਕੀ ਕਿਲ੍ਹਿਆਂ ਵਿੱਚੋਂ ਵੀ ਸਾਰੇ ਸਿੰਘਾਂ ਨੂੰ ਬੁਲਾ ਲਿਆ। ਉਨ੍ਹਾਂ ਸਾਰੇ ਸਿੱਖਾਂ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਇੱਕ ਪਾਸੇ ਗੁਰੂ ਸਾਹਿਬ ਅਤੇ ਉਨ੍ਹਾਂ ਨਾਲ ਚਾਲੀ 'ਦਰਬਾਰੀ' ਸਿੰਘ ਸਨ (ਇਨ੍ਹਾਂ ਨੂੰ ਅਨੰਦਪੁਰ ਸਾਹਿਬ ਦੇ "ਚਾਲੀ ਮੁਕਤੇ" ਆਖ ਕੇ ਯਾਦ ਕੀਤਾ ਜਾਂਦਾ ਹੈ)। ਦੂਜੇ ਪਾਸੇ ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ ਤੇ ਬਾਕੀ ਚਾਰ ਸੌ ਸੱਠ ਸਿੰਘ ਸਨ। ਇਨ੍ਹਾਂ ਸਾਰਿਆਂ ਨੂੰ ਅੱਗੋਂ ਵੱਖ-ਵੱਖ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ। ਚਾਰ ਸੌ ਸੱਠ ਵਿੱਚੋਂ ੫੦ ਸਿੰਘ ਭਾਈ ਉਦੈ ਸਿੰਘ ਦੇ ਨਾਲ ਸਨ, ੧੦੦ ਸਿੰਘ ਭਾਈ ਜੀਵਨ ਸਿੰਘ ਰੰਘਰੇਟੇ ਨਾਲ, ੧੦੦ ਸਿੰਘ ਭਾਈ ਬਚਿਤਰ ਸਿੰਘ ਨਾਲ ਸਨ, ੧੦੦ ਸਿੰਘ ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਦੇ ਨਾਲ ਤੇ ਬਾਕੀ ਦੇ ੯੦ ਸਿੰਘ ਇਕ ਵੱਖਰੇ ਜਥੇ ਵਿੱਚ ਜਾਣੇ ਸਨ। ੪੦ 'ਚੋਂ ੩੭ ਮੁਕਤੇ ਗੁਰੂ ਸਾਹਿਬ ਦੇ ਨਾਲ ਜਾਣੇ ਸਨ (ਭਾਈ ਉਦੈ ਸਿੰਘ, ਬਾਈ ਜੀਵਨ ਸਿੰਘ ਤੇ ਭਾਈ ਬਚਿੱਤਰ ਸਿੰਘ ਤਿੰਨੇ ਚਾਲੀਆਂ ਵਿੱਚ ਸ਼ਾਮਿਲ ਸਨ ਪਰ ਇਨ੍ਹਾਂ ਨੂੰ ਜਥਿਆਂ ਦੀ ਕਮਾਂਡ ਵੀ ਦਿੱਤੀ ਹੋਈ ਸੀ।

ਅਨੰਦਪੁਰ ਸਾਹਿਬ ਛੱਡਣਾ

੫-੬ ਦਿਸੰਬਰ ਦੇ ਦਿਨ, ਦੋ ਘੜੀਆਂ ਰਾਤ ਗਈ, ਗੁਰੂ ਸਾਹਿਬ "ਚੱਕ ਨਾਨਕੀ" ਦੇ ਸਿਰੇ ਤੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸੰਸਕਾਰ ਵਾਲੀ ਜਗਹ (ਗੁਰਦੁਆਰਾ ਸੀਸ ਗੰਜ) ਪਹੁੰਚੇ ਅਤੇ ਭਾਈ ਗੁਰਬਖ਼ਸ਼ ਦਾਸ ਉਦਾਸੀ ਨੂੰ ਇਸ ਜਗਹ ਦੀ ਸੇਵਾ ਸੰਭਾਲੀ ਅਤੇ ਆਪ ਸਿੰਘਾਂ ਨੂੰ ਨਾਲ ਲੈ ਕੇ ਕਿਲ੍ਹਾ ਅਨੰਦਗੜ੍ਹ ਆ ਗਏ। ਅਨੰਦਗੜ੍ਹ ਆ ਕੇ ਆਪ ਨੇ ਸਭ ਤੋਂ ਪਹਿਲਾਂ ੯੦ ਸਿੰਘਾਂ ਦੇ ਇੱਕ ਜਥੇ ਦੀ ਹਿਫ਼ਾਜ਼ਤ ਵਿੱਚ ਮਾਤਾ ਗੁਜਰੀ, ਦੋ ਛੋਟੇ ਸਾਹਿਬਜ਼ਾਦੇ ਅਤੇ ਇੱਕ ਸੇਵਾਦਾਰ ਤੇ ਇੱਕ ਸੇਵਾਦਾਰਨੀ ਨੂੰ ਕੀਰਤਪੁਰ ਵੱਲ ਟੋਰਿਆ। ਇਸ ਮਗਰੋਂ ਔਰੰਗਜ਼ੇਬ ਦੀ ਚਿੱਠੀ ਨੂੰ ਸੰਭਾਲਿਆ ਫਿਰ ਭਾਈ ਉਦੈ ਸਿੰਘ ਦੀ ਅਗਵਾਈ 'ਚ ੫੦ ਸਿੰਘਾਂ ਦਾ ਜਥਾ ਰਵਾਨਾ ਕੀਤਾ ਤੇ ਆਪ ਵੀ ਪਿੱਛੇ ਟੁਰ ਪਏ। ਇਨ੍ਹਾਂ ਪਿੱਛੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਬੁੱਢਾ ਸਿੰਘ ਦਾ ਜੱਥਾ ਆ ਰਿਹਾ ਸੀ। ਇਨ੍ਹਾਂ ਪਿਛੇ ਭਾਈ ਜੀਵਨ ਸਿੰਘ ਤੇ ਸਭ ਤੋਂ ਪਿੱਛੇ ਭਾਈ ਬਚਿਤਰ ਸਿੰਘ ਦਾ ਜਥਾ ਸੀ। ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਹੁੰਦੇ ਹੋਏ ਪਿੰਡ ਝੱਖੀਆਂ ਦੀ ਜੂਹ 'ਚੋਂ ਲੰਘ ਕੇ ਸ਼ਾਹੀ ਟਿੱਬੀ ਵੱਲੋਂ ਸਰਸਾ ਨਦੀ ਦੇ ਕੰਢੇ ਵੱਲ ਜਾਣਾ ਸੀ ਅਤੇ ਏਥੋਂ ਨਦੀ ਪਾਰ ਕਰਨੀ ਸੀ। ਗੁਰੂ ਸਾਹਿਬ ਨੇ ਪਰਿਵਾਰ ਨੂੰ ਚਮਕੌਰ ਵਲ ਭੇਜਣਾ ਸੀ ਅਤੇ ਆਪ ਕੋਟਲਾ ਨਿਹੰਗ (ਰੋਪੜ) ਵਲ ਜਾਣਾ ਸੀ।

ਅਜੇ ਗੁਰੂ ਸਾਹਿਬ ਕੀਰਤਪੁਰ ਲੰਘੇ ਹੀ ਸਨ ਕਿ ਪਿੱਛੋਂ ਪਹਾੜੀ ਤੇ ਮੁਗ਼ਲ ਫ਼ੌਜਾਂ ਨੇ ਤੀਰਾਂ ਅਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ ਆਪਣਾ ਜਾਮਾ ਜੋੜਾ ਭਾਈ ਉਦੈ ਸਿੰਘ ਨੂੰ ਬਖ਼ਸ਼ ਕੇ ਉਸ ਨੂੰ ਸ਼ਾਹੀ ਟਿੱਬੀ ਤੇ ਤਾਈਨਾਤ ਕੀਤਾ ਤੇ ਉਸ ਨਾਲ ਪੰਜਾਹ ਸਿੰਘ ਲੜਨ ਵਾਸਤੇ ਦਿੱਤੇ। ਉਨ੍ਹਾਂ ਭਾਈ ਉਦੈ ਸਿੰਘ ਨੂੰ ਆਖਿਆ ਕਿ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਆਖਣਾ ਕਿ ਉਹ ਉੱਥੇ ਨਾ ਰੁਕਣ ਅਤੇ ਰੋਪੜ ਵੱਲ ਵਲੇ ਜਾਣ। ਇਸ ਮਗਰੋਂ ਆਪ ਨੇ ਮਾਤਾ ਗੁਜਰੀ, ਦੋ ਛੋਟੇ ਸਾਹਿਬਜ਼ਾਦਿਆਂ ਤੇ ਦੋ ਸੇਵਾਦਾਰਾਂ ਨਾਲ ਸਰਸਾ ਨਦੀ ਨੂੰ ਪਾਰ ਕੀਤਾ। ਇਨ੍ਹਾਂ ਪਿੱਛੇ ਆ ਰਿਹਾ ਵਹੀਰ ਵੀ ਸਰਸਾ ਪਾਰ ਕਰ ਗਿਆ। ਗੁਰੂ ਸਾਹਿਬ ਨੇ ਇੱਕ ਸੌ ਸਿੰਘਾਂ ਨੂੰ ਆਖਿਆ ਕਿ ਉਹ ਉੱਥੇ ਰੁਕ ਕੇ ਪਿੱਛੇ ਆ ਰਹੀਆਂ ਫ਼ੌਜਾਂ ਦਾ ਰਾਹ ਡੱਕਣ। ਹੁਣ ਤਿੰਨ ਜਥੇ ਦੁਸ਼ਮਣ ਦੀ ਫ਼ੌਜ ਦਾ ਰਾਹ ਰੋਕਣ ਵਾਸਤੇ ਡੱਟੇ ਹੋਏ ਸਨ : ਭਾਈ ਉਦੈ ਸਿੰਘ ਸ਼ਾਹੀ ਟਿੱਬੀ ਤੇ, ਭਾਈ ਜੀਵਣ ਸਿੰਘ ਪਿੰਡ ਝੱਖੀਆਂ ਕੋਲ ਸਿਰਸਾ ਨਦੀ ਦੇ ਪਾਰ ਅਤੇ ਤੀਜਾ ਜਥਾ ਸਰਸਾ ਨਦੀ ਦੇ ਦੂਜੇ ਕੰਢੇ ਤੇ ਸੀ। ਚੌਥਾ ਜਥਾ ਭਾਈ ਬਚਿੱਤਰ ਸਿੰਘ ਦਾ ਸਰਸਾ ਪਾਰ ਕੇ ਰੋਪੜ ਵਲ ਰਵਾਨਾ ਹੋ ਚੁੱਕਾ ਸੀ। ਥੋੜ੍ਹੇ ਚਿਰ ਵਿਚ ਮਾਤਾ ਗੁਜਰੀ, ਦੋ ਛੋਟੇ ਸਾਹਿਬਜ਼ਾਦੇ ਅਤੇ ਦੋ ਸੇਵਾਦਾਰ ਦੂਰ ਨਿਕਲ ਕੇ ਚਮਕੌਰ ਵਲ ਚਲੇ ਗਏ ਸਨ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ, ਭਾਈ ਬਖਸ਼ਿਸ਼ ਸਿੰਘ, ਭਾਈ ਗੁਰਬਖ਼ਸ਼ੀਸ਼ ਸਿੰਘ ਅਤੇ ਕੁਝ ਹੋਰ ਸਾਥੀ ਸਿੰਘ ਕੋਟਲਾ ਨਿਹੰਗ ਵਿੱਚ ਪਹੁੰਚ ਚੁੱਕੇ ਸਨ।

ਪਿੱਛੋਂ ਆ ਰਹੀ ਪਹਾੜੀ ਫ਼ੌਜ ਨੇ ਪਹਿਲਾਂ ਤਾਂ ਭਾਈ ਜੀਵਨ ਸਿੰਘ ਦੇ ਜਥੇ ਤੇ ਹਮਲਾ ਕੀਤਾ। ਪਿੰਡ ਝੱਖੀਆਂ ਦੀ ਇਸ ਲੜਾਈ ਵਿੱਚ ਭਾਈ ਜੀਵਨ ਸਿੰਘ ਰੰਘਰੇਟਾ, ਬੀਬੀ ਭਿੱਖਾਂ (ਪੁੱਤਰੀ ਭਾਈ ਬਜਰ ਸਿੰਘ ਤੇ ਪਤਨੀ ਭਾਈ ਆਲਮ ਸਿੰਘ 'ਨੱਚਣਾ') ਅਤੇ ਇੱਕ ਸੌ ਸਿੰਘ ਸ਼ਹੀਦ ਹੋ ਗਏ। ਦੂਜੀ ਲੜਾਈ ਸ਼ਾਹੀ ਟਿੱਬੀ ਤੇ ਹੋਈ। ਇਸ ਲੜਾਈ ਵਿੱਚ ਭਾਈ ਉਦੈ ਸਿੰਘ ਅਤੇ ਪੰਜਾਹ ਸਿੰਘ ਸ਼ਹੀਦ ਹੋ ਗਏ। ਭਾਈ ਉਦੈ ਸਿੰਘ ਨੇ ਦਸਵੇਂ ਪਾਤਿਸ਼ਾਹ ਦਾ ਜੋੜਾ ਜਾਮਾ ਪਹਨਿਆ ਹੋਇਆ ਸੀ। ਅਜਮੇਰ ਚੰਦ ਨੇ ਭਾਈ ਉਦੈ ਸਿੰਘ ਨੂੰ ਸ਼ਹੀਦ ਹੋਏ ਵੇਖ ਕੇ ਉਨ੍ਹਾਂ ਨੂੰ ਕੱਪੜਿਆਂ ਕਰ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਸਮਝ ਲਿਆ ਅਤੇ ਉਨ੍ਹਾਂ ਦਾ ਸਿਰ ਕਟਵਾ ਕੇ ਰੋਪੜ ਦੇ ਨਵਾਬ ਵੱਲ ਭੇਜ ਦਿੱਤਾ ਤੇ ਰੌਲਾ ਪਾ ਦਿੱਤਾ ਕਿ 'ਅਸੀਂ ਗੁਰੂ ਮਾਰ ਲਿਆ ਹੈ।' ਤੀਜਾ ਜਥਾ ਭਾਈ ਬਚਿਤਰ ਸਿੰਘ ਦਾ ਸਰਹਿੰਦੀ ਫ਼ੌਜ ਨਾਲ ਮਲਕਪੁਰ (ਰੰਘੜਾਂ) ਪਿੰਡ ਦੀ ਜੂਹ ਵਿੱਚ ਭਿੜ ਪਿਆ। ਇੱਥੇ ਵੀ ਬੜੀ ਜ਼ਬਰਦਸਤ ਲੜਾਈ ਹੋਈ। ਇਸ ਲੜਾਈ ਵਿੱਚ ਭਾਈ ਬਚਿਤਰ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਪਿੱਛੇ ਆ ਰਹੇ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਮਦਨ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਭਾਈ ਬਚਿਤਰ ਸਿੰਘ ਨੂੰ ਜ਼ਖ਼ਮੀ ਪਏ ਵੇਖਿਆ ਅਤੇ ਚੁੱਕ ਕੇ ਕੋਟਲਾ ਨਿਹੰਗ ਲੈ ਆਏ। ਗੁਰੂ ਗੋਬਿੰਦ ਸਿੰਘ ਸਾਹਿਬ ਉੱਥੇ ਪਹਿਲੋਂ ਹੀ ਮੌਜੂਦ ਸਨ। ੬-੭ ਦਿਸੰਬਰ ਦੀ ਰਾਤ ਨੂੰ ਗੁਰੂ ਸਾਹਿਬ ਕੋਟਲਾ ਨਿਹੰਗ ਤੋਂ ਚਮਕੌਰ ਵੱਲ ਟੁਰ ਪਏ। ਉਹ ਮਾਤਾ ਗੁਜਰੀ ਤੇ ਬੱਚਿਆਂ ਨੂੰ ਪਹਿਲੋਂ ਹੀ ਚਮਕੌਰ ਭੇਜ ਚੁਕੇ ਸਨ। ਚਮਕੌਰ ਤੋਂ ਮਾਛੀਵਾੜਾ, ਮਾਛੀਵਾੜਾ ਤੋਂ ਤਲਵੰਡੀ ਸਾਬੋ ਤੇ ਤਲਵੰਡੀ ਸਾਬੋ ਤੋਂ ਨੰਦੇੜ ਗੁਰੂ ਸਾਹਿਬ ਦਾ ਅਗਲਾ ਸਫ਼ਰ ਵਖਰੀ ਤਵਾਰੀਖ਼ ਹੈ।

੧੭੦੫ ਤੋਂ ਮਗਰੋਂ ਅਨੰਦਪੁਰ ਸਾਹਿਬ

੫-੬ ਦਿਸੰਬਰ ੧੭੦੫ ਦੀ ਰਾਤ ਨੂੰ ਗੁਰੂ ਸਾਹਿਬ ਅਨੰਦਪੁਰ ਸਾਹਿਬ ਤੋਂ ਚਲੇ ਗਏ। ਪਿੱਛੇ ਚੱਕ ਨਾਨਕੀ ਵਿੱਚ ਸਿਰਫ਼ ਗੁਰਬਖ਼ਸ਼ ਦਾਸ ਉਦਾਸੀ ਹੀ ਰਹਿ ਗਿਆ ਸੀ। ਛੇ ਤਾਰੀਖ਼ ਦੀ ਸਵੇਰ ਵੇਲੇ ਅਜਮੇਰ ਚੰਦ ਦੀ ਫ਼ੌਜ ਨੇ ਅਨੰਦਪੁਰ ਸਾਹਿਬ ਅਤੇ ਚੱਕ ਨਾਨਕੀ ਤੇ ਹਮਲਾ ਕਰ ਦਿੱਤਾ। ਪਹਾੜੀ ਫ਼ੌਜਾਂ ਨੂੰ ਜੋ ਕੁਝ ਵੀ ਲੱਭਾ ਉਹ ਲੁੱਟ ਕੇ ਲੈ ਗਏ। ਇਸ ਮਗਰੋਂ ਪਹਾੜੀ ਫ਼ੌਜਾਂ ਨੇ ਅਨੰਦਗੜ੍ਹ ਦਾ ਕਿਲ੍ਹਾ ਢਾਹ ਢੇਰੀ ਕਰ ਦਿੱਤਾ। ਇਸ ਤੋਂ ਵਿਹਲੇ ਹੋ ਕੇ ਉਨ੍ਹਾਂ ਨੇ ਕੇਸਗੜ੍ਹ, ਲੋਹਗੜ੍ਹ, ਹੋਲਗੜ੍ਹ (ਅਗੰਮਗੜ੍ਹ) ਤੇ ਤਾਰਾ ਗੜ੍ਹ ਦੇ ਕਿਲ੍ਹੇ ਵੀ ਢਾਹ ਦਿੱਤੇ। ਉਨ੍ਹਾਂ ਇਨ੍ਹਾਂ ਕਿਲ੍ਹਿਆਂ ਤੇ ਕਬਜ਼ਾ ਨਾ ਕੀਤਾ ਕਿਉਂ ਕਿ ਉਹ ਡਰਦੇ ਸੀ ਕਿ ਜਦੋਂ ਗੁਰੂ ਸਾਹਿਬ ਵਾਪਿਸ ਆਉਣਗੇ ਉਦੋਂ ਹੀ ਉਹ ਪਹਾੜੀ ਫ਼ੌਜਾਂ ਨੂੰ ਕਿਲ੍ਹਿਆਂ ਵਿੱਚੋਂ ਕੱਢ ਦੇਣਗੇ। ਇਸ ਕਰ ਕੇ ਉਨ੍ਹਾਂ ਨੇ ਕਿਲ੍ਹੇ ਢਾਹੁਣ ਦਾ ਫ਼ੈਸਲਾ ਕੀਤਾ ਸੀ। ਕੁਝ ਹੀ ਦਿਨਾਂ ਵਿੱਚ ਸਾਰੇ ਕਿਲ੍ਹੇ ਢਾਹ ਕੇ ਤਕਰੀਬਨ ਪਧਰੇ ਹੀ ਕਰ ਦਿੱਤੇ ਗਏ ਸਨ। ਮਗਰੋਂ ਇਨ੍ਹਾਂ ਜਗਹਾਂ ਤੇ ਫ਼ਸਲਾਂ ਬੀਜ ਦਿੱਤੀਆਂ ਗਈਆਂ।

ਪਹਾੜੀ ਫ਼ੌਜਾਂ ਨੇ ਕਿਲ੍ਹਿਆਂ ਤੋਂ ਮਗਰੋਂ ਅਨੰਦਪੁਰ ਸ਼ਹਿਰ ਤੇ ਚੱਕ ਨਾਨਕੀ ਦਾ ਬਹੁਤਾ ਹਿੱਸਾ ਵੀ ਢਾਹ ਦਿੱਤਾ। ਸਿਰਫ਼ ਸੀਸ ਗੰਜ ਤੇ ਭੋਰਾ ਸਾਹਿਬ ਵਾਲੀ ਜਗਹ ਹੀ ਬਚੀ।

ਉਧਰ ਇਸ ਗੱਲ ਦੀ ਆਮ ਚਰਚਾ ਸੀ ਕਿ ਗੁਰੂ ਸਾਹਿਬ ਛੇਤੀ ਹੀ ਅਨੰਦਪੁਰ ਆਉਣਗੇ। "ਅਨੰਦਪੁਰ ਫੇਰ ਪਰਤਣ" ਦੀ ਆਵਾਜ਼ ਅਜਮੇਰ ਚੰਦ ਦੇ ਕੰਨਾਂ ਵਿੱਚ ਵੀ ਪਹੁੰਚੀ ਸੀ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ੧੫ ਅਕਤੂਬਰ ੧੭੦੭ ਦੇ ਦਿਨ ਲਿਖੇ ਹੁਕਮਨਾਮੇ ਵਿੱਚ ਵੀ ਕਿਹਾ ਸੀ : "ਅਸੀਂ ਜਦੋਂ ਕਹਿਲੂਰ ਪਹੁੰਚੀਏ, ਸਿੰਘ ਹਥਿਆਰ ਬੰਨ੍ਹ ਕੇ ਦਰਸ਼ਨ ਕਰਨ੍ਹ ਆਉਣ।" ਇਨ੍ਹਾਂ ਲਫ਼ਜ਼ਾਂ ਦਾ ਸਾਫ਼ ਮਤਲਬ ਸੀ ਕਿ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਹੀ ਮੁੜਨਾ ਸੀ। ਇਸ ਵੇਲੇ ਅਨੰਦਪੁਰ ਸਾਹਿਬ ਵਿੱਚ ਕੋਈ ਵੀ ਨਹੀਂ ਰਹਿੰਦਾ ਸੀ। ਸੋਢੀਆਂ ਦੇ ਘਰ ਤਾਂ ਅਨੰਦਪੁਰ ਸਾਹਿਬ ਹੀ ਨਹੀਂ ਕੀਰਤਪੁਰ ਸਾਹਿਬ ਵਿੱਚੋਂ ਵੀ ਚਲੇ ਗਏ ਸਨ। ਹੁਣ ਇਨ੍ਹਾਂ ਦਾ ਵੱਡਾ ਡੇਰਾ ਨਾਹਨ ਰਿਆਸਤ ਵਿੱਚ ਸੀ।

ਬਾਬਾ ਬੰਦਾ ਸਿੰਘ ਬਹਾਦਰ ਵੇਲੇ ਅਨੰਦਪੁਰ ਸਾਹਿਬ

੭ ਅਕਤੂਬਰ ੧੭੦੮ ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਜੋਤੀ ਜੋਤ ਸਮਾ ਗਏ। ਉਧਰ ਬੰਦਾ ਸਿੰਘ ਬਹਾਦਰ ੫ ਅਕਤੂਬਰ ਦੇ ਦਿਨ ਨੰਦੇੜ ਤੋਂ ਪੰਜਾਬ ਵੱਲ ਟੁਰ ਚੁੱਕਾ ਸੀ। ਬੰਦਾ ਸਿੰਘ ਬਹਾਦਰ ਨੇ ੨੬ ਨਵੰਬਰ ੧੭੦੯ ਨੂੰ ਸਮਾਣੇ ਤੇ ਕਬਜ਼ਾ ਕਰ ਲਿਆ। ੫ ਦਿਸੰਬਰ ੧੭੦੯ ਦੇ ਦਿਨ ਸਢੌਰਾ ਅਤੇ ੧੪ ਮਈ ੧੭੧੦ ਨੂੰ ਸਰਹਿੰਦ ਤੇ ਵੀ ਬੰਦਾ ਸਿੰਘ ਦਾ ਕਬਜ਼ਾ ਹੋ ਚੁੱਕਾ ਸੀ। ਪਰ ਪੰਜ ਮਹੀਨੇ ਮਗਰੋਂ ਜਦੋਂ ਬਾਦਸ਼ਾਹ ਬਹਾਦਰ ਸ਼ਾਹ ਇੱਕ ਵੱਡੀ ਫ਼ੌਜ ਲੈ ਕੇ ਪੰਜਾਬ ਵੱਲ ਟੁਰ ਪਿਆ ਤਾਂ ਬੰਦਾ ਸਿੰਘ ਮੌਕੇ ਦੀ ਨਜ਼ਾਕਤ ਨੂੰ ਸੰਭਾਲਦਿਆਂ ਪਹਾੜਾਂ ਵੱਲ ਨਿਕਲ ਗਿਆ। ਉਸ ਨੇ ੨੮ ਦਿਸੰਬਰ ੧੭੧੦ ਨੂੰ ਬਿਲਾਸਪੁਰ ਤੇ ਹਮਲਾ ਕਰ ਦਿੱਤਾ। ਅਜਮੇਰ ਚੰਦ ਨੇ ਪਹਿਲੋਂ ਤਾਂ ਟਾਕਰਾ ਕੀਤਾ ਪਰ ਫਿਰ ਹਥਿਆਰ ਸੁੱਟ ਦਿੱਤੇ। ਇਹ ਅਜਮੇਰ ਚੰਦ ਹੀ ਸੀ ਜਿਸ ਕਰ ਕੇ ਗੁਰੂ ਸਾਹਿਬ ਨੂੰ ਅਨੰਦਪੁਰ ਛੱਡਣਾ ਪਿਆ ਸੀ। ਅਨੰਦਪੁਰ ਸਾਹਿਬ ਤੋਂ ਟੈਕਸ ਵਸੂਲਣ ਦੀ ਖ਼ਾਹਿਸ਼ ਰੱਖਣ ਵਾਲੇ ਅਜਮੇਰ ਚੰਦ ਨੇ ਬੰਦਾ ਸਿੰਘ ਨੂੰ ਟੈਕਸ ਦੇਣਾ ਮਨਜ਼ੂਰ ਕੀਤਾ। ਇਸ ਲੜਾਈ ਵਿੱਚ ਭਾਈ ਕੇਸੋ ਸਿੰਘ ਤੇ ਭਾਈ ਭਾਗ ਸਿੰਘ ਸ਼ਹੀਦੀਆਂ ਪਾ ਗਏ।

ਬਾਬਾ ਬੰਦਾ ਸਿੰਘ ਵੱਲੋਂ ਅਜਮੇਰ ਚੰਦ ਤੋਂ ਈਨ ਮਨਵਾਏ ਜਾਣ ਮਗਰੋਂ ਕੀਰਤਪੁਰ ਦੇ ਸੋਢੀ ਹੌਲੀ-ਹੌਲੀ ਵਾਪਿਸ ਆਉਣੇ ਸ਼ੁਰੂ ਹੋ ਗਏ ਪਰ ਅਨੰਦਪੁਰ ਸਾਹਿਬ 'ਚ ਰੌਣਕ ਨਾ ਹੋ ਸਕੀ। ਬੰਦਾ ਸਿੰਘ ਉੱਥੇ ਬਹੁਤੀ ਦੇਰ ਨਾ ਟਿਕਿਆ। ੯ ਜੂਨ ੧੭੧੬ ਨੂੰ ਬੰਦਾ ਸਿੰਘ ਸ਼ਹੀਦ ਹੋ ਗਿਆ। ਇਸ ਮਗਰੋਂ ਅਜਮੇਰ ਚੰਦ ਫੇਰ ਵਿਟਰ ਗਿਆ। ਹੁਣ ਉਸ ਨੂੰ ਜਾਪਣ ਲੱਗ ਪਿਆ ਕਿ ਸਿੱਖ ਫੇਰ ਨਹੀਂ ਉਠ ਸਕਣਗੇ। ਮੁਗ਼ਲਾਂ ਵੱਲੋਂ ਸਿੱਖਾਂ ਤੇ ਜ਼ੁਲਮ ਦਾ ਦੌਰ ਚਲਾਏ ਜਾਣ ਕਰ ਕੇ ਅਜਮੇਰ ਚੰਦ ਬੇਫ਼ਿਕਰਾ

ਹੋਇਆ ਹੋਇਆ ਸੀ। ਇਨ੍ਹੀਂ ਦਿਨੀਂ ਹੀ ਸੋਢੀ ਗੁਲਾਬ ਸਿੰਘ ਅਤੇ ਸ਼ਾਮ ਸਿੰਘ (ਦੋਵੇਂ ਪੁੱਤਰ ਬਾਬਾ ਦੀਪ ਸਿੰਘ ਪੋਤਰੇ ਬਾਬਾ ਸੂਰਜ ਮਲ ਤੇ ਪੜਪੋਤੇ ਗੁਰੂ ਹਰਿਗੋਬਿੰਦ ਸਾਹਿਬ) ਅਨੰਦਪੁਰ ਸਾਹਿਬ ਆ ਕੇ ਰਹਿਣ ਲੱਗ ਪਏ। ਉਨ੍ਹਾਂ ਅਜਮੇਰ ਚੰਦ ਤੱਕ ਪਹੁੰਚ ਕੀਤੀ। ਅਜਮੇਰ ਚੰਦ ਨੇ ਸੋਢੀਆਂ ਤੋਂ ਪੈਸੇ ਲੈ ਕੇ ਸਿਰਫ਼ ਸਠ ਘੁਮਾ ਜ਼ਮੀਨ ਦਿੱਤੀ। ਸੋਢੀ ਗੁਲਾਬ ਸਿੰਘ ਨੇ ਰਕਮ ਅਦਾ ਕੀਤੀ ਅਤੇ ਅਜਮੇਰ ਚੰਦ ਦੀ ਹਕੂਮਤ ਦੀ ਪਰਜਾ ਬਣਨਾ ਮੰਨ ਲਿਆ। ਕੁਝ ਚਿਰ ਮਗਰੋਂ ਗੁਲਾਬ ਸਿੰਘ ਨੇ ਆਪਣੇ ਆਪ ਨੂੰ ਯਾਰ੍ਹਵਾਂ ਗੁਰੂ ਅਖਵਾਉਣਾ ਸ਼ੁਰੂ ਕਰ ਦਿੱਤਾ। ਉਹ ਕਲਗੀ ਸਜਾ ਕੇ ਗੱਦੀ ਤੇ ਬੈਠਣ ਲੱਗ ਪਿਆ ਅਤੇ ਸੰਗਤਾਂ ਤੋਂ ਕਾਰ ਭੇਟਾ ਤੇ ਦਸਵੰਧ ਲੈਣੀ ਸ਼ੁਰੂ ਕਰ ਦਿੱਤੀ। ਭਾਈ ਗੁਰਬਖ਼ਸ਼ ਦਾਸ ਉਦਾਸੀ ਨੇ ਗੁਲਾਬ ਸਿੰਘ ਨੂੰ ਗੁਰੂ ਅਖਵਾਉਣ ਤੋਂ ਰੋਕਿਆ। ਉਨ੍ਹਾਂ ਸਮਝਾਇਆ ਕਿ ਗੁਰੂ ਸਾਹਿਬ ਆਪ ਹੀ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪ ਗਏ ਹਨ। ਇਸ ਕਰ ਕੇ ਇਹ ਪਾਖੰਡ ਬੰਦ ਕਰਨਾ ਚਾਹੀਦਾ ਹੈ। ਗੁਲਾਬ ਸਿੰਘ ਨੇ ਭਾਈ ਗੁਰਬਖ਼ਸ਼ ਦਾਸ ਦੀ ਗੱਲ ਤਾਂ ਕੀ ਮੰਨਣੀ ਸੀ ਸਗੋਂ ਉਲਟਾ ਉਨ੍ਹਾਂ ਨੂੰ ਬੁਰਾ ਭਲਾ ਆਖਿਆ ਤੇ ਕੁਟ ਮਾਰ ਵੀ ਕੀਤੀ। ਇਸ ਤੇ ਭਾਈ ਗੁਰਬਖ਼ਸ਼ ਦਾਸ ਅਨੰਦਪੁਰ ਸਾਹਿਬ ਛੱਡ ਕੇ ਕੀਰਤਪੁਰ ਕੋਲ ਪਿੰਡ "ਨੱਕੀਆਂ" ਚਲੇ ਗਏ।

ਬਾਬਾ ਗੁਰਬਖ਼ਸ਼ ਦਾਸ ਦੇ ਜਾਣ ਤੋਂ ਕੁਝ ਚਿਰ ਮਗਰੋਂ ਹੀ ਗੁਲਾਬ ਸਿੰਘ ਤੇ ਉਸ ਦੇ ਚਾਰੇ ਪੁੱਤਰ ਚੜ੍ਹਾਈ ਕਰ ਗਏ। ਇਸ ਮਗਰੋਂ ਉਹ ਆਪ ਵੀ ਛੇਤੀ ਹੀ ਚੜ੍ਹਾਈ ਕਰ ਗਿਆ। ਇਨ੍ਹਾਂ ਮੌਤਾਂ ਨੂੰ ਲੋਕਾਂ ਨੇ ਗੁਲਾਬ ਸਿੰਘ ਵੱਲੋਂ ਗੁਰੂ ਅਖਵਾਉਣ ਦੀ ਹਰਕਤ ਦੀ ਸਜ਼ਾ ਸਮਝਿਆ। ਗੁਲਾਬ ਸਿੰਘ ਤੋਂ ਮਗਰੋਂ ਉਸ ਦੇ ਭਰਾ ਸ਼ਾਮ ਸਿੰਘ ਨੇ ਆਪਣੇ ਆਪ ਨੂੰ ਗੁਰੂ ਤਾਂ ਨਾ ਅਖਵਾਇਆ ਪਰ ਉਹ ਸੰਗਤਾਂ ਕੋਲੋਂ ਕਾਰ ਭੇਟਾ ਜ਼ਰੂਰ ਲੈਂਦਾ ਰਿਹਾ। ਉਸ ਦੇ ਵਾਰਿਸਾਂ ਵੱਲੋਂ ਕਾਰ ਭੇਟਾ ਲੈਣ ਦਾ ਸਿਲਸਿਲਾ ੧੯੨੧ ਤੱਕ ਚਲਦਾ ਰਿਹਾ ਤੇ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਣ ਵੇਲੇ ਖ਼ਤਮ ਹੋਇਆ।

ਸੋਢੀ ਖਾਨਦਾਨ ਕੋਲ ਸਿਰਫ ਭੋਰਾ ਸਾਹਿਬ, ਸੀਸ ਗੰਜ ਤੇ ਕੁਝ ਜ਼ਮੀਨ ਹੀ ਸੀ ਬਾਕੀ ਸਾਰੀ ਜ਼ਮੀਨ ਬਿਲਾਸਪੁਰ ਸਰਕਾਰ ਨੇ ਕਬਜ਼ੇ ਵਿੱਚ ਲੈ ਕੇ ਇਲਾਕੇ ਦੇ ਰਾਜਪੂਤਾਂ (ਬਹਿਰੋਕ ਖ਼ਾਨਦਾਨ) ਦੇ ਹਵਾਲੇ ਕਰ ਦਿੱਤੀ। ਹਾਲਾਂ ਕਿ ਇਹ ਜ਼ਮੀਨ ਗੁਰੂ ਤੇਗ਼ ਬਹਾਦਰ ਸਾਹਿਬ ਨੇ ਮੁੱਲ ਤਾਰ ਕੇ ਰਿਆਸਤ ਬਿਲਾਸਪੁਰ ਤੋਂ ਲਈ ਸੀ ਪਰ ਫਿਰ ਵੀ ਇਸ ਦੀ ਮਲਕੀਅਤ ਜਬਰੀ ਬਹਿਰੋਕ ਖ਼ਾਨਦਾਨ ਨੂੰ ਦੇ ਦਿੱਤੀ ਗਈ। (ਮਗਰੋਂ ਬਹਿਰੋਕ ਖ਼ਾਨਦਾਨ ਦੇ ਵਾਰਿਸ ਸਿੰਘ ਸਜ ਗਏ। ਉਨ੍ਹਾਂ ਨੇ ਇਸ ਵਿੱਚੋਂ ਕੁਝ ਜ਼ਮੀਨ ਸੋਢੀਆਂ ਨੂੰ "ਦਾਨ" ਦੇ ਦਿੱਤੀ ਤੇ ਕੁਝ ਹੋਰ ਸਮਾਜਿਕ ਕੰਮਾਂ ਵਾਸਤੇ ਵੀ ਅਰਦਾਸ ਕਰਵਾਈ। ਅੱਜ ਵੀ ਇਸ ਦਾ ਕਾਫ਼ੀ ਹਿੱਸਾ ਇਸੇ ਰਾਜਪੂਤ ਖ਼ਾਨਦਾਨ ਕੋਲ ਹੈ ਅਤੇ ਚੱਕ ਨਾਨਕੀ ਦੇ ਨੰਬਰਦਾਰ (ਅੱਜ ੧੯੯੮ ਵਿੱਚ) ਸ: ਹਰਦਿਆਲ ਸਿੰਘ ਵੀ ਇਸੇ ਖ਼ਾਨਦਾਨ ਵਿੱਚੋਂ ਹਨ।) ਸੋਢੀਆਂ ਕੋਲ ਸਿਰਫ਼ ਦੋ ਈਮਾਰਤਾਂ ਹੀ ਸਨ ਤੇ ਬਾਕੀ ਦੋਵੇਂ ਨਗਰ (ਚੱਕ ਨਾਨਕੀ ਤੇ ਅਨੰਦਪੁਰ) ਬਹਿਰੋਕ ਖਾਨਦਾਨ ਕੋਲ

ਸਨ। ਸਾਰੇ ਕਿਲ੍ਹੇ ਪਹਾੜੀ ਫੌਜਾਂ ਨੇ ਦਿਸੰਬਰ ੧੭੦੫ ਤੇ ਜਨਵਰੀ ੧੭੦੬ ਵਿੱਚ ਢਾਹ ਛੱਡੇ ਸਨ।

ਬੰਦਾ ਸਿੰਘ ਤੋਂ ਬਾਅਦ ਸਿੱਖਾਂ ਤੇ ਜ਼ੁਲਮ ਦਾ ਦੌਰ ਚਲਿਆ ਤਾਂ ਬਹੁਤ ਸਾਰੇ ਸਿੱਖ ਅਨੰਦਪੁਰ ਸਾਹਿਬ ਵੱਲ ਆ ਗਏ ਪਰ ਜਦੋਂ ਇੱਥੇ ਵੀ ਗਸ਼ਤੀ ਫ਼ੌਜ ਦੇ ਫੇਰੇ ਪੈਣ ਲੱਗੇ ਤਾਂ ਸਿੱਖ ਪਹਾੜਾਂ ਵੱਲ ਨਿਕਲ ਗਏ। ਇਨ੍ਹਾਂ ਦਿਨਾਂ ਵਿੱਚ ਹੀ ੫ ਮਾਰਚ ੧੭੪੯ ਦੇ ਦਿਨ ਇੱਕ "ਸਰਬਤ ਖਾਲਸਾ" ਇਕੱਠ ਅਨੰਦਪੁਰ ਸਾਹਿਬ 'ਚ ਹੋਇਆ। ਅਜਿਹਾ ਜਾਪਦਾ ਹੈ ਕਿ ਅੰਮ੍ਰਿਤਸਰ ਤੇ ਮੁਗ਼ਲਾਂ ਦਾ ਕਬਜ਼ਾ ਹੋਣ ਕਰ ਕੇ ਸਿੱਖਾਂ ਦੇ ਇਕੱਠ ਅਨੰਦਪੁਰ ਸਾਹਿਬ, ਬੀਕਾਨੇਰ ਅਤੇ ਹੋਰ ਦੂਰ ਦੁਰਾਡੀਆਂ ਮਹਿਫ਼ੂਜ਼ ਜਗਹ ਤੇ ਹੋਇਆ ਕਰਦੇ ਸਨ। ਇਹ ਵੀ ਹੋ ਸਕਦਾ ਹੈ ਕਿ ਇਸ ਇਕੱਠ ਤੋਂ ਇਲਾਵਾ ਕਈ ਹੋਰ ਸਰਬਤ ਖਾਲਸਾ ਇਕੱਠ ਵੀ ਅਨੰਦਪੁਰ ਸਾਹਿਬ ਹੋਏ ਹੋਣਗੇ।

ਇਨੀਂ ਦਿਨੀਂ ਦੋ ਸਿੰਘ, ਬਾਬਾ ਸ਼ੇਰ ਸਿੰਘ ਅਤੇ ਬਾਬਾ ਜਲਮਸਤ ਸਿੰਘ, ਇਕ ਵਾਰ ਅਨੰਦਪੁਰ ਸਾਹਿਬ ਆਏ। ਉਨ੍ਹਾਂ ਨੇ ਅਨੰਦਪੁਰ ਸਾਹਿਬ ਦੀ ਹਾਲਤ ਵੇਖ ਕੇ ਇੱਥੇ ਹੀ ਰਹਿਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੂੰ ਇਕ ਪਾਸੇ ਅਜਮੇਰ ਚੰਦ ਤੇ ਦੂਜੇ ਪਾਸੇ ਗਸ਼ਤੀ ਮੁਗ਼ਲ ਫ਼ੌਜ ਦਾ ਖ਼ਤਰਾ ਸੀ ਪਰ ਫਿਰ ਵੀ ਉਹ ਡੱਟੇ ਰਹੇ। ਇਨ੍ਹਾਂ ਦੋਹਾਂ ਸਿੰਘਾਂ ਨੇ ਕਿੰਨੀ ਦੇਰ ਸੇਵਾ ਕੀਤੀ ਇਸ ਦਾ ਪਤਾ ਨਹੀਂ ਲਗਦਾ। ਕੁਝ ਸੋਮਿਆਂ ਤੋਂ ਬਾਬਾ ਸ਼ੇਰ ਸਿੰਘ ਦੇ ਸ਼ਹੀਦ ਹੋਣ ਦਾ ਪਤਾ ਲਗਦਾ ਹੈ। ਜਾਪਦਾ ਹੈ ਕਿ ਇਹ ਸ਼ਹੀਦੀ ਮਾਰਚ ੧੭੫੩ ਵਿੱਚ ਉਦੋਂ ਹੋਈ ਜਦੋਂ ਬਹੁਤ ਸਾਰੇ ਸਿੱਖ ਹੋਲਾ ਮਹੱਲਾ ਦੇ ਮੌਕੇ ਤੇ ਅਨੰਦਪੁਰ ਸਾਹਿਬ ਇਕੱਠੇ ਹੋਏ ਸਨ ਅਤੇ ਅਦੀਨਾ ਬੇਗ ਦੀਆਂ ਫ਼ੌਜਾਂ ਨੇ ਅਚਾਨਕ ਹਮਲਾ ਕਰ ਕੇ ਸੈਂਕੜੇ ਸਿੰਘ ਸ਼ਹੀਦ ਕਰ ਦਿੱਤੇ ਸਨ।

ਬਾਬਾ ਸ਼ੇਰ ਸਿੰਘ ਤੋਂ ਬਾਅਦ ਬਾਬਾ ਗੁਰਬਖ਼ਸ਼ ਸਿੰਘ ਵਾਸੀ ਪਿੰਡ ਲੀਲ੍ਹ (ਜ਼ਿਲ੍ਹਾ ਅੰਮ੍ਰਿਤਸਰ) ਨੇ ਅਨੰਦਪੁਰ ਸਾਹਿਬ ਦੀ ਸੇਵਾ ਸੰਭਾਲੀ। ਉਹ ੧੭੬੪ ਵਿੱਚ ਅੰਮ੍ਰਿਤਸਰ ਵੀ ਗਏ ਸਨ। ਉੱਥੇ ਜਾ ਕੇ ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀ ਸੇਵਾ ਸੰਭਾਲੀ। ਪਹਿਲੀ ਦਿਸੰਬਰ ੧੭੬੪ ਦੇ ਦਿਨ ਆਪਣੇ ੩੦ ਸਾਥੀ ਸਿੰਘਾਂ ਸਣੇ, ਉਹ ਅਹਿਮਦ ਸ਼ਾਹ ਦੁਰਾਨੀ ਦੀਆਂ ਫ਼ੌਜਾਂ ਨਾਲ ਲੜਦੇ ਸ਼ਹੀਦ ਹੋ ਗਏ। ਬਾਬਾ ਗੁਰਬਖ਼ਸ਼ ਸਿੰਘ ਤੋਂ ਪਿੱਛੋਂ ਕੁਝ ਮੁਕਾਮੀ ਸਿੱਖ ਅਨੰਦਪੁਰ ਸਾਹਿਬ 'ਚ ਸੇਵਾ ਕਰਦੇ ਰਹੇ। ਕੁਝ ਚਿਰ ਭਾਈ ਸੁੱਖਾ ਸਿੰਘ (ਲੇਖਕ ਗੁਰ ਬਿਲਾਸ ਪਾਤਸ਼ਾਹੀ ਦਸਵੀਂ) ਵੀ ਕੇਸਗੜ੍ਹ ਸਾਹਿਬ 'ਚ ਸੇਵਾ ਕਰਦੇ ਰਹੇ। ੧੭੯੦ ਵਿੱਚ ਬਾਬਾ ਬਘੇਲ ਸਿੰਘ (ਕਰੋੜਾਸਿੰਘੀਆਂ ਮਿਸਲ) ਵੀ ਦਿੱਲੀ ਦੇ ਗੁਰਦੁਆਰਿਆਂ ਦੀ ਸੇਵਾ ਤੋਂ ਬਾਅਦ ਆ ਗਏ ਅਤੇ ਇੱਥੋਂ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਦੇ ਰਹੇ। ਬਾਬਾ ਬਘੇਲ ਸਿੰਘ ਨੇ ਕੇਸਗੜ੍ਹ ਸਾਹਿਬ ਦੀ ਈਮਾਰਤ ਵਾਸਤੇ ਕਾਫ਼ੀ ਰਕਮ ਦਿੱਤੀ।

ਉੱਨੀਵੀਂ ਸਦੀ ਦੇ ਸ਼ੁਰੂ ਵਿੱਚ ਪਟਿਆਲੇ ਦੇ ਰਾਜੇ ਕਰਮ ਸਿੰਘ ਅਤੇ ਉਸ ਪੁੱਤਰ ਰਾਜਾ ਨਰਿੰਦਰ ਸਿੰਘ ਨੇ ਵੀ ਅਨੰਦਪੁਰ ਸਾਹਿਬ ਨਗਰ ਅਤੇ ਇਸ ਦੇ ਗੁਰਦੁਆਰਿਆਂ

ਦੀਆਂ ਈਮਾਰਤਾਂ ਦਾ ਮੂੰਹ ਮੱਥਾ ਸਵਾਰਨ 'ਚ ਹਿੱਸਾ ਪਾਇਆ। ਉਨ੍ਹਾਂ ਨੇ ਇੱਕ ਬੁੰਗਾ ਵੀ ਬਣਵਾਇਆ ਜੋ "ਰਾਜੇ ਦਾ ਬੁੰਗਾ" ਵਜੋਂ ਜਾਣਿਆ ਜਾਂਦਾ ਸੀ। ਪਟਿਆਲੇ ਦੇ ਰਾਜੇ ਦੇ ਅਹਿਦ ਵਿੱਚ ਗੁਰਦੁਆਰਾ ਸੀਸ ਗੰਜ, ਭੋਰਾ ਸਾਹਿਬ ਅਤੇ ਦਮਦਮਾ ਸਾਹਿਬ ਦੀਆਂ ਈਮਾਰਤਾਂ ਦਾ ਕਾਫ਼ੀ ਹਦ ਤੱਕ ਸੁਧਾਰ ਕੀਤਾ।

੧੮੧੨ ਵਿੱਚ ਬਿਲਾਸਪੁਰ ਦੇ ਰਾਜੇ ਮਹਾਂ ਚੰਦ (ਪੋਤਰਾ ਅਜਮੇਰ ਚੰਦ) ਨੇ ਸਿੱਖਾਂ ਤੋਂ ਖਰਾਜ ਮੰਗਿਆ ਤੇ ਨਾ ਮਿਲਣ ਤੇ ਅਨੰਦਪੁਰ ਸਾਹਿਬ ਤੇ ਹਮਲਾ ਕਰ ਦਿੱਤਾ। ਇਸ ਵੇਲੇ ਅਨੰਦਪੁਰ ਸਾਹਿਬ 'ਚ ਸੁਰਜਨ ਸਿੰਘ (ਪੁੱਤਰ ਨਾਹਰ ਸਿੰਘ ਤੇ ਪੋਤਾ ਸ਼ਯਾਮ ਸਿੰਘ) ਰਹਿੰਦਾ ਸੀ। ਉਨ੍ਹੀਂ ਦਿਨੀਂ ਹੀ ਸ: ਹੁਕਮਾ ਸਿੰਘ ਚਿਮਨੀ ਦੀ ਫੌਜ ਵੀ ਨੇੜੇ ਹੀ ਕਿਸੇ ਇਲਾਕੇ ਵਿੱਚ ਸੀ। ਉਹ ਸੋਢੀ ਸੁਰਜਨ ਸਿੰਘ ਦੀ ਮਦਦ ਤੇ ਆ ਗਿਆ ਤੇ ਮਹਾਂ ਚੰਦ ਨੂੰ ਬੁਰੀ ਤਰ੍ਹਾਂ ਸ਼ਿਕਸਤ ਦਿੱਤੀ। ਇਸ ਮਗਰੋਂ ਕਿਸੇ ਬਿਲਾਸਪੁਰੀ ਜਾਂ ਕਿਸੇ ਹੋਰ ਪਹਾੜੀ ਰਾਜੇ ਨੇ ਅਨੰਦਪੁਰ ਸਾਹਿਬ ਤੇ ਹਮਲਾ ਕਰਨ ਦੀ ਜੁਰਅਤ ਨਾ ਕੀਤੀ।

੧੮੧੪ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਡੋਗਰਿਆਂ ਦੇ ਹੱਥਾਂ ਤੇ ਚੜ੍ਹਨ ਕਰ ਕੇ ਖ਼ਫ਼ਾ ਹੋ ਕੇ ਅਕਾਲੀ ਫੂਲਾ ਸਿੰਘ ਅੰਮ੍ਰਿਤਸਰ ਤੋਂ ਅਨੰਦਪੁਰ ਸਾਹਿਬ ਆ ਗਏ। ਇਨ੍ਹੀਂ ਦਿਨੀਂ ਹੀ ਜੀਂਦ ਦੇ ਰਾਜੇ ਪ੍ਰਤਾਪ ਸਿੰਘ ਨੇ ਅੰਗਰੇਜ਼ਾਂ ਨਾਲ ਅਣਬਣ ਹੋਣ ਕਰ ਕੇ ਅਨੰਦਪੁਰ ਸਾਹਿਬ ਆ ਕੇ ਅਕਾਲੀ ਫੂਲਾ ਸਿੰਘ ਕੋਲ ਪਨਾਹ ਲੈ ਲਈ। ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ, ਰਾਜਾ ਜਸਵੰਤ ਸਿੰਘ ਨਾਭਾ ਅਤੇ ਰਾਜਾ ਮਲੇਰਕੋਟਲਾ ਤੋਂ ਮਦਦ ਮੰਗੀ। ਇਨ੍ਹਾਂ ਤਿੰਨਾਂ ਨੇ ਆਪਣੀਆਂ ਫ਼ੌਜਾਂ ਅਕਾਲੀ ਫੂਲਾ ਸਿੰਘ ਅਤੇ ਰਾਜਾ ਪ੍ਰਤਾਪ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਅਨੰਦਪੁਰ ਸਾਹਿਬ ਵੱਲ ਰਵਾਨਾ ਕਰ ਦਿੱਤੀਆਂ। ਜਦੋਂ ਇਹ ਫ਼ੌਜਾਂ ਅਨੰਦਪੁਰ ਸਾਹਿਬ ਕੋਲ ਪੁੱਜੀਆਂ ਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਨੂੰ ਅਕਾਲੀ ਫੂਲਾ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਲਿਆਂਦਾ ਗਿਆ ਹੈ ਤਾਂ ਉਨ੍ਹਾਂ ਨੇ ਲੜਨ ਤੋਂ ਨਾਂਹ ਕਰ ਦਿੱਤੀ। ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਕਾਰਵਾਈ ਦੀ ਖ਼ਬਰ ਪੁੱਜੀ ਤਾਂ ਉਸ ਨੇ ਬਾਬਾ ਸਾਹਿਬ ਸਿੰਘ ਬੇਦੀ ਨੂੰ ਵਿਚੋਲਾ ਪਾ ਕੇ ਅਕਾਲੀ ਫੂਲਾ ਸਿੰਘ ਤੋਂ ਭੁੱਲ ਬਖ਼ਸ਼ਾ ਲਈ। ਇਸ ਮਗਰੋਂ ਅਕਾਲੀ ਫੂਲਾ ਸਿੰਘ ਫੇਰ ਅੰਮ੍ਰਿਤਸਰ ਰਹਿਣ ਲੱਗ ਪਏ।

੧੮੧੫ ਤੋਂ ਮਗਰੋਂ ਅਨੰਦਪੁਰ ਸਾਹਿਬ ਵਿੱਚ ਭਾਈ ਕਰਮ ਸਿੰਘ, ਬਾਬਾ ਖੜਕ ਸਿੰਘ, ਭਾਈ ਬੁਧ ਸਿੰਘ, ਬਾਬਾ ਪੂਰਨ ਸਿੰਘ, ਭਾਈ ਅਮਰ ਸਿੰਘ ਨੇ ਤਕਰੀਬਨ ਇਕ ਸੌ ਸਾਲ ਸੇਵਾ ਕੀਤੀ। ਇਹ ਸਾਰੇ ਸੇਵਾਦਾਰ ਤੇ ਗ੍ਰੰਥੀ ੧੬੯੯ ਦੀ ਵਿਸਾਖੀ ਦੇ ਦਿਨ ਦੀ ਸਿੱਖ-ਦਸਤਾਰ ਦੇ ਰੰਗ ਦੀ ਯਾਦ ਵਿੱਚ 'ਸੁਰਮਈ' ਦਸਤਾਰੇ ਸਜਾਇਆ ਕਰਦੇ ਸਨ।

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਵੈਦ ਬਾਬਾ ਸੰਪੂਰਨ ਸਿੰਘ ਕੇਸਗੜ੍ਹ ਸਾਹਿਬ ਤੇ ਹੋਰ ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਦੇ ਰਹੇ। ਆਪ ਚੰਗੇ ਗ੍ਰੰਥੀ ਹੋਣ ਦੇ ਨਾਲ ਨਾਲ ਇਕ ਵੈਦ ਵੀ ਸਨ। ਆਪ ਨੇ ਇਲਾਕੇ ਦੇ ਲੋਕਾਂ ਦੀ ਬੜੀ ਸੇਵਾ ਕੀਤੀ।

ਆਪ ਤੋਂ ਮਗਰੋਂ ਭਾਈ ਅਮਰ ਸਿੰਘ ਨੇ ਇੱਥੋਂ ਦੀ ਸੇਵਾ ਸੰਭਾਲ ਕੀਤੀ। ਆਪ ਕਈ ਸਾਲ ਤੱਕ ਸੇਵਾ ਕਰਦੇ ਰਹੇ ਤੇ ਆਪ ਨੇ ਭਾਰਤ ਦੀ ਵੰਡ ਤੋਂ ਬਾਅਦ ੧੯੪੯ ਵਿੱਚ ਚੜ੍ਹਾਈ ਕੀਤੀ।

ਅਨੰਦਪੁਰ ਸਾਹਿਬ ੧੯੪੭ ਤੋਂ ਮਗਰੋਂ

੧੯੪੭ ਤੋਂ ਮਗਰੋਂ ਅਨੰਦਪੁਰ ਸਾਹਿਬ ਵੀ ਅਕਾਲੀ ਦਲ ਦਾ ਇੱਕ ਅਹਿਮ ਸੈਂਟਰ ਬਣ ਗਿਆ। ਅਕਾਲੀ ਦਲ ਦੀਆਂ ਬਹੁਤ ਸਾਰੀਆਂ ਕਾਨਫ਼ਰੰਸਾਂ ਅਨੰਦਪੁਰ ਸਾਹਿਬ ਵਿਚ ਹੋਈਆਂ। ਇਨ੍ਹਾਂ ਵਿਚ ਸਰਬ ਹਿੰਦ ਅਕਾਲੀ ਕਾਨਫ਼ਰੰਸ ਅਤੇ ਗੁਰਮਤ ਸਮਾਗਮ ਵੀ ਸਨ। ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਵੀ ਕਈ ਗੁਰਮਤਿ ਟਰੇਨਿੰਗ ਕੈਂਪ ਅਨੰਦਪੁਰ ਸਾਹਿਬ 'ਚ ਲਾਏ। ਸ਼੍ਰੋਮਣੀ ਅਕਾਲੀ ਦਲ ਨੇ ਵੀ ਇਕ ਗੁਰਮਤਿ ਟਰੇਨਿੰਗ ਕੈਂਪ ੧੯੯੩ 'ਚ ਲਾਇਆ ਸੀ।

ਅਨੰਦਪੁਰ ਸਾਹਿਬ ਦਾ ਮਤਾ

ਅਨੰਦਪੁਰ ਸਾਹਿਬ ਦਾ ਨਾਂ ਸਿੱਖ ਤਵਾਰੀਖ਼ ਵਿੱਚ ਇੱਕ ਹੋਰ ਅਹਿਮ ਘਟਨਾ ਕਰ ਕੇ ਜਾਣਿਆ ਜਾਂਦਾ ਹੈ। ੧੬-੧੭ ਅਕਤੂਬਰ ੧੯੭੩ ਦੇ ਦਿਨ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਇੱਥੇ ਆਪਣਾ ਨਵਾਂ ਸਿਆਸੀ ਆਰਥਕ ਤੇ ਧਾਰਮਿਕ ਪ੍ਰੋਗਰਾਮ ਜਾਰੀ ਕੀਤਾ। ਮਗਰੋਂ ਇਸ ਨੂੰ "ਅਨੰਦਪੁਰ ਸਾਹਿਬ ਦਾ ਮਤਾ" ਵਜੋਂ ਜਾਣਿਆ ਜਾਣ ਲੱਗ ਪਿਆ।

ਖ਼ਾਲਸਾ ਜੀ ਦਾ ੩੦੦ ਸਾਲਾ ਦਿਨ

ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਖ਼ਾਲਸਾ ਪ੍ਰਗਟ ਕਰਨ ਦੇ ੩੦੦ ਸਾਲ ਪੂਰੇ ਹੋਣ ਬਾਰੇ ਅਨੰਦਪੁਰ ਸਾਹਿਬ 'ਚ ਬਹੁਤ ਵੱਡੇ ਪ੍ਰਾਜੈਕਟ ਐਲਾਨ ਕੀਤੇ ਗਏ। ਇਨ੍ਹਾਂ ਵਿਚੋਂ ਕੁਝ ਪੰਜਾਬ ਸਰਕਾਰ ਨੇ ਐਲਾਨੇ ਅਤੇ ਕੁਝ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ। ਪੰਜਾਬ ਸਰਕਾਰ ਨੇ ਤਾਂ ਇਸ ਨਗਰ ਨੂੰ "ਅਠਵਾਂ ਅਜੂਬਾ" ਅਤੇ ਇਕੀਵੀਂ ਸਦੀ ਦਾ ਸ਼ਹਿਰ ਬਣਾਉਣ ਦਾ ਐਲਾਨ ਵੀ ਕੀਤਾ। ਸਰਕਾਰੀ ਪ੍ਰਾਜੈਕਟ ਵਿੱਚ : ਨਿਸ਼ਾਨੇ ਖ਼ਾਲਸਾ, ਸਿੱਖ ਹੈਰੀਟੇਜ ਮਿਊਜ਼ਿਅਮ, ਤਿੰਨ ਤਾਰਾ ਹੋਟਲ ਵਗੈਰਾ ਸ਼ਾਮਿਲ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੩੦੦ ਕਿਤਾਬਾਂ ਛਾਪਣ, ਸੈਮੀਨਾਰ ਕਰਵਾਉਣ, ਇੰਟਰਨੈਸ਼ਨਲ ਕਾਨਫ਼ਰੰਸ ਕਰਨ, ਸਰਬ-ਧਰਮ ਸਮਾਗਮ ਤੇ ਕਈ ਹੋਰ ਪ੍ਰੋਗਰਾਮ ਤੇ ਸਮਾਗਮ ਐਲਾਨੇ ਹਨ ਅਤੇ ਅਜੇ ਬਹੁਤ ਸਾਰੇ ਹੋਰ ਪ੍ਰੋਗਰਾਮ, ਪ੍ਰਾਜੈਕਟ ਤੇ ਸਮਾਗਮ ਐਲਾਨੇ ਜਾਣੇ ਹਨ। ੧੪ ਅਪ੍ਰੈਲ ੧੯੯੯ ਦਾ ਦਿਨ ਅਨੰਦਪੁਰ ਸਾਹਿਬ ਦੀ ਤਵਾਰੀਖ਼ 'ਚ ਇੱਕ ਹੋਰ ਅਹਿਮ ਯਾਦਗਾਰੀ ਦਿਨ ਹੋਵੇਗਾ।

ਅਨੰਦਪੁਰ ਸਾਹਿਬ ਦਾ ਨਕਸ਼ਾ

ਚੱਕ ਨਾਨਕੀ ਤੇ ਅਨੰਦਪੁਰ ਸਾਹਿਬ ਨੌਵੇਂ ਤੇ ਦਸਵੇਂ ਪਾਤਿਸ਼ਾਹ ਨੇ ਵਸਾਏ ਸਨ। ਚੱਕ ਨਾਨਕੀ, ਅਨੰਦਪੁਰ ਸਾਹਿਬ, ਸਹੋਟਾ, ਲੋਦੀਪੁਰ, ਅਗੰਮਪੁਰ, ਮਟੌਰ ਹੁਣ ਏਨੇ ਵਸ ਚੁੱਕੇ ਹਨ ਕਿ ਇੱਕ ਆਮ ਆਦਮੀ ਇਨ੍ਹਾਂ ਦੀਆਂ ਹੱਦਾਂ ਬਾਰੇ ਕੁਝ ਨਹੀਂ ਦੱਸ ਸਕਦਾ। ਸਿਰਫ਼ ਪਟਵਾਰੀ ਤੇ ਨੰਬਰਦਾਰ ਹੀ ਇਨ੍ਹਾਂ ਪਿੰਡਾਂ ਦੀਆਂ ਹੱਦਾਂ ਬਾਰੇ ਜਾਣਦੇ ਹਨ। ਬਸ ਅੱਡੇ ਤੋਂ ਕੇਸਗੜ੍ਹ ਸਾਹਿਬ ਵੱਲ ਜਾਣ ਵਾਲੀ ਢੱਕੀ ਦੇ ਹੇਠਲੇ ਚੌਂਕ ਵਿਚ ਤਿੰਨ ਪਿੰਡਾਂ, ਚੱਕ ਨਾਨਕੀ, ਅਨੰਦਪੁਰ ਸਾਹਿਬ ਅਤੇ ਲੋਦੀਪੁਰ, ਦੀਆਂ ਹੱਦਾਂ ਆ ਮਿਲਦੀਆਂ ਹਨ। ਗੁਰਦੁਆਰਾ ਸੀਸ ਗੰਜ, ਦਮਦਮਾ ਸਾਹਿਬ, ਭੋਰਾ ਸਾਹਿਬ ਚੱਕ ਨਾਨਕੀ ਦੀਆਂ ਹੱਦਾਂ ਸਨ। ਗੁਰੂ ਦੇ ਮਹਿਲ ਗੁਰੂ ਸਾਹਿਬ ਦਾ ਨਿਵਾਸ ਸਨ। ਬਸ ਸਟੈਂਡ, ਹਸਪਤਾਲ, ਕੁੜੀਆਂ ਦਾ ਸਰਕਾਰੀ ਸਕੂਲ ਚੱਕ ਨਾਨਕੀ ਵਿੱਚ ਹੈ। ਹੋਲਗੜ੍ਹ ਗੁਰਦੁਆਰੇ ਦੇ ਨੇੜੇ ਚੱਕੀ ਦਾ ਆਰਾ ਚੱਕ ਨਾਨਕੀ ਵਿਚ ਹੈ ਤੇ ਬੰਨਾ ਸਹੋਟਾ ਪਿੰਡ ਵਿਚ ਹੈ। ਰੇਲਵੇ ਦਾ ਪੁਲ ਚੱਕ ਨਾਨਕੀ ਵਿਚ ਹੈ। ਕੇਸਗੜ੍ਹ ਸਾਹਿਬ ਦੇ ਹੇਠਾਂ ਵਲ ਦਾ ਸਰੋਵਰ ਤੇ ਮਿਲਕ ਬਾਰ ਪਿੰਡ ਲੋਦੀਪੁਰ ਵਿਚ ਹੈ, ਪੁਲੀਸ ਥਾਣੇ ਦੇ ਨਾਲ ਦਾ ਬਾਗ ਚੱਕ ਨਾਨਕੀ ਦਾ ਹਿੱਸਾ ਹੈ। ਖਾਲਸਾ ਹਾਈ ਸਕੂਲ ਸਹੋਟਾ ਵਿਚ ਹੈ। ਨਿਹੰਗ ਸਿੰਘਾਂ ਦੇ ਇੰਤਜ਼ਾਮ ਹੇਠਲਾ 'ਸ਼ਹੀਦੀ ਬਾਗ' ਪਿੰਡ ਲੋਦੀਪੁਰ ਵਿਚ ਹੈ। ਕੇਸਗੜ੍ਹ ਸਾਹਿਬ ਅਤੇ ਨਾਲ ਦੇ ਬਾਜ਼ਾਰਾਂ ਤੋਂ ਕੇਸਗੜ੍ਹ ਅਤੇ ਅਨੰਦਗੜ੍ਹ ਕਿਲ੍ਹੇ ਤਕ ਦਾ ਸਾਰਾ ਇਲਾਕਾ ਅਨੰਦਪੁਰ ਸਾਹਿਬ 'ਚ ਹਨ। ਚਰਨ ਗੰਗਾ ਦਾ ਪੁੱਲ ਚੱਕ ਨਾਨਕੀ ਵਿਚ ਹੈ। ਖਾਲਸਾ ਕਾਲਜ ਪਿੰਡ ਮਟੌਰ ਵਿਚ ਹੈ। ਯਾਨਿ ਇਨ੍ਹਾਂ ਸਾਰੇ ਪਿੰਡਾਂ ਦੀਆਂ ਹੱਦਾਂ ਸਿਰਫ਼ ਸਰਕਾਰੀ ਕਾਗ਼ਜ਼ਾਂ ਤੋਂ ਹੀ ਪਤਾ ਲੱਗ ਸਕਦੀਆਂ ਹਨ। ਅੱਜ ਕਲ੍ਹ ਇਹ ਸਾਰੇ ਪਿੰਡ ਅਨੰਦਪੁਰ ਸਾਹਿਬ ਦਾ ਹਿੱਸਾ ਹੀ ਅਖਵਾਉਂਦੇ ਹਨ।

੧੬੬੫ ਤੋਂ ੧੯੯੮ ਤਕ ੩੩੩ ਸਾਲ ਵਿਚ ਅਨੰਦਪੁਰ ਸਾਹਿਬ ਜ਼ੋਨ 'ਚ ਬਹੁਤ ਸਾਰੀਆਂ ਤਬਦੀਲੀਆਂ ਆਈਆਂ ਹਨ। ਸਤਲੁਜ ਦਰਿਆ, ਜੋ ਕੇਸਗੜ੍ਹ ਦੀ ਪਹਾੜੀ ਦੇ ਨਾਲ ਵਗਦਾ ਸੀ, ਹੁਣ ਪੰਜ ਕੁ ਕਿਲੋਮੀਟਰ ਦੂਰ ਚਲਾ ਗਿਆ ਹੈ। "ਹਿਮੈਤੀ ਨਾਲਾ," ਜੋ ਅਨੰਦਗੜ੍ਹ ਕਿਲ੍ਹੇ ਦੀ ਹਿਫ਼ਾਜ਼ਤ ਕਰਦਾ ਸੀ, ਦਾ ਨਾਂ ਨਿਸ਼ਾਨ ਮਿਟ ਗਿਆ ਹੈ। ਉਥੇ ਹੁਣ ਖੇਤੀ ਹੁੰਦੀ ਹੈ। ਕਾਫ਼ੀ ਚੋਅ ਖ਼ਤਮ ਹੋ ਗਏ ਹਨ। ਚਰਨ ਗੰਗਾ ਤੇ ਪੁਲ ਬਣ ਗਿਆ ਹੈ ਕੇਸਗੜ੍ਹ ਦੇ ਨਾਲ ਦੀ ਤੰਬੂ ਵਾਲੀ ਪਹਾੜੀ ਖੁਰ ਕੇ ਅਲੋਪ ਹੋ ਚੁੱਕੀ ਹੈ। ਜਦੋਂ ਕੇਸਗੜ੍ਹ ਸਾਹਿਬ ਗੁਰਦੁਆਰਾ ਬਣਾਇਆ ਸੀ ਉਦੋਂ ਤਕ ਕੇਸਗੜ੍ਹ ਦੀ ਪਹਾੜੀ ਵੀ ਘੱਟੋ ਘੱਟ ਦਸ ਕੁ ਫੁਟ ਖੁਰ ਚੁੱਕੀ ਸੀ।

ਕੇਸਗੜ੍ਹ ਤੇ ਅਨੰਦਗੜ੍ਹ ਵਿਚਲੀ ਪਹਾੜੀ ਨੂੰ ਕੱਟ ਕੇ ਉਸ ਵਿੱਚ ਸੜਕ ਬਣਾ ਦਿੱਤੀ ਗਈ ਹੈ। ਸ਼ਹਿਰ 'ਚ ਬੇਹਿਸਾਬ ਈਮਾਰਤਾਂ ਬਣੀਆਂ ਹਨ। ਅੱਜ ਦਿਸਦਾ ਅਨੰਦਪੁਰ ਗੁਰੂ ਸਾਹਿਬ ਦੇ ਵੇਲੇ ਦੇ ਅਨੰਦਪੁਰ ਸਾਹਿਬ ਤੋਂ ਬਹੁਤ ਵੱਖਰਾ ਹੈ ਪਰ ਇਸ ਦੇ ਬਾਵਜੂਦ ਗੁਰੂ ਸਾਹਿਬ ਨਾਲ ਸੰਬੰਧਿਤ ਗੁਰਦੁਆਰਿਆਂ ਨੂੰ ਸਹੀ ਜਗਹ ਤੇ ਹੀ ਬਣਾਇਆ ਗਿਆ ਹੈ।

ਅੱਜ ਅਨੰਦਪੁਰ ਸਾਹਿਬ ਇੱਕ ਤਹਿਸੀਲ ਹੈ। ਇਸ ਵਿਚ ਅਨੰਦਪੁਰ ਸਾਹਿਬ, ਚੱਕ ਨਾਨਕੀ, ਅਗੰਮਪੁਰ, ਸਹੋਟਾ, ਲੋਦੀਪੁਰ, ਮੀਆਂਪੁਰ, ਮਟੌਰ (ਅਨੰਦਪੁਰ ਸਾਹਿਬ ਕਾਨੂੰਗੋ ਹਲਕਾ), ਕੀਰਤਪੁਰ ਸਾਹਿਬ, ਜਊਵਾਲ, ਕਲਿਆਣਪੁਰ, ਭਗੋਵਾਲ, ਭਟੌਲੀ (ਕੀਰਤਪੁਰ ਸਾਹਿਬ ਕਾਨੂੰਗੋ ਹਲਕਾ), ਜਿੰਦਬੜੀ, ਕਲਮੋਟ, ਨੰਗਲ (ਨੰਗਲ ਕਾਨੂੰਗੋ ਹਲਕਾ), ਕਾਹਨਪੁਰ ਖੂਹੀ, ਨੂਰਪੁਰ ਬੇਦੀ (ਨੂਰਪੁਰ ਬੇਦੀ ਕਾਨੂੰਗੋ ਹਲਕਾ), ਬਜਰੂੜ, ਬਸਾਲੀ, ਚਨੌਲੀ (ਤਖ਼ਤਗੜ੍ਹ ਕਾਨੂੰਗੋ ਹਲਕਾ) ਵਗੈਰਾ ੨੪੦ ਪਿੰਡ ਸ਼ਾਮਿਲ ਹਨ। ਇਨ੍ਹਾਂ ਕਾਨੂੰਗੋ ਹਲਕਿਆਂ ਤੋਂ ਇਲਾਵਾ "ਗੁਰੂ ਕਾ ਲਾਹੌਰ" ਅਤੇ ਗੁਰਦੁਆਰਾ ਤਾਰਾਗੜ੍ਹ (ਜ਼ਿਲ੍ਹਾ ਬਿਲਾਸਪੁਰ) ਹਿਮਾਂਚਲ ਵਿੱਚ ਹਨ। ਅਨੰਦਪੁਰ ਸਾਹਿਬ ਦੀ ਤਵਾਰੀਖ਼ ਨਾਲ ਜੁੜੀਆਂ ਘਟਨਾਵਾਂ ਅਤੇ ਗੁਰਦੁਆਰਿਆਂ ਵਿੱਚੋਂ ਬਹੁਤ ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਵਿੱਚ ਹਨ ਪਰ ਕਲਮੋਟ, ਬਸਾਲੀ, ਬਜਰੂੜ, ਬਿਭੌਰ ਸਾਹਿਬ, ਬੱਸੀ ਕਲਾਂ, ਭੱਠਾ ਸਾਹਿਬ, ਚਮਕੌਰ ਸਾਹਿਬ, ਮਾਛੀਵਾੜਾ (ਅਤੇ ਮਾਛੀਵਾੜਾ ਤੋਂ ਤਲਵੰਡੀ ਸਾਬੋ ਅਤੇ ਤਲਵੰਡੀ ਸਾਬੋ ਤੋਂ ਨੰਦੇੜ) ਵਗੈਰਾ ਇਨ੍ਹਾਂ ਦੋ ਕਾਨੂੰਗੋ ਹਲਕਿਆਂ ਤੋਂ ਦੂਰ ਹਨ। ਗੁਰਪਲਾਹ, ਬਿਲਾਸਪੁਰ, ਨਾਹਨ, ਪਾਊਂਟਾ ਸਾਹਿਬ, ਭੰਗਾਣੀ, ਨਦੌਣ, ਰਿਵਾਲਸਰ ਵਗੈਰਾ ਹਿਮਾਂਚਲ ਪ੍ਰਦੇਸ਼ ਵਿੱਚ ਹਨ। ਕੁਝ ਜਗਹ ਤੇ ਅਜੇ ਗੁਰਦੁਆਰੇ ਬਣਨੇ ਹਨ। ਹੋ ਸਕਦਾ ਹੈ ਕਿ ਖਾਲਸਾ ਪ੍ਰਗਟ ਕਰਨ ਦੇ ਤਿੰਨ ਸੌ ਸਾਲ ਪੂਰੇ ਹੋਣ ਦੇ ਸਮਾਗਮਾਂ ਦੌਰਾਨ ਰਹਿੰਦੀਆਂ ਜਗਹ ਤੇ ਵੀ ਗੁਰਦੁਆਰੇ ਉਸਰ ਜਾਣ।

ਅਨੰਦਪੁਰ ਸਾਹਿਬ ਦਾ ਰਕਬਾ ਕੁਲ ੮੬ ਹੈਕਟਰ ਹੈ। ਚੱਕ ਨਾਨਕੀ ਦਾ ੭੮ ਹੈਕਟਰ, ਸਹੋਟਾ ਦਾ ੧੪੬ ਹੈਕਟਰ, ਲੋਦੀ ਦਾ ੫੩੭ ਹੈਕਟਰ, ਮਟੌਰ ਦਾ ੨੦੮ ਹੈਕਟਰ, ਮੀਆਂਪੁਰ ਦਾ ੭੬ ਹੈਕਟਰ ਤੇ ਅਗੰਮਪੁਰ ਦਾ ੧੨੪੭ ਹੈਕਟਰ ਹੈ। ਇਨ੍ਹਾਂ ਪਿੰਡਾਂ ਦਾ ਕੁਝ ਹਿੱਸਾ (ਸਾਰਾ ਨਹੀ) ਅਨੰਦਪੁਰ ਸਾਹਿਬ ਦੀ ਮਿਉਂਸਪਲ ਹੱਦ ਵਿੱਚ ਆਉਂਦਾ ਹੈ।

ਅਨੰਦਪੁਰ ਸਾਹਿਬ ਦੀ ਅਬਾਦੀ ਗੁਰੂ ਸਾਹਿਬ ਵੇਲੇ ਕੁਝ ਸੈਂਕੜੇ ਹੀ ਸੀ। ਇਸ ਤੋਂ ਇਲਾਵਾ ਕੁਝ ਸੈਂਕੜੇ ਸਿੱਖ ਤਕਰੀਬਨ ਹਰ ਵੇਲੇ ਹੀ ਗੁਰੂ ਸਾਹਿਬ ਦੇ ਦਰਸ਼ਨਾਂ ਵਾਸਤੇ ਜੁੜੇ ਰਿਹਾ ਕਰਦੇ ਸਨ। ਮਾਰਚ ਦੇ ਆਖਰੀ ਦਿਨਾਂ (ਪਹਿਲੀ ਵਿਸਾਖ) ਵਿੱਚ ਹਜ਼ਾਰਾਂ ਸੰਗਤਾਂ ਅਨੰਦਪੁਰ ਸਾਹਿਬ ਵਿਚ ਜੁੜਿਆ ਕਰਦੀਆਂ ਸਨ। ੫-੬ ਦਿਸੰਬਰ ੧੭੦੫ ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡ ਦਿੱਤਾ ਉਸ ਵੇਲੇ ਸਿਰਫ਼ ਭਾਈ ਗੁਰਬਖ਼ਸ਼ ਦਾਸ ਹੀ ਇੱਥੇ ਰਹਿ ਗਏ ਸਨ। ਕੁਝ ਸਾਲਾਂ ਮਗਰੋਂ ਸੋਢੀ ਗੁਲਾਬ ਸਿੰਘ ਤੇ ਸ਼ਾਮ ਸਿੰਘ ਦੇ ਪਰਿਵਾਰ ਏਥੇ ਵਸਣ ਲੱਗ

ਪਏ। ਉਨ੍ਹਾਂ ਤੋਂ ਇਲਾਵਾ ਰਾਜਾ ਅਜਮੇਰ ਚੰਦ ਨੇ ਮੁਕਾਮੀ ਰਾਜਪੂਤਾਂ (ਬਹਿਰੋਕ ਪਰਿਵਾਰਾਂ) ਨੂੰ ਜਗਹ ਦੇ ਦਿੱਤੀ ਗਈ ਮਗਰੋਂ ਬਹਿਰੋਕਾਂ ਦੇ ਵਾਰਿਸ ਸਿੰਘ ਸਜ ਗਏ। ਅੱਜ ਵੀ ਚੱਕ ਨਾਨਕੀ ਦਾ ਨੰਬਰਦਾਰ ਸ੍ਰ: ਹਰਦਿਆਲ ਸਿੰਘ ਉਸ ਬਹਿਰੋਕ ਖ਼ਾਨਦਾਨ ਵਿਚੋਂ ਹੈ ਤੇ ਕਾਫੀ ਜਾਇਦਾਦ ਦਾ ਮਾਲਿਕ ਹੈ।

ਹੌਲੀ-ਹੌਲੀ ਅਨੰਦਪੁਰ ਸਾਹਿਬ ਫੇਰ ਵਸਣਾ ਸ਼ੁਰੂ ਹੋ ਗਿਆ। ਅਕਾਲੀ ਫੂਲਾ ਸਿੰਘ ਵੇਲੇ ਸੋਢੀਆਂ ਦਾ ਆਗੂ ਸ੍ਰ: ਸੁਰਜਨ ਸਿੰਘ ਤੇ ਉਸ ਦਾ ਪਰਿਵਾਰ ਵੀ ਇੱਥੇ ਰਿਹਾ ਕਰਦੇ ਸਨ। ਉਦੋਂ ਅਨੰਦਪੁਰ ਸਾਹਿਬ ਦੀ ਅਬਾਦੀ ਦੋ ਤਿੰਨ ਹਜ਼ਾਰ ਦੇ ਨੇੜੇ ਤੇੜੇ ਸੀ। ਇਸ ਮਗਰੋਂ ਅਬਾਦੀ ਵਧਣੀ ਸ਼ੁਰੂ ਹੋਗੀ। ਸੰਨ ੧੮੬੮ ਦੀ ਮਰਦਮ ਸੁਮਾਰੀ ਵੇਲੇ ਇੱਥੋਂ ਦੀ ਅਬਾਦੀ ੬੮੬੯ ਸੀ। ਵੀਹਵੀਂ ਸਦੀ ਦੇ ਸ਼ੁਰੂ ਤਕ ਇੱਥੇ ਅਬਾਦੀ ਇਸ ਤੋਂ ਬਹੁਤੀ ਨਹੀਂ ਵਧੀ ਸੀ। ਸਗੋਂ ਉਨ੍ਹਾਂ ਦਿਨ੍ਹਾਂ ਵਿੱਚ ਬੀਮਾਰੀਆਂ ਫੈਲਣ ਨਾਲ ਲੋਕ ਇੱਥੋਂ ਖਿਸਕਣੇ ਸ਼ੁਰੂ ਹੋ ਗਏ ਸਨ। ਵੀਹਵੀਂ ਸਦੀ ਦੇ ਅੱਧ ਤਕ ਅਨੰਦਪੁਰ ਸਾਹਿਬ 'ਚ ਅਬਾਦੀ ਬਹੁਤ ਥੋੜ੍ਹੀ ਰਹਿ ਗਈ ਸੀ। ਸੰਨ ੧੯੪੭ ਤੋਂ ਮਗਰੋਂ ਇੱਥੇ ਕੁਝ ਸਿੱਖ ਪਾਕਿਸਤਾਨ ਤੋਂ ਆ ਕੇ ਰਹਿਣੇ ਸ਼ੁਰੂ ਹੋਏ। ਫਿਰ ਭਾਖੜਾ, ਨੰਗਲ, ਗੰਗੂਵਾਲ ਪ੍ਰਾਜੈਕਟ ਨਾਲ ਵੀ ਕਈ ਲੋਕ ਇਥੇ ਆ ਕੇ ਵਸ ਗਏ। ਹੌਲੀ ਹੌਲੀ ਇਸ ਦੀ ਅਬਾਦੀ ਵਧਦੀ ਗਈ। ਅੱਜ ਕਲ੍ਹ (੧੯੯੮ ਵਿਚ) ਅਨੰਦਪੁਰ ਸਾਹਿਬ ਦੀ ਮਿਊਂਸਪਲ ਏਰੀਏ ਦੀ ਅਬਾਦੀ ਤਕਰੀਬਨ ੧੩੦੦੦ ਹੈ। ਇਸ ਵਿਚ ਅਗੰਮਪੁਰ, ਮਟੌਰ ਤੇ ਆਲੇ ਦੁਆਲੇ ਦੇ ਇਲਾਕੇ ਦੀ ਅਬਾਦੀ ਸ਼ਾਮਿਲ ਨਹੀਂ ਹੈ।

ਖਾਲਸੇ ਦੇ ਤਿੰਨ ਸੌ ਸਾਲਾ ਦਿਨ ਦੇ ਸੰਬੰਧ ਵਿੱਚ ਅਨੰਦਪੁਰ ਸਾਹਿਬ 'ਚ ਕਈ ਨਵੀਆਂ ਈਮਾਰਤਾਂ ਦੀ ਉਸਾਰੀ ਸ਼ੁਰੂ ਹੋ ਰਹੀ ਹੈ। ਇਸ ਨਾਲ ਸ਼ਹਿਰ 'ਚ ਨਵੀਂ ਦਿੱਖ ਤਾਂ ਬਣ ਜਾਏਗੀ ਪਰ ਸ਼ਹਿਰ ਦੀ ਪੁਰਾਣੀ ਤਵਾਰੀਖ਼ੀ ਦਿੱਖ ਅਲੋਪ ਵੀ ਹੋ ਜਾਵੇਗੀ। ਅਨੰਦਪੁਰ ਸਾਹਿਬ ਦਾ ਇਲਾਕਾ (ਕੀਰਤਪੁਰ ਤੋਂ ਨੰਗਲ ਤੇ ਊਨਾ ਤੱਕ) ਕਿਸੇ ਵੇਲੇ ਸੰਘਣਾ ਜੰਗਲ ਸੀ। ਇਸ ਇਲਾਕੇ ਵਿਚ ਇਕ ਪਾਸੇ ਦਰਿਆ ਸਤਲੁਜ, ਚਰਨ ਗੰਗਾ ਤੇ ਚੋਅ ਸਨ ਅਤੇ ਦੂਜੇ ਪਾਸੇ ਪਹਾੜ ਸਨ। ਦਰਿਆ ਤੇ ਪਹਾੜਾਂ ਵਿੱਚ ਸੰਘਣੇ ਜੰਗਲ ਵਿੱਚ ਬਹੁਤ ਸਾਰੇ ਹਾਥੀ, ਸ਼ੇਰ, ਬਘਿਆੜ ਤੇ ਹੋਰ ਜਾਨਵਰ ਖੁਲ੍ਹੇਆਮ ਫਿਰਿਆ ਕਰਦੇ ਸਨ। ਜਦੋਂ ਇੱਥੇ ਹਾਥੀ ਬਹੁਤ ਸਨ ਤਾਂ ਲੋਕ ਇਸ ਨੂੰ "ਹਥੌਤ" (ਹਾਥੀਆਂ ਦਾ ਘਰ) ਆਖਿਆ ਕਰਦੇ ਸਨ। ਹਥੌਤ ਦੇ ਇਲਾਕੇ ਦੀ ਲੰਬਾਈ ਤਕਰੀਬਨ ੫੦ ਕੁ ਕਿਲੋਮੀਟਰ ਚੌੜਾਈ ਤੇ ੧੦-੧੨ ਕਿਲੋਮੀਟਰ ਸੀ। ਜਦੋਂ ਗੁਰੂ ਸਾਹਿਬ ਨੇ ਇਹ ਇਲਾਕਾ ਚੁਣਿਆ ਉਸ ਵੇਲੇ ਜਾਨਵਰ ਤਾਂ ਪਹਾੜੀ ਜੰਗਲ ਵਿੱਚ ਹੀ ਰਹਿ ਗਏ ਸਨ ਤੇ ਬਾਕੀਆਂ ਨੂੰ ਸ਼ਿਕਾਰੀਆਂ ਨੇ ਮਾਰ ਦਿੱਤਾ ਸੀ ਪਰ ਫਿਰ ਵੀ ਇੱਥੇ ਲੋਕ ਨਹੀਂ ਰਹਿੰਦੇ ਸਨ। ਗੁਰੂ ਸਾਹਿਬ ਨੇ ਇਸ ਜੰਗਲ ਵਿੱਚ ਹੀ ਰਮਣੀਕ ਵਾਦੀ ਵਸਾ ਦਿੱਤੀ ਸੀ। ਜਿੱਥੇ ਦਿਨ ਵੇਲੇ ਵੀ ਕੋਈ ਨੇੜੇ ਨਹੀਂ ਭਟਕਦਾ ਸੀ ਉਥੇ ਹਰ ਵੇਲੇ ਸੈਂਕੜੇ ਤੇ ਹਜ਼ਾਰਾਂ ਸੰਗਤਾਂ ਦੀਆਂ ਰੌਣਕਾਂ ਲੱਗੀਆਂ ਰਹਿੰਦੀਆਂ ਸਨ।

ਅਨੰਦਪੁਰ ਸਾਹਿਬ ਬਾਰੇ ਇਕ ਹੋਰ ਕਥਾ ਵੀ ਮਸ਼ਹੂਰ ਹੈ ਕਿ ਇੱਥੇ ਮਾਖੋ ਤੇ ਮਾਟੋ ਦੋ

ਦੈਂਤ ਰਿਹਾ ਕਰਦੇ ਸਨ ਤੇ ਦੋਹਾਂ ਨੇ ਮਾਖੋਵਾਲ ਤੇ ਮਟੌਰ ਵਸਾਏ। ਉਹ ਦੋਵੇਂ ਜ਼ਾਲਮ ਸਨ ਤੇ ਲੋਕ ਉਨ੍ਹਾਂ ਤੋਂ ਦੁਖੀ ਸਨ। ਇਹ ਕਹਾਣੀ ਮੁਕਾਮੀ ਰਿਵਾਇਤ ਦਾ ਹਿੱਸਾ ਹੈ। ਉਂਞ ਤਵਾਰੀਖ਼ 'ਚ ਇਸ ਦਾ ਕੋਈ ਹਵਾਲਾ ਨਹੀਂ ਮਿਲਦਾ। ਸਿੱਖ ਤਵਾਰੀਖ਼ ਵਿੱਚ "ਹਥੌਤ" ਦੇ ਇਲਾਕੇ ਦੀ ਜੇ ਕਿਸੇ ਜਗਹ ਦਾ ਜ਼ਿਕਰ ਆਉਂਦਾ ਹੈ ਤਾਂ ਉਹ ਕੀਰਤਪੁਰ ਸਾਹਿਬ ਦੇ ਬਾਹਰ ਸਾਈਂ ਬੁੱਢਣ ਸ਼ਾਹ ਦੇ ਡੇਰੇ ਦਾ ਹੈ। ਜਨਮ ਸਾਖੀਆਂ ਮੁਤਾਬਿਕ ਗੁਰੂ ਨਾਨਕ ਸਾਹਿਬ ਆਪਣੀਆਂ ਉਦਾਸੀਆਂ ਵੇਲੇ ਇਕ ਵਾਰ ਕੀਰਤਪੁਰ ਕੋਲੋਂ ਲੰਘੇ ਤਾਂ ਸਾਈਂ ਬੁੱਢਣ ਸ਼ਾਹ ਨਾਲ ਵਾਰਤਾ ਕੀਤੀ ਤੇ ਉਸ ਕੋਲੋਂ ਦੁੱਧ ਛਕਿਆ ਸੀ। ਇਸ ਮਗਰੋਂ ਹਥੌਤ ਦੇ ਇਲਾਕੇ ਵਿੱਚ ੧੬੨੪ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਆਏ ਅਤੇ ਉਨ੍ਹਾਂ ਨੇ ਰਾਜਾ ਬਿਲਾਸਪੁਰ ਤੋਂ ਜਊਵਾਲ, ਕਲਿਆਣਪੁਰ, ਭਟੋਲੀਆਂ (ਭਟੋਲੀ) ਅਤੇ ਭਗੂਵਾਲ ਪਿੰਡਾਂ ਦੇ ਵਿਚਕਾਰ ਕੁਝ ਜ਼ਮੀਨ ਖ਼ਰੀਦੀ। ਗੁਰੂ ਹਰਿਗੋਬਿੰਦ ਸਾਹਿਬ ਦੇ ਵੱਡੇ ਬੇਟੇ ਬਾਬਾ ਗੁਰਦਿਤਾ ਨੇ ਇਸੇ ਜ਼ਮੀਨ ਤੇ ਕੀਰਤਪੁਰ ਸਾਹਿਬ ਵਸਾਇਆ। ੧੬੬੫ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਨੇ ਚੱਕ ਨਾਨਕੀ ਵਸਾਇਆ ਅਤੇ ਭੰਗਾਣੀ ਦੀ ਲੜਾਈ ਤੋਂ ਪਰਤਣ ਮਗਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਦੀ ਮੋੜ੍ਹੀ ਗੱਡੀ। ਇੰਞ ਗੁਰੂ ਸਾਹਿਬ ਨੇ ਇਸ ਉਜਾੜ ਬੀਆਬਾਨ ਇਲਾਕੇ ਵਿੱਚ ਰੌਣਕਾਂ ਲਾ ਦਿੱਤੀਆਂ।

ਅੱਜ "ਹਥੌਤ" ਦੇ ਇਲਾਕੇ ਵਿੱਚ ਗੁਰਦੁਆਰਿਆਂ ਕਰ ਕੇ ਇਸ ਇਲਾਕੇ ਦਾ ਨਾਂ ਦੁਨੀਆਂ ਭਰ ਦੇ ਨਕਸ਼ੇ ਤੇ ਹੈ ਇਹ ਸਤਿਗੁਰਾਂ ਦੀ ਹੀ ਦੇਣ ਹੈ। ਅਨੰਦਪੁਰ ਸਾਹਿਬ ਤੋਂ ਭੱਠਾ ਸਾਹਿਬ (ਰੋਪੜ) ਤੱਕ ਦੀ ਸਾਰੀ ਜ਼ਮੀਨ ਨੂੰ ਸਿੱਖ ਸ਼ਹੀਦਾਂ ਦੇ ਡੁਲ੍ਹੇ ਖ਼ੂਨ ਨੇ ਪਵਿੱਤਰ ਕੀਤਾ ਹੋਇਆ ਹੈ। ਬਿਲਾਸਪੁਰ ਤੋਂ ਅਨੰਦਪੁਰ ਤੱਕ, ਬਸਾਲੀ ਤੋਂ ਕਲਮੋਟ ਤੱਕ, ਅਨੰਦਪੁਰ ਤੋਂ ਭੱਠਾ ਸਾਹਿਬ ਤੱਕ, ਭੱਠਾ ਸਾਹਿਬ ਤੋਂ ਮਾਛੀਵਾੜਾ ਤੱਕ, ਮਾਛੀਵਾੜਾ ਤੋਂ ਤਲਵੰਡੀ ਸਾਬੋ ਤਕ ਤੇ ਤਲਵੰਡੀ ਸਾਬੋ ਤੋਂ ਨੰਦੇੜ ਤੱਕ ਗੁਰੂ ਸਾਹਿਬਾਨ ਦੀ ਖ਼ੁਸ਼ਬੂ ਖਿਲਰੀ ਹੋਈ ਹੈ। ਦਰਿਆ ਸਤਲੁਜ, ਸਰਸਾ ਨਦੀ, ਚਰਨ ਗੰਗਾ, ਇਲਾਕੇ ਦੇ ਚੋਅ ਅੱਜ ਵੀ ਗੁਰੂ ਸਾਹਿਬ ਦੀ ਬਾਣੀ ਦੀਆਂ ਲਹਿਰਾਂ ਨਾਲ ਰੂਹਾਨੀ ਸੁਰ 'ਚ ਆਵਾਜ਼ ਪੈਦਾ ਕਰ ਕੇ ਮਾਹੌਲ ਨੂੰ ਦਿਲਕਸ਼ ਬਣਾਉਂਦੇ ਹਨ। ਹਰ ਪਾਸੇ ਝੂਲਦੇ ਖਾਲਸੇ ਦੇ ਨਿਸ਼ਾਨ ਸਾਹਿਬ ਗੁਰੂ ਸਾਹਿਬ ਦੀ ਰਿਆਸਤ ਦੀ ਸ਼ਾਨ ਵਧਾਉਂਦੇ ਹਨ। ਪਰ ਜਿਸ ਰਿਆਸਤ (ਬਿਲਾਸਪੁਰ) ਨੇ ਗੁਰੂ ਸਾਹਿਬ ਨੂੰ ਅਨੰਦਪੁਰ ਸਾਹਿਬ ਛੱਡਣ ਤੇ ਮਜਬੂਰ ਕੀਤਾ ਅੱਜ ਉਸ ਦੀ ਸੈਂਕੜੇ ਸਾਲ ਪੁਰਾਣੀ ਰਾਜਧਾਨੀ ਬਿਲਾਸਪੁਰ ਦਾ ਨਾਂ ਨਿਸ਼ਾਨ ਨਹੀਂ ਰਿਹਾ ਤੇ ਉਹ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਾਂ ਤੇ ਬਣੇ "ਗੋਬਿੰਦ ਸਾਗਰ" ਦੀ ਤਹਿ 'ਚ ਪੰਜਾਹ ਫੁਟ ਹੇਠਾਂ ਸਮਾ ਚੁੱਕੀ ਹੈ। ਅਨੰਦਪੁਰ ਸਾਹਿਬ ਵਿੱਚੋਂ ਗੁਰੂ ਸਾਹਿਬ ਨੂੰ "ਖਦੇੜਨ" ਵਾਲੇ ਟੱਬਰ ਦਾ ਅੱਜ ਨਾਂ ਨਿਸ਼ਾਨ ਵੀ ਨਹੀਂ ਰਿਹਾ। ਅਨੰਦਪੁਰ ਸਾਹਿਬ ਤੇ ਹਮਲਾ ਕਰਨ ਵਾਲੇ ਅਜਮੇਰ ਚੰਦ ਤੇ ਉਸ ਦੇ ਪੋਤੇ ਮਹਾਚੰਦ ਨੂੰ ਮੁਕਾਮੀ ਲੋਕ ਵੀ ਮਾੜੇ ਰਾਜਿਆਂ ਵਜੋਂ ਯਾਦ ਕਰਦੇ ਹਨ। ਭਾਵੇਂ ਅਕਾਲ ਪੁਰਖ ਨੇ ਜ਼ਾਲਮ ਰਾਜਿਆਂ ਨੂੰ ਸਜ਼ਾ ਦਿੱਤੀ ਹੈ ਅਤੇ ਉਨ੍ਹਾਂ ਦੀ ਹਕੂਮਤ, ਰਿਆਸਤ, ਰਾਜਧਾਨੀ ਤੇ ਕੁਲਾਂ ਮਿਟ ਚੁੱਕੀਆਂ ਹਨ ਪਰ ਅੱਜ ਵੀ ਬਿਲਾਸਪੁਰ ਦੇ ਲੋਕ ਸਿੱਖਾਂ ਨਾਲ ਗ਼ੈਰ-ਸਾਲੀ ਰੱਖਦੇ ਹਨ।

ਅਨੰਦਪੁਰ ਸਾਹਿਬ ਦੇ ਗੁਰਦੁਆਰੇ

ਇਸ ਵਕਤ ਅਨੰਦਪੁਰ ਸਾਹਿਬ ਸ਼ਹਿਰ ਦੁਨੀਆਂ ਭਰ ਦੇ ਨਕਸ਼ੇ ਤੇ ਹੈ। ਇਹ ਸ਼ਹਿਰ ਚੰਡੀਗੜ੍ਹ ਤੋਂ ੯੭ ਕਿਲੋਮੀਟਰ, ਰੋਪੜ ਤੋਂ ੪੫ ਕਿਲੋਮੀਟਰ, ਕੀਰਤਪੁਰ ਸਾਹਿਬ ਤੋਂ ੯ ਕਿਲੋਮੀਟਰ, ਨੰਗਲ ਤੋਂ ੨੨ ਕਿਲੋਮੀਟਰ ਦੂਰ ਹੈ। ਅਨੰਦਪੁਰ ਸਾਹਿਬ ਦਿੱਲੀ ਤੋਂ ਰੇਲਵੇ ਲਾਈਨ ਨਾਲ ਜੁੜਿਆ ਹੋਇਆ ਹੈ। ਰੇਲ ਦਿੱਲੀ-ਅੰਬਾਲਾ-ਸਰਹਿੰਦ-ਰੋਪੜ-ਕੀਰਤਪੁਰ ਸਾਹਿਬ-ਅਨੰਦਪੁਰ ਸਾਹਿਬ ਹੁੰਦੀ ਹੋਈ ਨੰਗਲ ਅਤੇ ਊਨਾ ਤੱਕ ਜਾਂਦੀ ਹੈ। ਚੰਡੀਗੜ੍ਹ ਤੋਂ ਰੋਪੜ, ਬਰਾਸਤਾ, ਕੀਰਤਪੁਰ ਪੱਕੀ ਸੜਕ ਹੈ। ਹੁਣ ਖਾਲਸਾ ਜੀ ਦੇ ੩੦੦ ਸਾਲਾ ਦਿਨ ਦੇ ਸਮਾਗਮਾਂ ਦੇ ਸੰਬੰਧ ਵਿੱਚ ਕੀਰਤਪੁਰ ਸਾਹਿਬ ਤੋਂ ਅਨੰਦਪੁਰ ਸਾਹਿਬ ਤੱਕ ਚਾਰ ਲੇਨ ਦੀ ਦੂਹਰੀ ਸੜਕ ਬਣ ਰਹੀ ਹੈ।

ਅਨੰਦਪੁਰ ਸਾਹਿਬ ਗੁਰੂ ਸਾਹਿਬ ਦੇ ਕਦਮਾਂ ਤੇ ਸ਼ਹੀਦਾਂ ਦੇ ਖ਼ੂਨ ਨਾਲ ਪਵਿੱਤਰ ਹੋਈ ਸਰਜ਼ਮੀ ਹੈ। ਇਹ ਸਾਰਾ ਨਗਰ ਹੀ ਪਵਿੱਤਰ ਹੈ ਤੇ ਇਸ ਵਿੱਚ ਰਹਿਣ ਤੇ ਆਉਣ ਵਾਲਿਆਂ ਦਾ ਫ਼ਰਜ਼ ਹੈ ਕਿ ਇਸ ਸਾਰੇ ਨੂੰ ਗੁਰੂ ਦੀ ਨਗਰੀ ਤੇ ਗੁਰੂ ਦਾ ਘਰ ਸਮਝ ਕੇ ਇੱਥੇ ਪੈਰ ਰਖਣ। ਚੱਕ ਨਾਨਕੀ-ਅਨੰਦਪੁਰ ਸਾਹਿਬ 'ਚ ਗੁਰੂ ਸਾਹਿਬ ਦੀ ਯਾਦ ਵਿੱਚ ਬਹੁਤ ਸਾਰੇ ਗੁਰਦੁਆਰੇ ਹਨ :

ਗੁਰਦੁਆਰਾ ਗੁਰੂ ਦੇ ਮਹਿਲ

ਚੱਕ ਨਾਨਕੀ-ਅਨੰਦਪੁਰ ਸਾਹਿਬ ਦੀ ਸਭ ਤੋਂ ਪਹਿਲੀ ਈਮਾਰਤ "ਗੁਰੂ ਦੇ ਮਹਿਲ" ਸੀ। ਇੱਥੇ ੧੬੬੫ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੇ ਰਹਿਣ ਵਾਸਤੇ ਮਕਾਨ ਬਣਾਇਆ ਗਿਆ ਸੀ। ਇੱਥੇ ਗੁਰੂ ਤੇਗ਼ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ, ਮਾਤਾ ਨਾਨਕੀ (ਮਾਤਾ ਗੁਰੂ ਤੇਗ਼ ਬਹਾਦਰ ਸਾਹਿਬ), ਮਾਤਾ ਗੁਜਰੀ, ਮਾਤਾ ਬਸੀ (ਮਾਤਾ ਗੁਰੂ ਹਰਿ ਰਾਇ ਸਾਹਿਬ), ਮਾਤਾ ਸੁੱਲਖਣੀ (ਸੁਪਤਨੀ ਗੁਰੂ ਹਰਿ ਰਾਇ ਸਾਹਿਬ), ਮਾਤਾ ਹਰੀ (ਸੁਪਤਨੀ ਬਾਬਾ ਸੂਰਜ ਮਲ), ਬੀਬੀ ਰੂਪ ਕੌਰ (ਬੇਟੀ ਗੁਰੂ ਹਰਿ ਰਾਇ ਸਾਹਿਬ), ਮਾਤਾ ਜੀਤ ਕੌਰ, ਮਾਤਾ ਸੁੰਦਰ ਕੌਰ, ਮਾਤਾ ਸਾਹਿਬ ਕੌਰ, ਚਾਰੇ ਸਾਹਿਬਜ਼ਾਦੇ ਵੱਖ-ਵੱਖ ਮੌਕਿਆਂ ਤੇ ਰਹੇ ਸਨ। ਬਿਲਾਸਪੁਰ ਦੀ ਰਾਣੀ ਚੰਪਾ ਤੇ ਰਾਜਾ ਭੀਮ ਚੰਦ ਵੀ ਚੱਕ ਨਾਨਕੀ-ਅਨੰਦਪੁਰ ਆ ਕੇ ਇਸ ਜਗਹ ਤੇ ਠਹਿਰਦੇ ਰਹੇ ਸਨ। ਚੱਕ ਨਾਨਕੀ ਦੀ ਪਹਿਲੀ ਇਮਾਰਤ ਹੋਣ ਤੋਂ ਇਹ ਵੀ ਸਾਫ਼ ਹੈ ਕਿ ਇਸ ਨਗਰ ਦੀ ਮੋੜ੍ਹੀ ਇੱਥੇ ਹੀ ਗੱਡੀ ਗਈ ਹੋਵੇਗੀ। ਹੁਣ ਇਸ ਜਗਹ ਤੇ ਗੁਰਦੁਆਰਾ "ਗੁਰੂ ਦੇ ਮਹਿਲ" ਉਸਰਿਆ ਹੋਇਆ ਹੈ। ਗੁਰਦੁਆਰਾ ਭੋਰਾ ਸਾਹਿਬ, ਮੰਜੀ ਸਾਹਿਬ ਅਤੇ ਦਮਦਮਾ ਸਾਹਿਬ ਇਸੇ ਈਮਾਰਤ ਦਾ ਹੀ ਹਿੱਸਾ ਹਨ।

ਗੁਰਦੁਆਰਾ ਭੋਰਾ ਸਾਹਿਬ

ਗੁਰਦੁਆਰਾ ਭੋਰਾ ਸਾਹਿਬ "ਗੁਰੂ ਦੇ ਮਹਲ" ਵਾਲੀ ਈਮਾਰਤ ਦੇ ਵਿਚਕਾਰ ਕਰ ਕੇ ਸੀ। ਇਸ ਜਗਹ ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਕ ਭੋਰਾ ਬਣਵਾਇਆ ਹੋਇਆ ਸੀ ਜਿਥੇ ਬੈਠ ਕੇ ਬੰਦਗੀ ਕਰਿਆ ਕਰਦੇ ਸਨ। ਇਹ ਵੀ ਆਖਿਆ ਜਾਂਦਾ ਹੈ ਕਿ ਆਪ ਨੇ ਇੱਥੇ ਬੈਠ ਕੇ ਗੁਰਬਾਣੀ ਵੀ ਉਚਾਰੀ ਸੀ।

ਗੁਰਦੁਆਰਾ ਮੰਜੀ ਸਾਹਿਬ

ਇਹ ਵੀ "ਗੁਰੂ ਦੇ ਮਹਲ" ਦੇ ਵਿਹੜੇ ਦਾ ਇੱਕ ਹਿੱਸਾ ਸੀ। ਇਸ ਜਗਹ ਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀਵਾਨ ਸਜਾਇਆ ਕਰਦੇ ਸਨ ਤੇ ਸੰਗਤਾਂ ਨੂੰ ਮੁਖ਼ਾਤਿਬ ਹੋਇਆ ਕਰਦੇ ਸਨ। ੨੫ ਮਈ ੧੬੭੫ ਦੇ ਦਿਨ ਇਸੇ ਹੀ ਜਗਹ ਤੇ ਪੰਡਤ ਕਿਰਪਾ ਰਾਮ ਅਤੇ ੧੬ ਹੋਰ ਕਸ਼ਮੀਰੀ ਪੰਡਤ ਗੁਰੂ ਸਾਹਿਬ ਕੋਲ ਆ ਫ਼ਰਿਆਦੀ ਹੋਏ ਸਨ, ਔਰੰਗਜ਼ੇਬ ਦੇ ਨਵੇਂ ਲਾਏ ਜ਼ਾਲਮ ਗਵਰਨਰ ਦੇ ਜ਼ੁਲਮਾਂ ਦੀ ਦਾਸਤਾਨ ਸੁਣਾਈ ਸੀ ਤੇ ਗੁਰੂ ਸਾਹਿਬ ਤੋਂ ਮਦਦ ਮੰਗੀ ਸੀ। ਗੁਰੂ ਸਾਹਿਬ ਨੇ ਉਨ੍ਹਾਂ ਦੀ ਫ਼ਰਿਆਦ ਔਰੰਗਜ਼ੇਬ ਤੱਕ ਲਿਜਾਣ ਦਾ ਵਾਅਦਾ ਕੀਤਾ ਸੀ। ਇੱਥੇ ਹੀ ਗੁਰੂ ਸਾਹਿਬ ਨੇ ਐਲਾਨ ਕੀਤਾ ਸੀ ਕਿ ਇਸ ਕਾਰਜ ਵਾਸਤੇ ਸੀਸ ਦੇਣਾ ਪੈਣਾ ਹੈ।

ਗੁਰਦੁਆਰਾ ਦਮਦਮਾ ਸਾਹਿਬ

ਇਹ ਜਗਹ ਵੀ "ਗੁਰੂ ਦੇ ਮਹਲ" ਦੇ ਵਿਹੜੇ ਦਾ ਇਕ ਹਿੱਸਾ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਇਸ ਜਗਹ ਤੇ ਬੈਠ ਕੇ ਸੰਗਤਾਂ ਦੇ ਨੁਮਾਇੰਦਿਆਂ ਨੂੰ ਦਰਸ਼ਨ ਦਿਆ ਕਰਦੇ ਸਨ। ਇਸੇ ਹੀ ਜਗਹ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਗੁਰਗੱਦੀ ਦਿੱਤੀ ਗਈ ਸੀ। ਇਸੇ ਹੀ ਜਗਹ ਤੇ ਮਾਰਚ ੧੬੯੮ ਵਿੱਚ ਮਸੰਦਾਂ ਦੀ ਪਰਖ ਹੋਈ ਸੀ ਤੇ ਮੁਜਰਿਮ ਮਸੰਦਾਂ ਨੂੰ ਸਜ਼ਾ ਦਿੱਤੀ ਗਈ ਸੀ। ਇਸ ਦੇ ਨੇੜੇ ਹੀ ਇੱਕ ਖੂਹ ਹੈ ਜਿਸ ਦੇ ਕੰਢੇ ਤੇ ਮੁਜਰਿਮ ਮਸੰਦਾਂ ਨੂੰ ਸਾੜਿਆ ਗਿਆ ਸੀ।

ਗੁਰਦੁਆਰਾ ਸੀਸ ਗੰਜ ਸਾਹਿਬ

ਇਹ ਜਗਹ ਚੱਕ ਨਾਨਕੀ ਦੀ ਹਦੂਦ ਤੋਂ ਬਾਹਰ ਸੀ। ਮਗਰੋਂ ਇਹ ਅਨੰਦਪੁਰ ਸਾਹਿਬ ਦੀ ਹਦੂਦ ਦਾ ਹਿੱਸਾ ਬਣੀ ਸੀ। ਹੁਣ ਇਹ ਜਗਹ ਸ਼ਹਿਰ ਦੇ ਤਕਰੀਬਨ ਵਿਚਕਾਰ ਹੈ। ਇਸ ਜਗਹ ਗੁਰੂ ਗੋਬਿੰਦ ਸਿੰਘ ਸਾਹਿਬ ਨੇ ੧੭ ਨਵੰਬਰ ੧੬੭੫ ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸੀਸ ਦਾ ਸੰਸਕਾਰ ਕੀਤਾ ਸੀ। ੫-੬ ਦਿਸੰਬਰ ੧੭੦੫ ਦੀ ਰਾਤ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਉਹ ਇਸ ਜਗਹ ਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਨੂੰ ਦੁਹਰਾ ਕੇ ਅਤੇ ਭਾਈ ਗੁਰਬਖ਼ਸ਼ ਦਾਸ ਉਦਾਸੀ ਨੂੰ ਇਸ ਦੀ ਸੇਵਾ ਸੰਭਾਲ ਕੇ ਟੁਰੇ ਸਨ।

ਗੁਰਦੁਆਰਾ ਅਕਾਲ ਬੁੰਗਾ

ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸੀਸ ਦੇ ਸੰਸਕਾਰ ਹੋਣ ਮਗਰੋਂ ਜੁੜੀਆਂ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਜਗਹ ਤੇ ਭਾਣਾ ਮੰਨਣ, ਤਕੜੇ ਹੋਣ, ਧਰਮ ਦੀ ਰੱਖਿਆ ਕਰਨ ਅਤੇ ਜ਼ੁਲਮ ਤੇ ਜਬਰ ਦੇ ਖ਼ਿਲਾਫ਼ ਜੰਗ ਵਾਸਤੇ ਤਿਆਰ-ਬਰ-ਤਿਆਰ ਹੋਣ ਵਾਸਤੇ ਆਖਿਆ ਸੀ। ਇਹ ਜਗਹ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਬਿਲਕੁਲ ਨੇੜੇ ਤੇ ਸਾਹਮਣੇ ਹੈ।

ਗੁਰਦੁਆਰਾ ਮੰਜੀ ਸਾਹਿਬ (ਦੁਮਾਲਗੜ੍ਹ) ਸਾਹਿਬ

ਇਹ ਗੁਰਦੁਆਰਾ ਕੇਸਗੜ੍ਹ ਸਾਹਿਬ ਦੇ ਸਾਹਮਣੇ ਉੱਤਰ ਵੱਲ ਹੈ। ਗੁਰੂ ਸਾਹਿਬ ਵੇਲੇ ਇੱਥੇ ਇੱਕ ਪੁਰਾਣਾ ਬੋਹੜ ਦਾ ਦਰਖ਼ਤ ਸੀ ਤੇ ਆਲੇ ਦੁਆਲੇ ਪੱਧਰੀ ਖੁੱਲ੍ਹੀ ਜਗਹ ਸੀ। ਇਸ ਜਗਹ ਗੁਰੂ ਸਾਹਿਬ ਸਾਹਿਬਜ਼ਾਦਿਆਂ ਨੂੰ ਵਰਜਿਸ਼ ਤੇ ਖੇਡਾਂ ਕਰਵਾਇਆ ਕਰਦੇ ਸਨ। ਇਸੇ ਜਗਹ ਸਾਹਿਬਜ਼ਾਦਿਆਂ ਨੇ ਤਲਵਾਰ ਬਾਜ਼ੀ ਦੀ ਸਿੱਖਿਆ ਲਈ ਸੀ। ਇੱਥੇ ਗੁਰੂ ਸਾਹਿਬ ਨੌਜਵਾਨਾਂ ਤੇ ਬੱਚਿਆਂ ਵਿੱਚ ਕੁਸ਼ਤੀਆਂ ਅਤੇ ਹੋਰ ਮੁਕਾਬਲੇ ਕਰਵਾਇਆ ਕਰਦੇ ਸਨ। ਇਸੇ ਜਗਹ ਇੱਕ ਵਾਰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ (ਪਾਲਿਤ) ਜ਼ੋਰਾਵਰ ਸਿੰਘ (ਪੁੱਤਰ ਨਥੂ ਰਾਮ ਲੋਟੇ ਵਾਸੀ ਬਸੀ ਪਠਾਣਾਂ) ਵਿੱਚ ਹੋਏ ਕੁਸ਼ਤੀ ਦੇ ਮੁਕਾਬਲੇ ਵਿੱਚ (ਪਾਲਿਤ) ਜ਼ੋਰਾਵਰ ਸਿੰਘ ਨੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੂੰ ਢਾਹ ਲਿਆ ਸੀ ਅਤੇ ਗੁਰੂ ਸਾਹਿਬ ਨੇ ਆਖਿਆ ਸੀ ਕਿ (ਪਾਲਿਤ) ਜ਼ੋਰਾਵਰ ਸਿੰਘ ਵੀ ਉਨ੍ਹਾਂ ਦਾ ਆਪਣਾ ਹੀ ਬੇਟਾ ਹੈ। (ਪਾਲਿਤ) ਜ਼ੋਰਾਵਰ ਸਿੰਘ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੋਂ ਸਿਰਫ਼ ਇੱਕ ਦਿਨ ਵੱਡਾ ਸੀ। (ਇਹ ਪਾਲਿਤ ਜ਼ੋਰਾਵਰ ਸਿੰਘ ਹਮੇਸ਼ਾ ਹੀ ਗੁਰੂ ਸਾਹਿਬ ਕੋਲ ਰਿਹਾ ਸੀ ਤੇ ਅਪ੍ਰੈਲ ੧੭੦੮ ਵਿੱਚ ਚਿਤੌੜ ਵਿੱਚ ਸ਼ਹੀਦ ਹੋਇਆ ਸੀ)।

੨ ਦਿਸੰਬਰ ੧੭੦੩ ਦੇ ਦਿਨ ਜਦੋਂ ਅਜਮੇਰ ਚੰਦ ਦੀਆਂ ਫ਼ੌਜਾਂ ਨੇ ਅਨੰਦਪੁਰ ਸਾਹਿਬ ਤੇ ਹਮਲਾ ਕਰ ਦਿੱਤਾ। ਉਸ ਵੇਲੇ ਗੁਰੂ ਸਾਹਿਬ ਇਸੇ ਜਗਹ ਬੋਹੜ ਹੇਠਾਂ ਬੈਠੇ ਸਨ। ਆਪ ਦੇ ਨਾਲ ਭਾਈ ਉਦੈ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਆਲਮ ਸਿੰਘ 'ਨੱਚਣਾ' ਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਵੀ ਬੈਠੇ ਸਨ। ਅਜਮੇਰ ਚੰਦ ਦੀਆਂ ਫ਼ੌਜਾਂ ਦੇ ਹਮਲੇ ਦਾ ਟਾਕਰਾ ਕਰਨ ਵਾਸਤੇ ਭਾਈ ਮਾਨ ਸਿੰਘ ਨਿਸ਼ਾਨਚੀ ਦੀ ਅਗਵਾਈ ਵਿੱਚ ਸਿੱਖ ਫ਼ੌਜਾਂ ਡਟੀਆਂ ਹੋਈਆਂ ਸਨ। ਲੜਾਈ 'ਚ ਭਾਈ ਮਾਨ ਸਿੰਘ ਜ਼ਖ਼ਮੀ ਹੋ ਕੇ ਡਿੱਗ ਪਏ ਤੇ ਨਾਲ ਹੀ ਨਿਸ਼ਾਨ ਸਾਹਿਬ ਵੀ ਟੁੱਟ ਕੇ ਡਿੱਗ ਪਿਆ। ਜਦੋਂ ਗੁਰੂ ਸਾਹਿਬ ਨੂੰ ਇਸ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਉਸੇ ਵੇਲੇ ਆਪਣੀ ਛੋਟੀ ਦਸਤਾਰ (ਕੇਸਕੀ) ਤੋਂ ਇੱਕ ਫ਼ੱਰਰਾ ਲਾਹਿਆ ਅਤੇ ਦਸਤਾਰ ਵਿੱਚ ਲਗਾ ਲਿਆ। ਉਨ੍ਹਾਂ ਐਲਾਨ ਕੀਤਾ ਕਿ ਅੱਗੇ ਤੋਂ ਖ਼ਾਲਸੇ ਦਾ ਨੀਲਾ ਨਿਸ਼ਾਨ ਸਾਹਿਬ ਕਦੇ ਵੀ ਨਹੀਂ ਟੁੱਟੇਗਾ। ਗੁਰੂ ਸਾਹਿਬ ਨੂੰ ਵੇਖ ਕੇ ਕੋਲ ਬੈਠੇ ਮੁਖੀ ਸਿੱਖਾਂ ਨੇ ਵੀ ਕੇਸਕੀਆਂ ਵਿੱਚੋਂ ਫ਼ੱਰਰੇ

ਲਾਹ ਕੇ ਦਸਤਾਰਾਂ 'ਚ ਸਜਾ ਲਏ। ਉਨ੍ਹਾਂ ਨੂੰ ਵੇਖ ਕੇ ਸਾਹਿਬਜ਼ਾਦਾ ਫ਼ਤਹਿ ਸਿੰਘ ਨੇ ਵੀ ਫ਼ੱਰਰਾ ਸਜਾ ਲਿਆ। ਇਸ ਘਟਨਾ ਤੋਂ ਫ਼ੱਰਰਾ (ਦੁਮਾਲਾ) ਸਜਾਉਣ ਦੀ ਰਸਮ ਸ਼ੁਰੂ ਹੋਈ। ਇਸ ਘਟਨਾ ਕਰ ਕੇ ਹੀ ਇਸ ਗੁਰਦੁਆਰੇ ਨੂੰ ਦੁਮਾਲਾ ਸਾਹਿਬ' ਜਾਂ "ਦੁਮਾਲਗੜ੍ਹ ਸਾਹਿਬ" ਵੀ ਆਖਿਆ ਜਾਂਦਾ ਹੈ।

ਗੁਰਦੁਆਰਾ ਸ਼ਹੀਦੀ ਬਾਗ

ਕਿਲ੍ਹਾ ਅਨੰਦਗੜ੍ਹ ਦੇ ਐਨ ਸਾਹਮਣੇ (ਪਿੰਡ ਲੋਦੀਪੁਰ ਦੀ ਹੱਦ ਵਿਚ) ਕੇਸਗੜ੍ਹ ਤੇ ਅਨੰਦਗੜ੍ਹ ਵਿਚਕਾਰਲੀ ਪਹਾੜੀ ਦੇ ਹੇਠਾਂ ਦੀ ਸੜਕ ਦੇ ਕੰਢੇ ਤੇ, ਗੁਰਦੁਆਰਾ ਸ਼ਹੀਦੀ ਬਾਗ ਹੈ ਇੱਥੇ ਗੁਰੂ ਸਾਹਿਬ ਦਾ ਬਾਗ ਹੁੰਦਾ ਸੀ। ਅਨੰਦਪੁਰ ਸਾਹਿਬ ਦੇ ਲੰਬੇ ਘੇਰੇ ਸਮੇਂ ਇੱਥੇ ਕਈ ਸਿੰਘ ਸ਼ਹੀਦ ਹੋਏ ਸਨ। ਇਸ ਕਰ ਕੇ ਇਸ ਦਾ ਨਾਂ ਸ਼ਹੀਦੀ ਬਾਗ ਮਸ਼ਹੂਰ ਹੋ ਗਿਆ ਸੀ। ਮੌਜੂਦਾ ਸੂਰਤ ਵਿੱਚ ਇਹ ਗੁਰਦੁਆਰਾ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਬਣਿਆ ਸੀ। ਇਸ ਜਗਹ ਤੇ ਭਾਈ ਮੰਗਲ ਸਿੰਘ (ਇਕ ਰਿਟਾਇਰਡ ਫ਼ੌਜੀ) ਨੇ ਕਈ ਸਾਲ ਸੇਵਾ ਕੀਤੀ ਸੀ। ਉਨ੍ਹਾਂ ਵੇਲੇ ਇੱਥੇ ਹਰ ਮੁਸਾਫ਼ਿਰ ਨੂੰ ਲੰਗਰ ਮਿਲਿਆ ਕਰਦਾ ਸੀ। ਅੱਜ ਕਲ੍ਹ ਇਸ ਗੁਰਦੁਆਰੇ ਤੇ ਨਿਹੰਗਾਂ ਦੇ ਇਕ ਗਰੁਪ ਦਾ ਕਬਜ਼ਾ ਹੈ।

ਗੁਰਦੁਆਰਾ ਮਾਤਾ ਜੀਤ ਕੌਰ ਜੀ

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਹਿਲੇ ਮਹਿਲ ਮਾਤਾ ਜੀਤ ਕੌਰ ਜੀ ੫ ਦਿਸੰਬਰ ੧੭੦੦ ਦੇ ਦਿਨ ਚੜ੍ਹਾਈ ਕਰ ਗਏ। ਉਨ੍ਹਾਂ ਦਾ ਸੰਸਕਾਰ ਉਸੇ ਸ਼ਾਮ ਨੂੰ ਚਰਨ ਗੰਗਾ ਦੇ ਦੂਜੇ ਬੰਨੇ ਪਿੰਡ ਅਗੰਮਪੁਰ ਦੇ ਬਾਹਰ ਕੀਤਾ ਗਿਆ। ਜਿਸ ਜਗਹ ਮਾਤਾ ਜੀ ਦਾ ਸੰਸਕਾਰ ਕੀਤਾ ਗਿਆ ਸੀ ਉੱਥੇ ਕਿਸੇ ਨੇ 'ਦੇਹਰਾ ਮਾਤਾ ਜੀਤ ਕੌਰ ਜੀ' ਉਸਾਰ ਦਿੱਤਾ। ਮਗਰੋਂ ਉਹ ਜਗਹ ਦਰਿਆ ਦੇ ਹੜ੍ਹ ਨੇ ਰੋੜ੍ਹ ਦਿਤੀ। ਕਾਫ਼ੀ ਚਿਰ ਬਾਅਦ ਇਸ ਬਾਅਦ ਇਸ ਜਗਹ ਦੇ ਨੇੜੇ ਗੁਰਦੁਆਰਾ ਮਾਤਾ ਜੀਤ ਕੌਰ ਬਣਾਇਆ ਗਿਆ ਸੀ। ਮਾਤਾ ਜੀਤ ਕੌਰ ਜੀ ਤੋਂ ਇਲਾਵਾ ਚੱਕ ਨਾਨਕੀ-ਅਨੰਦਪੁਰ ਦੇ ਹੋਰ ਸਾਰੇ ਵਾਸੀਆਂ ਦੇ ਸੰਸਕਾਰ ਵੀ ਇਸੇ ਜਗਹ ਹੋਇਆ ਕਰਦੇ ਸਨ। ਸੋਢੀ ਪਰਿਵਾਰ ਦੇ ਸੰਸਕਾਰ ਵੀ ਇੱਥੇ ਹੁੰਦੇ ਰਹੇ ਸਨ।

ਅਨੰਦਪੁਰ ਸਾਹਿਬ ਦੇ ਕਿਲ੍ਹੇ

ਕੇਸਗੜ੍ਹ ਸਾਹਿਬ

ਅਨੰਦਪੁਰ ਸਾਹਿਬ ਦਾ ਸਭ ਤੋਂ ਅਹਿਮ ਸਥਾਨ ਕੇਸਗੜ੍ਹ ਸਾਹਿਬ ਹੈ। ਕੇਸਗੜ੍ਹ ਸਾਹਿਬ ਸਿੱਖ ਪੰਥ ਦਾ ਤਖ਼ਤ ਸਾਹਿਬ ਹੈ। ਇਹ ਖਾਲਸਾ ਪ੍ਰਗਟ ਕਰਨ ਵਾਲਾ ਸਥਾਨ ਵੀ ਹੈ। ਇਹ ਗੁਰੂ ਸਾਹਿਬ ਦਾ ਇਕ ਅਹਿਮ ਕਿਲ੍ਹਾ ਵੀ ਸੀ।

ਕੇਸਗੜ੍ਹ ਸਾਹਿਬ ਇੱਕ ਉੱਚੀ ਪਹਾੜੀ ਤੇ ਬਣਿਆ ਹੋਇਆ ਹੈ। ਕਿਸੇ ਵੇਲੇ ਇਹ ਪਹਾੜੀ ਮੌਜੂਦਾ ਉਚਾਈ ਤੋਂ ੧੦-੧੫ ਫੁੱਟ ਵਧੇਰੇ ਸੀ ਤੇ ਇਸ ਦੇ ਨਾਲ ਹੀ ਇੱਕ ਹੋਰ ਪਹਾੜੀ ਵੀ ਸੀ। ਉਸ ਪਹਾੜੀ ਤੇ ਸੀਸ-ਭੇਟ ਕੌਤਕ ਵਾਲੇ ਦਿਨ ਵੱਖਰਾ ਤੰਬੂ ਗੱਡਿਆ ਹੋਇਆ ਸੀ। ਇਸੇ ਕਰ ਕੇ ਉਸ ਨੂੰ "ਤੰਬੂ ਵਾਲੀ ਪਹਾੜੀ" ਵੀ ਆਖਦੇ ਸਨ। ਇਹ ਪਹਾੜੀ ਹੁਣ ਖੁਰ ਕੇ ਅਲੋਪ ਹੋ ਗਈ ਹੈ। ਕੇਸਗੜ੍ਹ ਸਾਹਿਬ ਤੋਂ ਅਨੰਦਗੜ੍ਹ ਤੱਕ ਸਾਰਾ ਉੱਚਾ ਪਹਾੜ ਸੀ। ੧੯੭੩ ਵਿੱਚ ਇਸ ਪਹਾੜ ਨੂੰ ਕੱਟ ਕੇ ਇਸ ਤੇ ਸੜਕ ਬਣਾ ਦਿੱਤੀ ਗਈ ਸੀ। ਉਸ ਮਗਰੋਂ ਵੀ ਪਿਛਲੇ ਪੰਜੀ ਸਾਲਾਂ ਵਿੱਚ, ਇਸ ਸੜਕ ਦੇ ਦੁਆਲੇ ਕਾਫੀ ਤਬਦੀਲੀਆਂ ਲਿਆਂਦੀਆਂ ਗਈਆਂ ਹਨ। ਕੇਸਗੜ੍ਹ ਦੇ ਸਾਹਮਣੇ ਬਾਗ ਦੇ ਨਾਲ ਵਾਲੀ ਖੁਲ੍ਹੀ ਜਗਹ ਤੇ ਹੁਣ ਲੰਗਰ ਦੀ ਈਮਾਰਤ ਉਸਰ ਚੁੱਕੀ ਹੈ। ਉਸ ਦੇ ਪਿੱਛੇ ਅਨੰਦਗੜ੍ਹ ਕਿਲ੍ਹੇ ਤੱਕ ਚੌੜੀ ਸੜਕ ਬਣ ਚੁੱਕੀ ਹੈ। ਕੇਸਗੜ੍ਹ ਸਾਹਿਬ ਦਾ ਮੱਥਾ ਵੀ ਦੋਹੀਂ ਪਾਸੀਂ ਵਧਾਇਆ ਜਾ ਚੁੱਕਾ ਹੈ। ਕੇਸਗੜ੍ਹ ਸਾਹਿਬ ਦੀ ਹੇਠਲੀ ਮੰਜ਼ਿਲ ਵਾਲੀ ਸਰ੍ਹਾਂ ਦੀ ਵੀ ਮੁਰੰਮਤ ਹੋ ਰਹੀ ਹੈ ਅਤੇ ਇਸ ਦਾ ਮੂੰਹ ਮੁਹਾਂਦਰਾ ਬਦਲਿਆ ਜਾ ਰਿਹਾ ਹੈ। ਉਮੀਦ ਹੈ ਅਪ੍ਰੈਲ ੧੯੯੯ ਤੱਕ ਇਹ ਨਵੀਂ ਸ਼ਾਨ ਨਾਲ ਤਿਆਰ ਹੋ ਚੁੱਕਾ ਹੋਵੇਗਾ।

ਕੇਸਗੜ੍ਹ ਸਾਹਿਬ ਤੇ ਹੀ ਖਾਲਸਾ ਪ੍ਰਗਟ ਕਰਨ ਵੇਲੇ ਦੀਵਾਨ ਸਜਾਇਆ ਗਿਆ ਸੀ ਤੇ ਹਜ਼ਾਰਾ ਸੰਗਤਾਂ ਇਸ ਮੌਕੇ ਤੇ ਹਾਜ਼ਿਰ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਕੇਸਗੜ੍ਹ ਸਾਹਿਬ ਤੋਂ ਅਨੰਦਪੁਰ ਸਾਹਿਬ ਤੱਕ ਪਹਾੜੀਆਂ ਅਤੇ ਆਲੇ ਦੁਆਲੇ ਦੀਆਂ ਪਹਾੜੀਆਂ ਦੇ ਵਿਚਕਾਰ ਕਿੰਨੀ ਖੁਲ੍ਹੀ ਜਗਹ ਸੀ। ਉਹ ਸਾਰੀ ਸੰਗਤ ਯਕੀਨਨ ਇਨ੍ਹਾਂ ਪਹਾੜੀਆਂ ਦੇ ਵਿਚਕਾਰ ਹੀ ਬੈਠੀ ਹੋਵੇਗੀ।

ਇਸ ਜਗਹ ਦਾ ਨਾਂ ਕੇਸਗੜ੍ਹ ਰਖੇ ਜਾਣ ਬਾਰੇ ਵੀ ਤਿੰਨ ਵੀਚਾਰ ਹਨ। ਇੱਕ ਵੀਚਾਰ ਮੁਤਾਬਿਕ ਇੱਥੇ ਗੁਰੂ ਸਾਹਿਬ ਨੇ ਕੇਸਾਂ ਵਿੱਚ ਅੰਮ੍ਰਿਤ ਦੇ ਛਿੱਟੇ ਮਾਰੇ ਸਨ, ਇਸ ਕਰ ਕੇ ਇਸ ਨੂੰ ਕੇਸਗੜ੍ਹ ਆਖਦੇ ਹਨ (ਪੰਡਤ ਤਾਰਾ ਸਿੰਘ ਨਰੋਤਮ)। ਦੂਜੇ ਵਿਚਾਰ ਮੁਤਾਬਿਕ ਇਹ ਸਿੱਖ ਫ਼ਲਸਫ਼ੇ ਦੇ ਅਸੂਲ ('ਕੇਸ' ਫ਼ਾਰਸੀ ਵਿਚ ਰੱਬੀ ਅਸੂਲ

ਵਾਸਤੇ ਵੀ ਵਰਤਿਆ ਜਾਂਦਾ ਹੈ) ਦਾ ਕੇਂਦਰ ਹੈ ਇਸ ਕਰ ਕੇ ਇਸ ਨੂੰ ਕੇਸਗੜ੍ਹ ਆਖਿਆ ਜਾਂਦਾ ਹੈ (ਭਾਈ ਨੰਦ ਲਾਲ)। ਮੇਰੇ ਵਿਚਾਰ ਵਿੱਚ 'ਕੇਸਗੜ੍ਹ' ਦਾ ਮਾਅਨਾ ਹੈ ਉਹ ਕਿਲ੍ਹਾ ਜਿਥੇ ਕੇਸ (ਦਸਤੂਰ, ਫ਼ਲਸਫ਼ਾ) ਮਹਿਫ਼ੂਜ਼ ਕੀਤਾ ਗਿਆ ਸੀ। ਕੇਸਗੜ੍ਹ 'ਚ ਖਾਲਸਾ (ਦਾ ਫ਼ਲਸਫ਼ਾ) ਮਹਿਫ਼ੂਜ਼ ਕੀਤਾ ਗਿਆ ਸੀ। 'ਖੰਡੇ ਦੀ ਪਾਹੁਲ' ਉਸ ਹਿਫ਼ਾਜ਼ਤ ਦੀ ਗਾਰੰਟੀ ਹੈ।

ਕੇਸਗੜ੍ਹ ਸਾਹਿਬ ਕਿਲ੍ਹਾ ੧੬੯੯ ਵਿੱਚ ਤਿਆਰ ਹੋਇਆ ਸੀ। ਇਸ ਤੋਂ ਪਹਿਲਾਂ ਇਨ੍ਹਾਂ ਉੱਚੀਆਂ ਪਹਾੜੀਆਂ ਤੇ ਦੀਵਾਨ ਸਜਾਏ ਜਾਂਦੇ ਸਨ। ਅਨੰਦਪੁਰ ਸਾਹਿਬ ਵਿੱਚ ੧੭੦੦ ਤੋਂ ੧੭੦੫ ਤੱਕ ਕਈ ਲੜਾਈਆਂ ਹੋਈਆਂ ਅਤੇ ਬਾਕੀ ਸਾਰੇ ਛੇਆਂ ਕਿਲ੍ਹਿਆਂ ਤੇ ਹਮਲੇ ਹੋਏ ਪਰ ਕੇਸਗੜ੍ਹ ਸਾਹਿਬ ਇੱਕ ਅਜਿਹਾ ਮਹਿਫ਼ੂਜ਼ ਕਿਲ੍ਹਾ ਸੀ ਕਿ ਇਸ ਵੱਲ ਆਉਣ ਤੋਂ ਪਹਿਲਾਂ ਅਗੰਮਗੜ੍ਹ, ਹੋਲਗੜ੍ਹ, ਲੋਹਗੜ੍ਹ, ਫ਼ਤਹਿਗੜ੍ਹ ਅਤੇ ਤਾਰਾਗੜ੍ਹ ਸਾਰੇ ਕਿਲ੍ਹਿਆਂ ਨੂੰ ਸਰ ਕਰਨਾ ਜ਼ਰੂਰੀ ਹੁੰਦਾ ਸੀ। ਇਹੋ ਜਿਹਾ ਮੌਕਾ ਅਨੰਦਪੁਰ ਸਾਹਿਬ ਦੀ ਤਵਾਰੀਖ਼ 'ਚ ਕਦੇ ਨਹੀਂ ਆਇਆ ਸੀ। ਸਿਰਫ਼ ੬ ਦਿਸੰਬਰ ੧੭੦੫ ਦੇ ਦਿਨ ਗੁਰੂ ਸਾਹਿਬ ਵੱਲੋਂ ਕਿਲ੍ਹਾ ਖਾਲੀ ਕੀਤੇ ਜਾਣ ਮਗਰੋਂ ਹੀ ਇਸ ਕਿਲ੍ਹੇ ਵਿੱਚ ਪਹਾੜੀ ਫ਼ੌਜਾਂ ਦਾਖ਼ਲ ਹੋਈਆਂ ਅਤੇ ਉਨ੍ਹਾਂ ਨੇ ਇਸ ਨੂੰ ਢਾਹ ਕੇ ਪਧਰਾ ਕਰ ਦਿੱਤਾ ਸੀ।

ਬੰਦਾ ਸਿੰਘ ਬਹਾਦਰ ਦੇ ਪੰਜਾਬ ਤੇ ਕਾਬਜ਼ ਹੋਣ ਤੋਂ ਮਗਰੋਂ ਅਨੰਦਪੁਰ ਸਾਹਿਬ 'ਚ ਫੇਰ ਸਿੱਖਾਂ ਦੀ ਆਮਦ ਸ਼ੁਰੂ ਹੋ ਗਈ। ਇਸ ਮਗਰੋਂ ਫਿਰ ਇਕ ਵਾਰ ਸਖ਼ਤੀ ਤੇ ਜ਼ੁਲਮ ਦਾ ਦੌਰ ਚਲਿਆ। ਉਦੋਂ ਵੀ ਸਿੱਖ ਕਈ ਸਾਲ ਅਨੰਦਪੁਰ ਸਾਹਿਬ ਨਾ ਰਹਿ ਸਕੇ। ਪਰ ਜਦੋਂ ਮਿਸਲਾਂ ਨੇ ਪੰਜਾਬ ਤੇ ਕਬਜ਼ਾ ਕਰ ਲਿਆ ਤਾਂ ਸਿੱਖਾਂ ਵਾਸਤੇ ਅਨੰਦਪੁਰ ਸਾਹਿਬ ਵਿੱਚ ਮਸਲੇ ਮੁਕ ਗਏ। ੧੭੫੫ ਤੋਂ ੧੮੧੨ ਤੱਕ ਸਿੱਖਾਂ ਤੇ ਕਿਸੇ ਹਮਲੇ ਬਾਰੇ ਤਵਾਰੀਖ਼ 'ਚ ਕੋਈ ਜ਼ਿਕਰ ਨਹੀਂ ਆਉਂਦਾ। ਇਸ ਵਕਤ ਦੇ ਦੌਰਾਨ ਬਾਬਾ ਬਘੇਲ ਸਿੰਘ ਲਾਲ ਕਿਲ੍ਹਾ ਦਿੱਲੀ ਤੇ ਖਾਲਸਾਈ ਨਿਸ਼ਾਨ ਸਾਹਿਬ ਲਹਿਰਾਉਣ ਅਤੇ ਦਿੱਲੀ ਦੇ ਗੁਰਦੁਆਰੇ ਸਜਾਉਣਾ ਮਗਰੋਂ ਅਨੰਦਪੁਰ ਸਾਹਿਬ ਆਏ ਅਤੇ ਉਨ੍ਹਾਂ ਨੇ ਇੱਥੋਂ ਦੇ ਗੁਰਦੁਆਰਿਆਂ ਦੀ ਸੁਧ ਲਈ। ਉਨ੍ਹਾਂ ਗੁਰਦੁਆਰਾ ਸੀਸ ਗੰਜ ਅਤੇ ਕੇਸਗੜ੍ਹ ਸਾਹਿਬ ਦੀ ਸੇਵਾ ਕੀਤੀ। ਮਗਰੋਂ ਪਟਿਆਲੇ ਦੇ ਰਾਜਿਆਂ ਕਰਮ ਸਿੰਘ ਅਤੇ ਨਰਿੰਦਰ ਸਿੰਘ ਨੇ ਵੀ ਅਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ 'ਚ ਹਿੱਸਾ ਪਾਇਆ। ਉਨ੍ਹਾਂ ਨੇ ਮੁਸਾਫ਼ਿਰਾਂ ਦੇ ਰਹਿਣ ਵਾਸਤੇ ਇੱਕ ਬੁੰਗਾ ਅਤੇ ਕਈ ਕੋਠੜੀਆਂ ਬਣਵਾਈਆਂ। ੧੮੧੨ ਵਿੱਚ ਅਜਮੇਰ ਚੰਦ ਦੇ ਪੋਤੇ ਮਹਾਂ ਚੰਦ ਦੇ ਅਨੰਦਪੁਰ ਸਾਹਿਬ ਤੇ ਹਮਲੇ ਵਿਚ ਸਿੱਖਾਂ ਦੀ ਜਿੱਤ ਨੇ ਅਤੇ ਲਾਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ, ਕਪੂਰਥਲਾ, ਪਟਿਆਲਾ, ਨਾਭਾ, ਜੀਂਦ ਤੇ ਕੈਥਲ ਰਿਆਸਤਾਂ ਵਿਚ ਸਿੱਖਾਂ ਦੇ ਬੋਲ ਬਾਲੇ ਨੇ ਅਨੰਦਪੁਰ ਸਾਹਿਬ ਨੂੰ ਸਭ ਤੋਂ ਵੱਧ ਮਹਿਫ਼ੂਜ਼ ਜਗਹ ਬਣਾ ਦਿੱਤਾ।

੧੮੧੫ ਤੋਂ ਮਗਰੋਂ ਅਨੰਦਪੁਰ ਸਾਹਿਬ ਵਿੱਚ ਰੌਣਕਾਂ ਵੱਧਣ ਲੱਗ ਪਈਆਂ।

ਕਈ ਸਿੰਘ ਏਥੇ ਸੇਵਾ ਕਰਨ ਲੱਗ ਪਏ। ਕੇਸਗੜ੍ਹ 'ਚ ਗ੍ਰੰਥੀ ਦੀ ਸੇਵਾ ਕਰਨ ਵਾਲਿਆਂ ਵਿੱਚ ਭਾਈ ਕਰਮ ਸਿੰਘ, ਬਾਬਾ ਖੜਕ ਸਿੰਘ, ਭਾਈ ਬੁਧ ਸਿੰਘ, ਬਾਬਾ ਪੂਰਨ ਸਿੰਘ ਤੇ ਭਾਈ ਅਮਰ ਸਿੰਘ ਦੇ ਨਾਵਾਂ ਦਾ ਜ਼ਿਕਰ ਤਵਾਰੀਖ਼ ਦੇ ਕੁਝ ਸੋਮਿਆਂ ਵਿੱਚ ਮਿਲ ਜਾਂਦਾ ਹੈ। ਭਾਈ ਅਮਰ ਸਿੰਘ ਨੇ ੧੯੪੯ ਵਿੱਚ ਚੜ੍ਹਾਈ ਕੀਤੀ। ਉੱਨੀਵੀਂ ਸਦੀ ਦੇ ਸ਼ੁਰੂ ਤੋਂ ਗੁਰਦੁਆਰਾ ਸੁਧਾਰ ਲਹਿਰ (੧੯੨੦-੨੫) ਤੱਕ ਤਕਰੀਬਨ ਇੱਕ ਸੌ ਸਾਲ ਕੇਸਗੜ੍ਹ ਸਾਹਿਬ ਦੀ ਸੇਵਾ ਸੰਭਾਲ ਸਿਰਫ਼ ਗ੍ਰੰਥੀ ਹੀ ਕਰਦਾ ਸੀ। ਮਗਰੋਂ ਕੰਮ ਵੱਧਣ ਕਰ ਕੇ ਇਕ ਹੈੱਡ-ਗ੍ਰੰਥੀ ਤੇ ਕੁਝ ਗ੍ਰੰਥੀ ਵੀ ਤਾਈਨਾਤ ਕੀਤੇ ਗਏ। ਅਕਾਲੀ ਲਹਿਰ ਤੋਂ ਮਗਰੋਂ ਅਕਾਲ ਤਖ਼ਤ ਸਾਹਿਬ ਦੇ ਪੈਟਰਨ ਤੇ ਕੇਸਗੜ੍ਹ ਸਾਹਿਬ ਵਿੱਚ ਵੀ "ਜਥੇਦਾਰ" ਤਾਈਨਾਤ ਕਰ ਦਿੱਤਾ ਗਿਆ। "ਜਥੇਦਾਰੀ" ਦੀ ਸੇਵਾ ਕਰਨ ਵਾਲਿਆਂ ਵਿੱਚ ਗਿਆਨੀ ਰੇਸ਼ਮ ਸਿੰਘ, ਗਿ: ਪ੍ਰਤਾਪ ਸਿੰਘ ਮਲੇਵਾਲ, ਜਥੇਦਾਰ ਬੀਰ ਸਿੰਘ, ਮਾਸਟਰ ਅਜੀਤ ਸਿੰਘ ਅੰਬਾਲਵੀ, ਗਿਆਨੀ ਫ਼ੌਜਾ ਸਿੰਘ, ਗਿਆਨੀ ਬਚਿੱਤਰ ਸਿੰਘ, ਗਿ: ਸਾਧੂ ਸਿੰਘ ਭੌਰਾ, ਗਿਆਨੀ ਸ਼ਰਮ ਸਿੰਘ, ਗਿ: ਮੱਘਰ ਸਿੰਘ, ਜਥੇਦਾਰ ਗੁਰਦਿਆਲ ਸਿੰਘ ਅਜਨੋਹਾ, ਜਥੇਦਾਰ ਹਰਚਰਨ ਸਿੰਘ ਮਹਾਲੋਂ, ਭਾਈ ਸ਼ਵਿੰਦਰ ਸਿੰਘ (ਖਾੜਕੂ ਦੌਰ ਵਿੱਚ ਤਕਰੀਬਨ ਇਕ ਸਾਲ ਵਾਸਤੇ), ਭਾਈ ਬਲਬੀਰ ਸਿੰਘ ਅਤੇ ਭਾਈ ਮਨਜੀਤ ਸਿੰਘ (ਪ੍ਰੋ:) ਸ਼ਾਮਿਲ ਹਨ।

ਕੇਸਗੜ੍ਹ ਸਾਹਿਬ ਸਿੱਖ ਪੰਥ ਵਿੱਚ ਅਹਿਮ ਥਾਂ ਰੱਖਦਾ ਹੈ। ਇੱਥੇ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸੀਸ-ਭੇਟ ਕੌਤਕ ਕੀਤਾ, ਖੰਡੇ ਦੀ ਪਾਹੁਲ ਸ਼ੁਰੂ ਕੀਤੀ ਤੇ ਖਾਲਸਾ ਪ੍ਰਗਟ ਕੀਤਾ। ਇਸ ਅਸਥਾਨ ਵਾਸਤੇ ਰਾਜਿਆਂ ਮਹਾਂਰਾਜਿਆਂ ਅਤੇ ਰਈਸਾਂ ਨੇ ਸਾਲਾਨਾ ਭੇਟਾ ਨੀਅਤ ਕੀਤੀਆਂ ਹੋਈਆਂ ਸਨ। ਬਾਬਾ ਬਘੇਲ ਸਿੰਘ ਨੇ ਪਿੰਡ ਬੱਡੋਂ (ਜ਼ਿਲ੍ਹਾ ਹੁਸ਼ਿਆਰਪੁਰ) ਦਾ ਅੱਧਾ ਮੁਆਮਲਾ (ਤਕਰੀਬਨ ੧੧੫੦ ਰੁਪੈ ਸਾਲਾਨਾ) ਕੇਸਗੜ੍ਹ ਸਾਹਿਬ ਦੇ ਨਾਂ ਲੁਆਇਆ ਹੋਇਆ ਸੀ। ਸ: ਚੜ੍ਹਤ ਸਿੰਘ (ਡਲੇਵਾਲੀਆਂ ਮਿਸਲ) ਨੇ ਪਿੰਡ ਮੋਨੇਵਾਲ ਦੇ ਮੁਆਮਲੇ ਵਿਚੋਂ ੧੦੦ (ਅਤੇ ਇਕ ਹੋਰ ਪਿੰਡ ਦੇ ੭੫ ਰੁਪੈ) ਕੇਸਗੜ੍ਹ ਸਾਹਿਬ ਦੇ ਨਾਂ ਲੁਆਏ ਹੋਏ ਹਨ। ਰਿਆਸਤ ਪਟਿਆਲਾ, ਕਲਸੀਆਂ ਤੇ ਨਾਭਾ ਨੇ ਵੀ ਕੁਝ ਸਾਲਾਨਾ ਰਕਮ ਤਖ਼ਤ ਸਾਹਿਬ ਦੇ ਨਾਂ ਲੁਆਈ ਹੋਈ ਸੀ। ਤਖ਼ਤ ਕੇਸਗੜ੍ਹ ਸਾਹਿਬ ਦੇ ਨਾਲ ੩੩ ਘੁਮਾਂ ਜ਼ਮੀਨ ਸੀ। ਇਸੇ ਤਰ੍ਹਾਂ ਹੀ ਅਨੰਦਪੁਰ ਸਾਹਿਬ ਦੇ ਬਾਕੀ ਗੁਰਦੁਆਰਿਆਂ ਦੇ ਨਾਂ ਵੀ ਸਾਲਾਨਾ ਰਕਮ ਬੱਝਵੀਂ ਲਗੀ ਹੋਈ ਸੀ।

ਕੇਸਗੜ੍ਹ ਸਾਹਿਬ ਵਿਖੇ ਗੁਰੂ ਸਾਹਿਬ ਦੇ ਸ਼ਸਤਰ

ਕੇਸਗੜ੍ਹ ਸਾਹਿਬ ਦੇ ਮੁੱਖ ਹਾਲ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਸੇ ਹਾਲ ਵਿੱਚ ਵਿਚਕਾਰ ਕਰ ਕੇ ਇਕ ਵੱਖਰੀ ਚਾਰਦੀਵਾਰੀ (ਕਮਰਾ ਨੁਮਾ) ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਕੁਝ ਸਿੱਖ ਸ਼ਹੀਦਾਂ ਦੇ ਸ਼ਸਤਰ ਪਏ ਹੋਏ ਹਨ। ਇਨ੍ਹਾਂ ਵਿੱਚੋਂ ਛੇ ਸ਼ਸਤਰ ਭਾਈ ਗੁਰਬਖਸ਼ ਸਿੰਘ (ਭਾਈ ਰਾਮ ਕੁੰਵਰ,

ਬਾਬਾ ਬੁੱਢਾ ਪਰਿਵਾਰ ਦੇ ਜਾਨਸ਼ੀਨ) ਨੇ ਨੰਦੇੜ ਤੋਂ ਲਿਆਂਦੇ ਸਨ ਅਤੇ ਬਾਕੀ ਛੇ ਸ਼ਸਤਰ ਇੰਗਲੈਂਡ ਤੋਂ ੧੯੬੬ ਵਿਚ ਆਏ ਸਨ। ਇਹ ਬਾਰਾਂ ਸ਼ਸਤਰ ਹੇਠ ਲਿਖੇ ਹਨ :

੧. ਖੰਡਾ : ਕਿਹਾ ਜਾਂਦਾ ਹੈ ਕਿ ਇਹ ਉਹੀ ਖੰਡਾ ਹੈ ਜਿਸ ਨਾਲ ਸੀਸ ਭੇਟ ਕੌਤਕ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਖੰਡੇ ਦੀ ਪਾਹੁਲ' ਤਿਆਰ ਕਰ ਕੇ ਪਹਿਲੇ ਪੰਜ ਸਿੰਘਾਂ (ਪੰਜ ਪਿਆਰਿਆਂ) ਨੂੰ ਛਕਾਈ ਸੀ। ਇਹ ਖੰਡਾ ਪਹਿਲੋਂ ਕਈ ਦਹਾਕੇ ਸੋਢੀ ਪਰਿਵਾਰ ਕੋਲ ਰਿਹਾ ਸੀ ਤੇ ਮਗਰੋਂ ਉਨ੍ਹਾਂ ਨੇ ਕੇਸਗੜ੍ਹ ਸਾਹਿਬ ਤੇ ਭੇਟ ਕਰ ਦਿੱਤਾ ਸੀ। ਇਸ ਖੰਡੇ ਨੂੰ ੧੯੪੨ ਵਿੱਚ ਇੱਕ ਵਾਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ) ਲਿਜਾਇਆ ਗਿਆ ਸੀ ਤੇ ਉੱਥੋਂ ਇਸ ਨਾਲ ਅੰਮ੍ਰਿਤ ਤਿਆਰ ਕਰ ਕੇ ਛਕਾਇਆ ਗਿਆ ਸੀ। ਖੰਡੇ ਦੀ ਮਹਾਨਤਾ ਨੂੰ ਮੱਦੇ-ਨਜ਼ਰ ਰੱਖਦਿਆਂ ਇਸ ਨੂੰ ੧੯੪੨ ਤੋਂ ਮਗਰੋਂ ਮੁੜ ਕਦੇ ਵੀ ਨਹੀਂ ਵਰਤਿਆ ਗਿਆ।

੨. ਕਟਾਰ : ਇਹ ਗੁਰੂ ਸਾਹਿਬ ਦੇ ਕਮਰਕੱਸੇ ਦਾ ਸ਼ਸਤਰ ਸੀ। ਇਸ ਨੂੰ ਹੱਥੋਂ-ਹੱਥ ਲੜਾਈ ਵਿਚ ਵਰਤਿਆ ਜਾਂਦਾ ਸੀ। ਇਹ ਸੰਜੋਆਂ ਨੂੰ ਤੋੜਨ ਵਿੱਚ ਮਦਦ ਕਰਦਾ ਹੈ। ਜੇ ਹੱਥੋ-ਹੱਥ ਲੜਾਈ ਵਿੱਚ ਇਸ ਨਾਲ ਵਾਰ ਹੋ ਜਾਏ ਤਾਂ ਦੁਸ਼ਮਣ ਬਚ ਨਹੀਂ ਸਕਦਾ।

੩. ਸੈਫ਼ : ਇਹ ਦੋ-ਧਾਰਾ ਸ਼ਸਤਰ ਹੈ। ਕੁਝ ਸੋਮਿਆਂ ਮੁਤਾਬਿਕ ਇਹ ਸੈਫ਼ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਨੂੰ ਭੇਂਟ ਕੀਤੀ ਸੀ। ਆਖਿਆ ਜਾਂਦਾ ਹੈ ਕਿ ਇਹ ਸੈਫ਼ ਹਜ਼ਰਤ ਮੁਹੰਮਦ ਸਾਹਿਬ ਦੇ ਦਾਮਾਦ (ਬੀਬੀ ਫ਼ਾਤਿਮਾ ਦੇ ਖਾਵੰਦ) ਹਜ਼ਰਤ ਅਲੀ ਦੀ ਸੀ ਤੇ ਇਸ ਨੂੰ ਹਜ਼ਰਤ ਅਲੀ ਦੇ ਬੱਚਿਆਂ ਹਸਨ ਤੇ ਹੁਸੈਨ (ਜੋ ਕਰਬਲਾ ਦੀ ਲੜਾਈ ਵਿੱਚ ਸ਼ਹੀਦ ਹੋ ਗਏ ਸਨ) ਨੇ ਵੀ ਵਰਤਿਆ ਸੀ। ਇਸ ਮਗਰੋਂ ਇਹ ਸੈਫ਼ ਇਸਲਾਮੀ ਖ਼ਲੀਫ਼ਿਆਂ ਕੋਲ ਹੀ ਰਹੀ ਸੀ ਖ਼ਲੀਫ਼ਿਆਂ ਨੇ ਔਰੰਗਜ਼ੇਬ ਦੀ ਇਸਲਾਮ-ਸੇਵਾ ਨੂੰ ਮੁੱਖ ਰੱਖਦਿਆਂ ਉਸ ਨੂੰ ਭੇਂਟ ਕੀਤੀ ਸੀ। ਔਰੰਗਜ਼ੇਬ ਤੋਂ ਇਹ ਬਹਾਦਰ ਸ਼ਾਹ ਤੱਕ ਪਹੁੰਚੀ ਤੇ ਉਸ ਨੇ ਗੁਰੂ ਸਾਹਿਬ ਨੂੰ ਆਗਰਾ ਵਿਖੇ ਭੇਟ ਕੀਤੀ ਸੀ। ਇਸ ਹਿਸਾਬ ਨਾਲ ਇਸ ਸੈਫ਼ ਦੀ ਉਮਰ ੧੩੦੦ ਸਾਲ ਤੋਂ ਵੀ ਵੱਧ ਬਣਦੀ ਹੈ।

੪. ਬੰਦੂਕ : ਇਹ ਬੰਦੂਕ ਲਾਹੌਰ ਦੇ ਇੱਕ ਸਿੱਖ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਭੇਂਟ ਕੀਤੀ ਸੀ। ਗੁਰੂ ਸਾਹਿਬ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਮਗਰੋਂ ਸਿੱਖਾਂ ਨੂੰ ਹੁਕਮਨਾਮੇ ਭੇਜੇ ਸਨ ਕਿ ਉਹ ਜਦੋਂ ਵੀ ਚੱਕ ਨਾਨਕੀ-ਅਨੰਦਪੁਰ ਸਾਹਿਬ ਆਉਣ ਤਾਂ ਆਪਣੇ ਨਾਲ ਚੰਗੇ ਘੋੜੇ, ਸ਼ਸਤਰ ਤੇ ਕਿਤਾਬਾਂ ਲੈ ਕੇ ਆਉਣ। ਇਸ ਹੁਕਮਨਾਮੇ ਤੇ ਅਮਲ ਵਜੋਂ ਬਹੁਤ ਸਾਰੇ ਸ਼ਸਤਰ ਅਨੰਦਪੁਰ ਸਾਹਿਬ 'ਚ ਪੁੱਜਿਆ ਕਰਦੇ ਸਨ। ਗੁਰੂ ਸਾਹਿਬ ਨੇ ਆਪ ਵੀ ਕਿਲ੍ਹਾ ਲੋਹਗੜ੍ਹ ਵਿੱਚ ਇੱਕ ਕਾਰਖਾਨਾ ਹਥਿਆਰ ਬਣਾਉਣ ਵਾਸਤੇ ਲਾਇਆ ਹੋਇਆ ਸੀ। ਭਾਈ ਰਾਮ ਸਿੰਘ ਸਿਕਲੀਗਰ ਇਸ ਕਾਰਖਾਨੇ ਦਾ ਇੰਚਾਰਜ ਸੀ।

੫. ਨਾਗਨੀ ਬਰਛਾ : ਇਸ ਬਰਛੇ ਦਾ ਅਗਲਾ ਹਿੱਸਾ ਸੱਪਨੀ ਵਾਂਗ ਵੱਲ ਖਾਂਦਾਂ ਹੋਇਆ ਬਣਿਆ ਹੋਇਆ ਹੈ। ਇਸੇ ਕਰ ਕੇ ਇਸ ਦਾ ਨਾਂ ਨਾਗਨੀ-ਬਰਛਾ ਸੀ। ਇਸ ਦਾ ਵਾਰ ਏਨਾ ਜ਼ਬਰਦਸਤ ਹੁੰਦਾ ਸੀ ਕਿ ਇਸ ਦਾ ਮਾਰਿਆ ਨਾਗਨੀ ਦੇ ਡੰਗ ਮਾਰੇ ਜਾਣ ਵਾਂਗ ਪਾਣੀ ਵੀ ਨਹੀਂ ਸੀ ਮੰਗਦਾ। ਇਸ ਕਰ ਕੇ ਵੀ ਇਸ ਨੂੰ ਨਾਗਨੀ ਬਰਛਾ ਆਖਿਆ ਜਾਂਦਾ ਸੀ। ਇਹ ਗੁਰੂ ਸਾਹਿਬ ਦਾ ਨਿਜੀ ਬਰਛਾ ਸੀ। ਪਹਿਲੀ ਸਿਤੰਬਰ ੧੭੦੦ ਦੇ ਦਿਨ (ਤਿੰਨ ਦਿਨ ਤਿੰਨ ਕਿਲ੍ਹਿਆਂ ਦੇ ਬਾਹਰ ਲੜਾਈਆਂ ਵਿੱਚ ਮਾਤ ਖਾਣ ਮਗਰੋਂ) ਅਜਮੇਰ ਚੰਦ ਨੇ ਹੋਰ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਲੈ ਕੇ ਅਨੰਦਪੁਰ ਸਾਹਿਬ ਤੇ ਹਮਲਾ ਕਰਨਾ ਸੀ। ਉਸ ਦੀ ਫ਼ੌਜ ਦੀ ਅਗਵਾਈ ਇੱਕ ਮਦਮਸਤ ਹਾਥੀ ਨੇ ਕਰਨੀ ਸੀ। ਹਾਥੀ ਦੇ ਮੱਥੇ ਤੇ ਫ਼ੌਲਾਦੀ ਤਵੀਆਂ ਬੰਨ੍ਹੀਆਂ ਹੋਈਆਂ ਸਨ। ਗੁਰੂ ਸਾਹਿਬ ਨੇ ਆਪਣਾ ਨਾਗਨੀ ਬਰਛਾ ਭਾਈ ਬਚਿਤਰ ਸਿੰਘ ਨੂੰ ਦੇ ਕੇ ਉਸ ਮਦਮਸਤ ਹਾਥੀ ਦਾ ਮੁਕਾਬਲਾ ਕਰਨ ਵਾਸਤੇ ਭੇਜਿਆ। ਭਾਈ ਬਚਿੱਤਰ ਸਿੰਘ ਨੇ ਲੋਹਗੜ੍ਹ ਕਿਲ੍ਹੇ ਦੇ ਦਰਵਾਜ਼ੇ ਤੋਂ ਕੁਝ ਦੂਰੀ ਤੇ ਆ ਰਹੇ ਹਾਥੀ ਵੱਲ ਘੋੜਾ ਭਜਾ ਕੇ ਇਸ ਨਾਗਨੀ ਬਰਛੇ ਨਾਲ ਐਨਾ ਜ਼ਬਰਦਸਤ ਵਾਰ ਕੀਤਾ ਕਿ ਉਹ ਤਵੀਆਂ ਵਿੰਨ੍ਹਦਾ ਹਾਥੀ ਦੇ ਮੱਥੇ ਵਿੱਚ ਫਸ ਗਿਆ। ਨਾਲ ਹੀ ਭਾਈ ਬਚਿਤਰ ਸਿੰਘ ਨੇ ਬਰਛੇ ਨੂੰ ਇਕ ਦਮ ਵਾਪਿਸ ਖਿੱਚ ਲਿਆ। ਹਾਥੀ ਚੰਘਾਰੀਆਂ ਮਾਰਦਾ ਹੋਇਆ ਪਿਛਾਂਹ ਵੱਲ ਮੁੜਿਆ ਅਤੇ ਪਹਾੜੀ ਫ਼ੌਜਾਂ ਨੂੰ ਕੁਚਲਦਾ ਹੋਇਆ ਭੱਜ ਗਿਆ। ਭਾਈ ਬਚਿਤਰ ਸਿੰਘ ਨੇ ਲੜਾਈ ਮਗਰੋਂ ਇਹ ਬਰਛਾ ਫੇਰ ਗੁਰੂ ਸਾਹਿਬ ਨੂੰ ਵਾਪਿਸ ਕਰ ਦਿੱਤਾ।

੬. ਕਰਪਾ ਬਰਛਾ : ਹੱਥ ਦੀ ਤਲੀ ਵਰਗੀ ਚੌੜੀ ਸ਼ਕਲ ਹੋਣ ਕਰ ਕੇ ਇਸ ਨੂੰ ਕਰਪਾ ਬਰਛਾ ਆਖਿਆ ਜਾਂਦਾ ਹੈ। ਇਹ ਬਰਛਾ ਵੀ ਗੁਰੂ ਸਾਹਿਬ ਦਾ ਆਪਣਾ ਸੀ। ਇਸ ਦੀ ਵਰਤੋਂ ਘੱਟੋ-ਘੱਟ ਦੋ ਤਵਾਰੀਖ਼ੀ ਮੌਕਿਆਂ ਤੇ ਹੋਈ ਸੀ। ੧੬੭੩ ਵਿੱਚ ਗੁਰੂ ਸਾਹਿਬ ਦੀ ਕੁੜਮਾਈ ਮਾਤਾ ਜੀਤ ਕੌਰ ਨਾਲ ਹੋਈ ਸੀ ਮਾਤਾ ਜੀਤ ਕੌਰ ਦੇ ਪਿਤਾ ਦੀ ਖ਼ਾਹਿਸ਼ ਸੀ ਕਿ ਗੁਰੂ ਸਾਹਿਬ ਬਾਰਾਤ ਲੈ ਕੇ ਲਾਹੌਰ ਆਉਣ। ੧੬੭੫ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਸ਼ਹੀਦ ਹੋ ਗਏ। ਇਸ ਹਾਲਤ ਵਿਚ ਸ਼ਾਦੀ ਦਾ ਸਵਾਲ ਅੱਗੇ ਪੈ ਗਿਆ। ਜਦੋਂ ੧੬੭੭ ਵਿੱਚ ਸ਼ਾਦੀ ਦੀ ਗੱਲ ਫੇਰ ਚਲੀ ਤਾਂ ਗੁਰੂ ਸਾਹਿਬ ਨੇ ਹਰਜਸ ਰਾਇ ਸੁਭਿਖੀ ਦੀ, ਬਾਰਾਤ ਲਾਹੌਰ ਲਿਜਾਣ ਦੀ, ਖਾਹਿਸ਼ ਨੂੰ ਪੂਰਾ ਕਰਨ ਵਾਸਤੇ ਅਨੰਦਪੁਰ ਸਾਹਿਬ ਤੋਂ ੧੧ ਕਿਲੋਮੀਟਰ "ਗੁਰੂ ਕਾ ਲਾਹੌਰ" ਨਾਂ ਦਾ ਨਵਾਂ ਨਗਰ ਵਸਾਉਣ ਦਾ ਫ਼ੈਸਲਾ ਕੀਤਾ। ਨਵਾਂ ਨਗਰ ਵਸਾਉਣ ਵੇਲੇ ਉਥੇ ਪਾਣੀ ਦੀ ਕਿੱਲਤ ਨਜ਼ਰ ਆਈ ਤਾਂ ਗੁਰੂ ਸਾਹਿਬ ਨੇ ਇਸ ਬਰਛੇ ਨਾਲ ਜ਼ਮੀਨ 'ਚੋਂ ਪਾਣੀ ਦਾ ਝਰਨਾ ਵਗਾਇਆ। ਰਿਵਾਇਤ ਮੁਤਾਬਿਕ ਗੁਰੂ ਸਾਹਿਬ ਨੇ ਇਸ ਬਰਛੇ ਦੇ ਵਾਰ ਨਾਲ ਜ਼ਮੀਨ 'ਚ ਤਿੰਨ ਨਿਸ਼ਾਨ ਪਾਏ। ਇਸ ਨਾਲ ਪਾਣੀ ਦੀਆਂ ਤਿੰਨ ਧਾਰਾਂ ਫੁਟ ਪਈਆਂ।

ਇਸ ਕਰਪਾ ਬਰਛੇ ਦਾ ਨਾਂ ਤਵਾਰੀਖ਼ 'ਚ ਇਕ ਹੋਰ ਘਟਨਾ ਕਰ ਕੇ ਵੀ

ਆਉਂਦਾ ਹੈ। ਪਹਿਲੀ ਸਿਤੰਬਰ ੧੭੦੦ ਦੇ ਦਿਨ ਲੋਹਗੜ੍ਹ ਤੇ ਹਮਲਾਵਰ ਪਹਾੜੀ ਫ਼ੌਜ ਦਾ ਲੀਡਰ ਕੇਸਰੀ ਚੰਦ (ਅਜਮੇਰ ਚੰਦ ਬਿਲਾਸਪੁਰੀਏ ਦਾ ਮਾਮਾ) ਸੀ। ਉਹ ਟੁਰਨ ਵੇਲੇ ਇਹ ਆਖ ਕੇ ਚਲਿਆ ਸੀ ਕਿ "ਜੇ ਮੈਂ ਅੱਜ ਦੀ ਲੜਾਈ ਵਿੱਚ ਹਾਰ ਗਿਆ ਤਾਂ ਵਾਪਿਸ ਆਪਣਾ ਮੂੰਹ ਨਹੀਂ ਦਿਖਾਵਾਂਗਾ।" ਭਾਈ ਉਦੈ ਸਿੰਘ ਨੇ ਗੁਰੂ ਸਾਹਿਬ ਤੋਂ ਇਸ ਦਾ ਮੁਕਾਬਲਾ ਕਰਨ ਵਾਸਤੇ ਥਾਪਣਾ ਲਈ। ਗੁਰੂ ਸਾਹਿਬ ਨੇ ਉਸ ਨੂੰ ਆਪਣਾ ਕਰਪਾ ਬਰਛਾ ਸੌਂਪ ਦਿੱਤਾ। ਲੋਹਗੜ੍ਹ ਵੱਲ ਆਉਂਦੇ ਪਹਾੜੀ ਫ਼ੌਜ ਦੇ ਅੱਗੇ ਚੱਲ ਰਹੇ ਮਦਮਸਤ ਹਾਥੀ ਨੂੰ ਭਾਈ ਬਚਿੱਤਰ ਸਿੰਘ ਨੇ ਮੋੜਿਆ। ਇਸ ਮਗਰੋਂ ਭਾਈ ਉਦੈ ਸਿੰਘ ਰਾਜਾ ਕੇਸਰੀ ਚੰਦ ਕੋਲ ਜਾ ਪਹੁੰਚਿਆ ਅਤੇ ਫੁਰਤੀ ਨਾਲ ਉਸ ਦਾ ਸਿਰ ਵੱਢ ਲਿਆ ਅਤੇ ਇਸ ਬਰਛੇ ਤੇ ਰੱਖ ਕੇ ਗੁਰੂ ਸਾਹਿਬ ਕੋਲ ਅਨੰਦਗੜ੍ਹ ਕਿਲ੍ਹੇ ਵਿੱਚ ਪੁੱਜ ਕੇ ਉਨ੍ਹਾਂ ਦੇ ਚਰਨਾਂ ਵਿੱਚ ਭੇਂਟ ਕੀਤਾ। ਪਹਾੜੀ ਫ਼ੌਜਾਂ ਨੇ ਕੇਸਰੀ ਚੰਦ ਦਾ ਸਿਰ ਲਿਜਾਂਦੇ ਭਾਈ ਉਦੈ ਸਿੰਘ ਤੇ ਕਈ ਤੀਰ ਚਲਾਏ ਜਿਨ੍ਹਾਂ ਵਿੱਚੋਂ ਕਈ ਬਰਛੇ ਨੂੰ ਵੀ ਵੱਜੇ। ਉਨ੍ਹਾਂ ਦੀਆਂ ਨਿਸ਼ਾਨੀਆਂ ਇਸ ਬਰਛੇ ਤੇ ਲਗੀਆਂ ਹੋਈਆਂ ਹਨ। ਇੰਞ ਹੀ ਗੋਲੀ ਦਾ ਵੀ ਇਕ ਅੱਧ ਨਿਸ਼ਾਨ ਵੀ ਨਜ਼ਰ ਆਉਂਦਾ ਹੈ।

ਇੰਗਲੈਂਡ ਤੋਂ ਆਏ ਸ਼ਸਤਰ

੭. ਵੱਡਾ ਬਰਛਾ, ੮. ਛੋਟਾ ਬਰਛਾ, ੯, ਸ਼ਮਸ਼ੀਰ-ਇ-ਤੇਗ਼, ੧੦. ਦਾਹੇ-ਆਹਨੀ, ੧੧. ਸੁਨਹਿਰੀ ਚੱਕਰ, ੧੨. ਗੱਡੇ ਦੀ ਖੱਲ ਵਿਚ ਬਣੀ ਹੋਈ ਢਾਲ।

ਕੇਸਗੜ੍ਹ ਸਾਹਿਬ ਤਖ਼ਤ ਦੇ ਵੀ ਸੀ ਅਤੇ ਇਕ ਕਿਲ੍ਹਾ ਵੀ ਸੀ। ਇਸ ਕਿਲ੍ਹੇ ਤੋਂ ਇਲਾਵਾ ਗੁਰੂ ਸਾਹਿਬ, ਵੱਲੋਂ ਬਣਾਏ ਗਏ ਹੋਰ ਕਿਲ੍ਹੇ ਹੇਠ ਲਿਖੇ ਸਨ। ਅੱਜ ਕਲ੍ਹ ਇਨ੍ਹਾਂ ਕਿਲ੍ਹਿਆਂ ਵਾਲੀਆਂ ਜਗਹ ਤੇ ਗੁਰਦੁਆਰੇ ਬਣੇ ਹੋਏ ਹਨ।

ਕਿਲ੍ਹਾ ਅਨੰਦਗੜ੍ਹ ਸਾਹਿਬ

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਭ ਤੋਂ ਪਹਿਲਾਂ ਇਹੀ ਕਿਲ੍ਹਾ ਬਣਾਇਆ ਸੀ। ਇਹ ਅਪ੍ਰੈਲ ੧੬੯੯ ਵਿੱਚ ਬਣਨਾ ਸ਼ੁਰੂ ਹੋਇਆ ਸੀ ਅਤੇ ਕੁਝ ਹੀ ਹਫ਼ਤਿਆਂ ਵਿੱਚ ਸਾਰੀ ਸੰਗਤ ਨੇ ਕਾਰ ਸੇਵਾ ਕਰ ਕੇ ਤਿਆਰ ਕਰ ਦਿੱਤਾ ਸੀ। ਕੁਝ ਚਿਰ ਮਗਰੋਂ ਗੁਰੂ ਸਾਹਿਬ ਇੱਥੇ ਰਹਿਣ ਵੀ ਲੱਗ ਪਏ ਸਨ। ਕਿਲ੍ਹਾ ਅਨੰਦਗੜ੍ਹ ਸਾਹਿਬ ਰੋਪੜ ਵੱਲੋਂ ਆਉਂਦਿਆਂ ਸੱਜੇ ਹੱਥ ਆਉਂਦਾ ਹੈ। ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਪੁਰਾਣੀ ਈਮਾਰਤ ਨੂੰ ਅਜਮੇਰ ਚੰਦ ਦੀਆਂ ਫ਼ੌਜਾਂ ਨੇ ੧੭੦੫-੦੬ ਵਿੱਚ ਹੀ ਢਾਹ ਢੇਰੀ ਕਰ ਦਿੱਤਾ ਸੀ। ਫਿਰ ਸਿੱਖਾਂ ਨੇ ਕਈ ਸਾਲ ਮਗਰੋਂ ਇਥੇ ਗੁਰਦੁਆਰਾ ਕਾਇਮ ਕੀਤਾ ਸੀ। ਇਸ ਦੀ ਪਹਿਲੀ ਕਾਰ ਸੇਵਾ ੧੯੧੨ ਵਿੱਚ ਹੋਈ ਸੀ। ਨਵੀਂ ਈਮਾਰਤ ਬਣਾਉਣ ਦੀ ਸ਼ੁਰੂਆਤ ੧੫ ਨਵੰਬਰ ੧੯੩੩ ਦੇ ਦਿਨ ਕੀਤੀ ਗਈ। ਦਿਸੰਬਰ ੧੯੩੪ ਤੱਕ ਇਹ ਈਮਾਰਤ ਤਿਆਰ ਹੋ ਚੁੱਕੀ ਸੀ। ਇਸ ਮਗਰੋਂ ਵੀ ਇਸ ਦੇ

ਉਪਰਲੇ ਹਿੱਸੇ ਤੇ ਕੰਮ ਹੁੰਦਾ ਰਿਹਾ ਅਤੇ ਇਸ ਦੀ ਕਾਰ ਸੇਵਾ ੧੯੬੦ ਤੱਕ ਚਲਦੀ ਰਹੀ। ਫਿਰ ੧੯੭੩ ਵਿੱਚ ਗੁਰੂ ਗੋਬਿੰਦ ਸਿੰਘ ਮਾਰਗ ਵੇਲੇ ਵੀ ਇਸ ਦੀ ਮੁਰੰਮਤ ਹੋਈ ਤੇ ਨਵੀਂ ਉਸਾਰੀ ਵੀ ਹੁੰਦੀ ਰਹੀ। ੧੯੯੫ ਤੋਂ ਮਗਰੋਂ ਅਨੰਦਗੜ੍ਹ ਕਿਲ੍ਹੇ ਦੀ ਪਹਾੜ ਵਾਲੀ ਬਾਹੀ ਵੱਲ ਲੰਗਰ ਤੇ ਸਰਾਂ ਦੀ ਈਮਾਰਤ ਬਣਾਈ ਗਈ। ਇਸ ਨਾਲ ਪੁਰਾਣੀ ਈਮਾਰਤ ਦੀਆਂ ਰਹਿੰਦੀਆਂ ਖੂਹੰਦੀਆਂ ਨਿਸ਼ਾਨੀਆਂ ਵੀ ਖ਼ਤਮ ਹੋ ਗਈਆਂ।

ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਬਾਉਲੀ ਸ੍ਰ: ਜੱਸਾ ਸਿੰਘ ਆਹਲੂਵਾਲੀਆ ਨੇ ਬਣਾਈ ਸੀ। ਇਸ ਬਾਉਲੀ ਦਾ ਖੂਹ ਗੁਰੂ ਸਾਹਿਬ ਦੇ ਵੇਲੇ ਦਾ ਸੀ। ਇਸ ਬਾਉਲੀ ਦੀ ਕਾਰ ਸੇਵਾ ਵੀ ਡੇਢ ਸੌ ਸਾਲ ਤੱਕ ਨਹੀਂ ਸੀ ਹੋ ਸਕੀ। ਅਖੀਰ ੧੯੫੦ ਦੇ ਦੁਆਲੇ ਇਸ ਪਰਾਜੈਕਟ ਨੂੰ ਸ਼ੁਰੂ ਕੀਤਾ ਗਿਆ।

ਕਿਲ੍ਹਾ ਅਨੰਦਗੜ੍ਹ ਸਾਹਿਬ ਕਿਲ੍ਹਾ ਲੋਹਗੜ੍ਹ ਤੋਂ ਬਾਅਦ ਦੂਜਾ ਵੱਡਾ ਸੈਂਟਰ ਸੀ। ਕਿਲ੍ਹਾ ਅਨੰਦਗੜ੍ਹ ਦੁਸ਼ਮਣ ਦੇ ਹਮਲੇ ਦੇ ਸੂਰਤ ਵਿੱਚ ਸਭ ਤੋਂ ਵੱਧ ਮਹਿਫ਼ੂਜ਼ ਜਗਹ ਸੀ। ਇਸ ਦੇ ਇੱਕ ਪਾਸੇ ਦਰਿਆ ਤੇ ਦੂਜੇ ਪਾਸੇ ਪਹਾੜ ਦੀ ਦੀਵਾਰ ਸੀ। ੫-੬ ਦਿਸੰਬਰ ੧੭੦੫ ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਉਹ ਇੱਥੋਂ ਹੀ ਕੀਰਤਪੁਰ ਸਾਹਿਬ ਵੱਲ ਟੁਰੇ ਸਨ। ਤਕਰੀਬਨ ੧੫ ਸਾਲ ਤਕ ਗੁਰੂ ਸਾਹਿਬ ਇਸ ਕਿਲ੍ਹੇ ਵਿੱਚ ਹੀ ਰਹੇ ਸਨ। ਆਪ ਦਾ ਪਰਿਵਾਰ ਚੱਕ ਨਾਨਕੀ "ਗੁਰੂ ਦੇ ਮਹਲ" ਵਿੱਚ ਰਹਿੰਦਾ ਸੀ ਪਰ ਆਪ ਫ਼ੌਜਾਂ ਦੀ ਨਿਗਰਾਨੀ ਕਰਦੇ ਅਕਸਰ ਇੱਥੇ ਹੀ ਰਿਹਾ ਕਰਦੇ ਸਨ। ਅਨੰਦਗੜ੍ਹ ਸਾਹਿਬ ਫ਼ੌਜੀ ਪੱਖ ਤੋਂ ਸੈਂਟਰ ਸੀ ਅਤੇ ਸ਼ਸਤਰ ਤੇ ਗੋਲਾ ਬਾਰੂਦ ਸਾਰਾ ਏਥੇ ਹੀ ਸਟਾਕ ਕੀਤਾ ਹੁੰਦਾ ਸੀ। ਦੁਸ਼ਮਣਾਂ ਦੀਆਂ ਫ਼ੌਜਾਂ ਨੇ ਇਸ ਕਿਲ੍ਹੇ ਤੇ ਕਈ ਵਾਰ ਹਮਲੇ ਕੀਤੇ ਪਰ ਹਰ ਵਾਰ ਮੂੰਹ ਦੀ ਖਾਧੀ।

ਕੇਸਗੜ੍ਹ ਸਾਹਿਬ ਵਾਂਗ ਅਨੰਦਗੜ੍ਹ ਸਾਹਿਬ ਦੇ ਨਾਂ ਤੇ ਵੀ ਬੱਝੀ ਸਾਲਾਨਾ ਆਮਦਨ ਹੁੰਦੀ ਸੀ। ਵੱਖ ਵੱਖ ਸਿੱਖ ਰਿਆਸਤਾਂ ਨੇ ਪਿੰਡਾਂ ਦਾ ਮਾਲੀਆ ਤੇ ਹੋਰ ਰਕਮ ਅਨੰਦਗੜ੍ਹ ਸਾਹਿਬ ਦੇ ਨਾਂ ਲਾਈ ਹੋਈ ਸੀ। ਇੱਕ ਅੰਦਾਜ਼ੇ ਮੁਤਾਬਿਕ ਅਨੰਦਗੜ੍ਹ ਸਾਹਿਬ ਦੀ ਸਾਲਾਨਾ ਆਮਦਨੀ ੧੬੦੦ ਰੁਪੈ ਸੀ। ਇਹ ਰਕਮ ਉਨੀਵੀਂ ਸਦੀ ਤੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਬੜੀ ਵੱਡੀ ਰਕਮ ਹੁੰਦੀ ਸੀ। ਅਨੰਦਗੜ੍ਹ ਦੀ ਕੁਲ ਜ਼ਮੀਨ ੧੨੫ ਘੁਮਾਂ ਸੀ। ਇਸ ਵਕਤ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਗੁਰਦੁਆਰੇ ਦੇ ਨਾਲ ਇਕ ਬੜੀ ਵੱਡੀ ਸਰਾਂ ਬਣੀ ਹੋਈ ਹੈ। ਇੱਥੇ ਤਕਰੀਬਨ ਢਾਈ ਸੌ ਕਮਰੇ ਮੁਸਾਫ਼ਿਰਾਂ ਵਾਸਤੇ ਬਣੇ ਹੋਏ ਹਨ। ਇਨ੍ਹਾਂ ਵਿੱਚ ੫੦ ਤੋਂ ਵੱਧ ਕਮਰਿਆਂ ਨਾਲ ਬਾਥਰੂਮ ਵੀ ਬਣੇ ਹੋਏ ਹਨ। ਇਨ੍ਹਾਂ ਦਾ ਦਰਸ਼ਨੀ ਦਰਵਾਜ਼ਾ ਜੋ ਪਹਿਲੀ ਵਾਰ ੧੯੩੩ ਵਿੱਚ ਬਣਿਆ ਸੀ, ਹੁਣ ਹੋਰ ਵੀ ਸਜਾਇਆ ਜਾ ਚੁੱਕਾ ਹੈ। ਇੱਥੋਂ ਸਵਾ ਸੌ ਪੱਕੀਆਂ ਪੌੜੀਆਂ ਚੜ੍ਹ ਕੇ ਕਿਲ੍ਹੇ ਦੇ ਸਿਰੇ ਤੇ ਪਹੁੰਚਿਆ ਜਾਂਦਾ ਹੈ। ਕਿਲ੍ਹਾ ਅਨੰਦਗੜ੍ਹ ਵੱਲ ਕੇਸਗੜ੍ਹ ਸਾਹਿਬ ਵੱਲੋਂ ਪੱਕੀ ਸੜਕ ਵੀ ਆਉਂਦੀ

ਹੈ ਅਤੇ ਮੋਟਰਾਂ ਗੁਰਦੁਆਰੇ ਦੀਆਂ ਪੌੜੀਆਂ ਤੱਕ ਪਹੁੰਚਦੀਆਂ ਹਨ। ਇਸ ਕਿਲ੍ਹੇ ਦੀ ਪਹਾੜੀ ਕੱਚੀ ਸੀ। ਇਸ ਨੂੰ ਖੁਰ ਜਾਣ ਤੋਂ ਰੋਕਣ ਵਾਸਤੇ ੨੦-੨੫ ਲੱਖ ਇੱਟਾਂ ਤੋਂ ਇਲਾਵਾ ਬਹੁਤ ਸਾਰਾ ਸੀਮੈਂਟ ਤੇ ਲੋਹਾ ਪਾ ਕੇ ਇਕ ਬੜੀ ਜ਼ਬਰਦਸਤ ਕੰਧ ਬਣਾਈ ਗਈ ਹੈ। ਇਸ ਦੀਵਾਰ ਉੱਤੇ ਲੋਹੇ ਦੇ ਜਾਲ ਪਾ ਕੇ ਨੀਹਾਂ ਬੜੀਆਂ ਮਜ਼ਬੂਤ ਕੀਤੀਆਂ ਹੋਈਆਂ ਹਨ। ਗੁਰਦੁਆਰੇ ਦਾ ਗੁੰਬਦ ਵੀ ਲੋਹੇ ਤੇ ਬਜਰੀ ਦਾ ਬਣਿਆ ਹੋਇਆ ਹੈ ਤੇ ਇਸ ਕਰ ਕੇ ਬਹੁਤ ਮਜ਼ਬੂਤ ਹੈ। ਗੁੰਬਦ ਉੱਤੇ ਇਕ ਸੋਨੇ ਦਾ ਕਲਸ ਵੀ ਲਗਾ ਹੋਇਆ ਹੈ।

ਕਿਲ੍ਹਾ ਲੋਹਗੜ੍ਹ ਸਾਹਿਬ

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਣਵਾਏ ਕਿਲ੍ਹਿਆਂ ਵਿਚੋਂ ਕਿਲ੍ਹਾ ਲੋਹਗੜ੍ਹ ਵੀ ਖ਼ਾਸ ਅਹਮੀਅਤ ਰੱਖਦਾ ਸੀ। ਇਹ ਕਿਲ੍ਹਾ 'ਚੱਕ ਨਾਨਕੀ' ਦੇ ਸਿਰੇ ਤੇ ਚਰਨ ਗੰਗਾ ਨਾਲੇ ਦੇ ਕੰਢੇ ਤੇ ਸੀ। ਕਿਲ੍ਹਾ ਲੋਹਗੜ੍ਹ, ਕਿਲ੍ਹਾ ਅਨੰਦਗੜ੍ਹ ਤੋਂ ਬਾਅਦ ਦੂਜੇ ਨੰਬਰ ਤੇ ਵਧੇਰੇ ਤਕੜਾ ਕਿਲ੍ਹਾ ਸੀ। ਇਸ ਵਿੱਚ ਗੁਰੂ ਸਾਹਿਬ ਨੇ ਹਥਿਆਰ ਬਣਾਉਣ ਦਾ ਇੱਕ ਕਾਰਖਾਨਾ ਲਾਇਆ ਹੋਇਆ ਸੀ। ਭਾਈ ਰਾਮ ਸਿੰਘ ਸਿਕਲੀਗਰ ਇਸ ਕਾਰਖਾਨੇ ਦੇ ਇੰਚਾਰਜ ਸਨ। ਲੋਹਗੜ੍ਹ ਦੇ ਕਿਲ੍ਹੇ ਦਾ ਗੇਟ ਬਹੁਤ ਮਜ਼ਬੂਤ ਸੀ। ਪਹਾੜੀ ਰਾਜਿਆਂ ਨੇ ਅਨੰਦਪੁਰ ਸਾਹਿਬ ਦੇ ਸਾਰੇ ਕਿਲ੍ਹਿਆਂ ਤੇ ਹਮਲੇ ਕੀਤੇ ਸਨ ਤੇ ਹਰ ਜਗਹ ਤੇ ਮਾਤ ਖਾਧੀ ਸੀ ਪਰ ਲੋਹਗੜ੍ਹ ਤੇ ਉਹ ਹਮਲਾ ਕਰਨੋਂ ਉਂਞ ਹੀ ਝਿਜਕਦੇ ਸਨ ਕਿਉਂ ਕਿ ਇਸ ਦਾ ਗੇਟ ਤੋੜਨਾ ਉਨ੍ਹਾਂ ਦੇ ਵਸ ਵਿੱਚ ਨਹੀਂ ਸੀ। ੨੯ ਤੋਂ ੩੧ ਅਗਸਤ ੧੭੦੦ ਤੱਕ ਜਦੋਂ ਤਿੰਨ ਦਿਨ ਵੱਖ ਕਿਲ੍ਹਿਆਂ (ਤਾਰਾਗੜ੍ਹ, ਫ਼ਤਹਿਗੜ੍ਹ ਅਤੇ ਅਗੰਮਗੜ੍ਹ) ਤੇ ਹਮਲਾ ਕਰ ਕੇ ਪਹਾੜੀ ਫੌਜਾਂ ਹਾਰ ਗਈਆਂ ਤਾਂ ਉਨ੍ਹਾਂ ਨੇ ਚੌਥੇ ਦਿਨ, ਪਹਿਲੀ ਸਿਤੰਬਰ ੧੭੦੦ ਦੇ ਦਿਨ, ਕਿਲ੍ਹਾ ਲੋਹਗੜ੍ਹ ਤੇ ਹਮਲਾ ਕਰਨ ਵਾਸਤੇ ਮਦਮਸਤ ਹਾਥੀ ਨੂੰ ਅੱਗੇ ਕੀਤਾ। ਇਸ ਮਦਮਸਤ ਹਾਥੀ ਨੂੰ ਇਸ ਕਿਲ੍ਹਾ ਲੋਹਗੜ੍ਹ ਦੇ ਗੇਟ ਦੇ ਨੇੜੇ ਭਾਈ ਬਚਿੱਤਰ ਸਿੰਘ ਨੇ ਨਾਗਨੀ ਬਰਛਾ ਮਾਰ ਕੇ ਮੋੜਿਆ ਸੀ। ਇਸੇ ਜਗਹ ਤੇ ਭਾਈ ਉਦੈ ਸਿੰਘ ਨੇ ਰਾਜਾ ਕੇਸਰੀ ਚੰਦ ਦਾ ਸਿਰ ਵੱਢਿਆ ਸੀ। ਇਸੇ ਦਿਨ ਹੀ ਭਾਈ ਮਨੀ ਸਿੰਘ ਦਾ ਚਾਚਾ ਭਾਈ ਆਲਮ ਸਿੰਘ (ਪੁੱਤਰ ਭਾਈ ਦਰੀਆ), ਭਾਈ ਸੁੱਖਾ ਸਿੰਘ (ਪੁੱਤਰ ਭਾਈ ਰਾਇ ਸਿੰਘ), ਭਾਈ ਖੁਸ਼ਹਾਲ ਸਿੰਘ (ਪੁੱਤਰ ਭਾਈ ਮੱਖਣ ਸ਼ਾਹ ਲੁਬਾਣਾ) ਸ਼ਹੀਦ ਹੋਏ ਅਤੇ ਭਾਈ ਮਨੀ ਸਿੰਘ ਸਖ਼ਤ ਜ਼ਖ਼ਮੀ ਹੋਏ ਸਨ। ਇੱਥੇ ਹੀ ਇਨ੍ਹਾਂ ਦੇ ਨਾਲ-ਨਾਲ ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ (ਦੋਵੇਂ ਚਮਕੌਰ ਦੇ ਸ਼ਹੀਦ) ਤੇ ਭਾਈ ਆਲਮ ਸਿੰਘ 'ਨੱਚਣਾ' ਵੀ ਡੱਟ ਕੇ ਜੂਝੇ ਸਨ। ਦਿਸੰਬਰ ੧੭੦੫ ਤੇ ਜਨਵਰੀ ੧੭੦੬ ਦੇ ਵਿਚਕਾਰ ਪਹਾੜੀ ਫ਼ੌਜਾਂ ਨੇ ਇਸ ਕਿਲ੍ਹੇ ਨੂੰ ਵੀ ਢਾਹ ਦਿੱਤਾ ਸੀ। ਹੁਣ ਵਾਲੀ ਈਮਾਰਤ ੧੯੮੫ ਵਿਚ ਬਣੀ ਸੀ।

ਕਿਲ੍ਹਾ ਹੋਲਗੜ੍ਹ ਤੇ ਅਗੰਮਗੜ੍ਹ ਸਾਹਿਬ

ਕਿਲ੍ਹਾ ਹੋਲਗੜ੍ਹ ਗੁਰਦੁਆਰਾ ਪਿੰਡ ਅਗੰਮਪੁਰਾ ਦੀ ਹਦੂਦ ਵਿੱਚ ਬਣਿਆ ਹੋਇਆ ਹੈ। ਇਹ ਅਨੰਦਪੁਰ ਸਾਹਿਬ ਤੋਂ ਤਕਰੀਬਨ ਇਕ ਕਿਲੋਮੀਟਰ ਦੂਰ ਹੈ। ਤਵਾਰੀਖ਼ ਦੇ ਕੁਝ ਸੋਮਿਆਂ ਮੁਤਾਬਿਕ ਜਿਸ ਜਗਹ ਗੁਰਦੁਆਰਾ ਕਿਲ੍ਹਾ ਹੋਲਗੜ੍ਹ ਹੈ ਉੱਥੇ ਕਿਲ੍ਹਾ ਅਗੰਮਗੜ੍ਹ ਹੁੰਦਾ ਸੀ ਅਤੇ ਕਿਲ੍ਹਾ ਹੋਲਗੜ੍ਹ ਚਰਨ ਗੰਗਾ ਦੇ ਇਸ ਪਾਸੇ ਹੁੰਦਾ ਸੀ। ਕਿਲ੍ਹਾ ਹੋਲਗੜ੍ਹ ਦਾ ਨਾਂ 'ਹੋਲਾ ਮਹੱਲਾ' ਨਾਲ ਵੀ ਜੁੜਿਆ ਹੋਇਆ ਹੈ। ਹੋਲੀਆਂ ਦੇ ਦਿਨਾਂ ਵਿੱਚ ਹਿੰਦੂ ਇਕ ਦੂਜੇ ਤੇ ਰੰਗ ਸੁੱਟ ਕੇ ਕੱਪੜੇ ਖਰਾਬ ਕਰਿਆ ਕਰਦੇ ਸਨ। ਸਿੱਖਾਂ ਨੂੰ ਇਸ ਫ਼ਜ਼ੂਲ ਰਸਮ ਤੋਂ ਹਟਾਉਣ ਵਾਸਤੇ ਗੁਰੂ ਸਾਹਿਬ ਨੇ ਹੋਲਾ ਮਹੱਲਾ ਸ਼ੁਰੂ ਕੀਤਾ ਸੀ। ਇਸ ਜਲੂਸ ਦੇ ਹੋਲਗੜ੍ਹ ਪੁੱਜਣ ਮਗਰੋਂ ਉਥੇ ਘੋੜ-ਸਵਾਰੀ, ਨੇਜ਼ਾਬਾਜ਼ੀ, ਤਲਵਾਰਬਾਜ਼ੀ, ਗਤਕਾ ਤੇ ਕੁਸ਼ਤੀਆਂ ਦੇ ਮੁਕਾਬਲੇ ਹੋਇਆ ਕਰਦੇ ਸਨ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਹੋਲਗੜ੍ਹ ਕਿਲ੍ਹੇ ਦੇ ਅੱਗੇ ਚਰਨ ਗੰਗਾ ਦਾ ਬੜਾ ਖੁਲ੍ਹਾ ਮੈਦਾਨ ਸੀ। ਹੋਲਗੜ੍ਹ ਤੇ ਅਗੰਮਗੜ੍ਹ ਕਿਲ੍ਹੇ ਬਾਰੇ ਭੱਟ ਵਹੀਆਂ ਅਤੇ "ਗੁਰੂ ਕੀਆਂ ਸਾਖੀਆਂ" ਵਿੱਚ ਸਾਫ਼ ਸਾਫ਼ ਲਫ਼ਜ਼ਾਂ ਵਿੱਚ ਇਹ ਜ਼ਿਕਰ ਮਿਲਦਾ ਹੈ ਕਿ ਦੋਵੇਂ ਕਿਲ੍ਹੇ ਮੌਜੂਦ ਸਨ। ਪਹਾੜੀ ਫ਼ੌਜਾਂ ਨੇ ਕਿਲ੍ਹਾ ਅਗੰਮਗੜ੍ਹ ਤੇ ਹਮਲਾ ਕੀਤਾ ਸੀ ਕਿਉਂ ਕਿ ਇਹ ਚਰਨ ਗੰਗਾ ਦੇ ਪਰਲੇ ਪਾਰ ਪਿੰਡ ਅਗੰਮਗੜ੍ਹ ਵਿੱਚ ਸੀ। ਚਰਨ ਗੰਗਾ ਪਾਰ ਕਰ ਕੇ ਇਸ ਪਾਸੇ ਕਿਲ੍ਹਾ "ਹੋਲਗੜ੍ਹ" ਤੇ ਹਮਲਾ ਕਰਨ ਦਾ ਮਤਲਬ ਚੱਕ ਨਾਨਕੀ ਤੇ ਅਨੰਦਪੁਰ ਸਾਹਿਬ 'ਚ ਪਹੁੰਚ ਜਾਣਾ ਸੀ ਤੇ ਅੱਗੋਂ ਕੇਸਗੜ੍ਹ ਤੇ ਹਮਲਾ ਕੀਤੇ ਜਾ ਸਕਣ ਦੀ ਉਮੀਦ ਵੀ ਹੋ ਸਕਦੀ ਸੀ। ਇਕ ਸੋਮੇ ਮੁਤਾਬਿਕ ਕਿਲ੍ਹਾ ਹੋਲਗੜ੍ਹ ਚਰਨ ਗੰਗਾ ਦੇ ਉਰਲੇ ਪਾਸੇ ਅਤੇ ਕਿਲ੍ਹਾ ਅਗੰਮਗੜ੍ਹ ਚਰਨ ਗੰਗਾ ਦੇ ਪਾਰ ਪਿੰਡ ਅਗੰਮਗੜ੍ਹ ਵਿਚ ਸੀ। ਦੂਜੇ ਸੋਮਿਆਂ ਮੁਤਾਬਿਕ ਕਿਲ੍ਹਾ ਹੋਲਗੜ੍ਹ ਪਿੰਡ ਅਗੰਮਪੁਰ ਵਿਚ ਸੀ ਤੇ ਇਸੇ ਕਰ ਕੇ ਇਸ ਨੂੰ ਕਿਲ੍ਹਾ ਅਗੰਮਗੜ੍ਹ ਵੀ ਆਖਦੇ ਸਨ। ਅਗਸਤ ੧੭੦੦ ਦੀ ਚਾਰ ਰੋਜ਼ਾ ਲੜਾਈ ਦੇ ਤੀਜੇ ਦਿਨ ੩੧ ਅਗਸਤ ਨੂੰ ਪਹਾੜੀ ਫ਼ੌਜਾਂ ਨੇ ਕਿਲ੍ਹਾ ਅਗੰਮਗੜ੍ਹ ਤੇ ਵੀ ਹਮਲਾ ਕੀਤਾ ਸੀ। ਇਸ ਲੜਾਈ ਵਿੱਚ ਭਾਈ ਮਨੀ ਸਿੰਘ ਦਾ ਚਚੇਰਾ ਭਰਾ ਭਾਈ ਬਾਘ ਸਿੰਘ (ਪੁੱਤਰ ਭਾਈ ਰਾਇ ਸਿੰਘ), ਦੀਵਾਨ ਦਰਬਾਰਾ ਸਿੰਘ ਦਾ ਭਰਾ ਭਾਈ ਘਰਬਾਰਾ ਸਿੰਘ (ਪੁੱਤਰ ਭਾਈ ਨਾਨੂੰ ਸਿੰਘ ਦਿਲਵਾਲੀ) ਸ਼ਹੀਦ ਹੋਏ ਸਨ।

ਕਿਲ੍ਹਾ ਫ਼ਤਹਿਗੜ੍ਹ ਸਾਹਿਬ

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਚੱਕ ਨਾਨਕੀ ਦੀ ਹਿਫ਼ਾਜ਼ਤ ਵਾਸਤੇ ਇਕ ਹੋਰ ਅਹਿਮ ਕਿਲ੍ਹਾ ਚੱਕ ਨਾਨਕੀ ਪਿੰਡ ਦੇ ਨਾਲ ਸਹੋਟਾ ਪਿੰਡ ਵਿੱਚ ਵੀ ਬਣਾਇਆ ਹੋਇਆ ਸੀ। ਜਦੋਂ ਇਹ ਕਿਲ੍ਹਾ ਬਣ ਰਿਹਾ ਸੀ ਤਾਂ ਸਾਹਿਬਜ਼ਾਦਾ ਫ਼ਤਹਿ ਸਿੰਘ ਦਾ ਜਨਮ ਉਨ੍ਹੀਂ ਦਿਨੀਂ ਹੋਇਆ ਸੀ। ਆਪ ਨੇ ਇਸ ਦਾ ਨਾਂ ਫ਼ਤਹਿਗੜ੍ਹ

ਰੱਖਿਆ ਸੀ। ਇਹ ਕਿਲ੍ਹਾ ਗੰਗੂਵਾਲ-ਗੁਰੂ ਕਾ ਲਾਹੌਰ-ਨੰਗਲ ਤੇ ਇਸ ਜ਼ੋਨ ਵੱਲੋਂ ਆ ਰਹੀ ਫ਼ੌਜ ਨੂੰ ਰੋਕਣ ਵਾਸਤੇ ਮਦਦ ਕਰਦਾ ਸੀ। ਇਸ ਕਿਲ੍ਹੇ ਦਾ ਇੰਚਾਰਜ ਭਾਈ ਮਨੀ ਸਿੰਘ ਦਾ ਪੁੱਤਰ ਭਾਈ ਭਗਵਾਨ ਸਿੰਘ ਸੀ। ੩੦ ਅਗਸਤ ੧੭੦੦ ਦੇ ਦਿਨ ਪਹਾੜੀ ਫੌਜਾਂ ਨੇ ਇਸ ਕਿਲ੍ਹੇ ਤੇ ਵੀ ਹਮਲਾ ਕੀਤਾ ਤੇ ਮਾਤ ਖਾਧੀ ਸੀ। ਇਸ ਕਿਲ੍ਹੇ ਤੇ ਹੋਏ ਹਮਲੇ ਵਿਚ ਭਾਈ ਭਗਵਾਨ ਸਿੰਘ, ਭਾਈ ਜਵਾਹਰ ਸਿੰਘ (ਪੁੱਤਰ ਭਾਈ ਲੱਖੀ ਰਾਏ ਵਣਜਾਰਾ), ਭਾਈ ਨੰਦ ਸਿੰਘ (ਪੁੱਤਰ ਭਾਈ ਆਲਮ ਸਿੰਘ ਤੇ ਪੋਤਾ ਭਾਈ ਦਰੀਆ ਸ਼ਹੀਦ ਹੋਏ ਸਨ)। ਅੱਜ ਕਿਲ੍ਹਾ ਫ਼ਤਹਿਗੜ੍ਹ ਵਾਲੀ ਜਗਹ ਤੇ ਗੁਰਦੁਆਰਾ ਫ਼ਤਹਿਗੜ੍ਹ ਬਣਿਆ ਹੋਇਆ ਹੈ।

ਕਿਲ੍ਹਾ ਤਾਰਾਗੜ੍ਹ ਸਾਹਿਬ

ਇਹ ਕਿਲ੍ਹਾ ਅਨੰਦਪੁਰ ਸਾਹਿਬ ਤੋਂ ਤਕਰੀਬਨ ਪੰਜ ਕਿਲੋਮੀਟਰ ਦੂਰ ਪਿੰਡ ਤਾਰਾਪੁਰ ਦੀ ਹਦੂਦ ਵਿਚ ਸੀ। ਇਸ ਕਿਲ੍ਹੇ ਨੂੰ ਬਣਾਉਣ ਦਾ ਮਕਸਦ ਬਿਲਾਸਪੁਰ ਰਿਆਸਤ ਵਾਲੇ ਪਾਸਿਓਂ ਹੋਣ ਵਾਲੇ ਹਮਲੇ ਨੂੰ ਰੋਕਣਾ ਸੀ। ਇਸ ਕਿਲ੍ਹੇ ਦੀਆਂ ਦੀਵਾਰਾਂ ਤੇ ਚੜ੍ਹ ਕੇ ਕੋਟ ਕਹਿਲੂਰ ਤੇ ਨਿਗਹ ਰੱਖੀ ਜਾ ਸਕਦੀ ਸੀ। ਇਸ ਕਿਲ੍ਹੇ ਦੇ ਬਣਨ ਨਾਲ ਪਹਾੜੀ ਰਾਜੇ ਅਜਮੇਰ ਚੰਦ ਨੂੰ ਬਹੁਤ ਤਕਲੀਫ਼ ਹੋਈ ਸੀ। ਉਸ ਨੇ ਕਈ ਵਾਰੀ ਇਸ ਕਿਲ੍ਹੇ ਤੇ ਕਬਜ਼ਾ ਕਰਨਾ ਚਾਹਿਆ ਸੀ ਪਰ ਉਹ ਕਾਮਯਾਬ ਨਹੀਂ ਹੋ ਸਕਿਆ ਸੀ। ਅਗਸਤ ੧੭੦੦ ਦੇ ਚਾਰ ਰੋਜ਼ਾ ਹਮਲੇ ਵਿੱਚ ੨੯ ਅਗਸਤ ਦਾ ਸਭ ਤੋਂ ਪਹਿਲਾ ਹਮਲਾ ਇਸ ਕਿਲ੍ਹੇ ਤੇ ਹੀ ਹੋਇਆ ਸੀ। ਇਸ ਜਗਹ ਪੰਜਾਹ ਸਿੰਘਾਂ ਦਾ ਇਕ ਜਥਾ ਰਿਹਾ ਕਰਦਾ ਸੀ। ਜਦੋਂ ਪਹਾੜੀ ਫ਼ੌਜਾਂ ਨੇ ਹਮਲਾ ਕੀਤਾ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਦੀ ਅਗਵਾਈ ਵਿਚ ਸਿੰਘਾਂ ਨੇ, ਗਿਣਤੀ ਥੋੜ੍ਹੀ ਹੋਣ ਦੇ ਬਾਵਜੂਦ, ਡੱਟ ਕੇ ਮੁਕਾਬਲਾ ਕੀਤਾ ਤੇ ਨਾਲ ਹੀ ਗੁਰੂ ਸਾਹਿਬ ਨੂੰ ਹੋਰ ਕੁਮਕ ਭੇਜਣ ਵਾਸਤੇ ਪੈਗਾਮ ਵੀ ਭੇਜ ਦਿੱਤਾ। ਗੁਰੂ ਸਾਹਿਬ ਨੇ ਅਨੰਦਗੜ੍ਹ ਤੋਂ ਭਾਈ ਉਦੈ ਸਿੰਘ ਦੀ ਕਮਾਨ ਵਿੱਚ ਸਵਾ ਸੌ ਸਿੰਘਾਂ ਦਾ ਜੱਥਾ ਭੇਜਿਆ। ਇਸ ਲੜਾਈ 'ਚ ਬਹੁਤ ਸਾਰੇ ਪਹਾੜੀ ਫ਼ੌਜੀ ਮਾਰੇ ਗਏ। ਇਕ ਪਹਿਰ ਦੀ ਲੜਾਈ ਮਗਰੋਂ ਅਜਮੇਰ ਚੰਦ ਮੈਦਾਨ ਛੱਡ ਕੇ ਭੱਜ ਗਿਆ। ਇਸ ਲੜਾਈ ਵਿਚ ਭਾਈ ਕਲਿਆਣ ਸਿੰਘ (ਪੁੱਤਰ ਸ਼ਹੀਦ ਭਾਈ ਦਿਆਲ ਦਾਸ), ਭਾਈ ਸੰਗਤ ਸਿੰਘ (ਭਰਾ ਭਾਈ ਫੇਰੂ), ਭਾਈ ਈਸ਼ਰ ਸਿੰਘ ਸ਼ਹੀਦ ਹੋ ਗਏ। ਤਾਰਾਗੜ੍ਹ ਕਿਲ੍ਹਾ ਵਾਲੀ ਜਗਹ ਤੇ ੧੯੮੫ ਤਕ ਕੋਈ ਗੁਰਦੁਆਰਾ ਨਹੀਂ ਸੀ। ਇੱਥੇ ਸਿਰਫ਼ ਇਕ ਬਾਉਲੀ ਸੀ। ਹੁਣ ਕਾਰ ਸੇਵਾ ਵਾਲਿਆਂ ਨੇ ਇੱਥੇ ਇਕ ਸ਼ਾਨਦਾਰ ਗੁਰਦੁਆਰਾ ਉਸਾਰ ਲਿਆ ਹੈ।

ਗੁਰੂ ਕਾ ਲਾਹੌਰ ਦੇ ਗੁਰਦੁਆਰੇ

ਅਨੰਦਪੁਰ ਸਾਹਿਬ ਤੋਂ ਯਾਰਾਂ ਕਿਲੋਮੀਟਰ ਅਤੇ ਗੰਗੂਵਾਲ ਤੋਂ ਅੱਠ ਕਿਲੋਮੀਟਰ ਦੂਰ "ਗੁਰੂ ਕਾ ਲਾਹੌਰ" ਵਸਿਆ ਹੋਇਆ ਹੈ। ਇਸ ਦਾ ਮੁੱਢ ੧੬੭੭ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬੰਨ੍ਹਿਆ ਸੀ। ਗੁਰੂ ਸਾਹਿਬ ਦਾ ਵਿਆਹ ਇਸ ਜਗਹ ਤੇ ੨੧ ਜੂਨ ੧੬੭੭ ਦੇ ਦਿਨ ਹੋਇਆ ਸੀ। ਇਸ ਜਗਹ ਤੇ ਚਾਰ ਗੁਰਦੁਆਰੇ ਹਨ :

ਗੁਰਦੁਆਰਾ ਤ੍ਰਿਬੈਣੀ ਸਾਹਿਬ

ਇਕ ਰਿਵਾਇਤ ਮੁਤਾਬਿਕ 'ਗੁਰੂ ਕਾ ਲਾਹੌਰ' ਵਿਚ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਵਾਸਤੇ ਗੁਰੂ ਸਾਹਿਬ ਨੇ ਇਸ ਜਗਹ 'ਕਰਪਾ ਬਰਛਾ' ਮਾਰ ਕੇ ਪਾਣੀ ਦੀਆਂ ਤਿੰਨ ਧਾਰਾ ਵਗਾਈਆਂ ਸਨ। ਉਨ੍ਹਾਂ ਤਿੰਨਾਂ ਚਸ਼ਮਿਆਂ ਦਾ ਪਾਣੀ ਇਕ ਸਰੋਵਰ ਵਿਚ ਪੈਂਦਾ ਹੈ। ਇਸ ਜਗਹ ਤੇ ਇਕ ਖ਼ੂਬਸੂਰਤ ਗੁਰਦੁਆਰਾ ਬਣਿਆ ਹੋਇਆ ਹੈ।

ਗੁਰਦੁਆਰਾ ਪੌੜ ਸਾਹਿਬ

ਇਹ ਗੁਰਦੁਆਰਾ ਇਕ ਚਸ਼ਮੇ ਤੇ ਬਣਿਆ ਹੋਇਆ ਹੈ। ਇਕ ਰਿਵਾਇਤ ਮੁਤਾਬਿਕ ਇਹ ਚਸ਼ਮਾ ਗੁਰੂ ਸਾਹਿਬ ਦੇ ਘੋੜੇ ਦੀ ਪੌੜ ਨਾਲ ਫੁੱਟਿਆ ਸੀ। ਇਸ ਚਸ਼ਮੇ ਦਾ ਪਾਣੀ ਖਾਰਾ ਹੈ।

ਗੁਰਦੁਆਰਾ ਸਿਹਰਾ ਸਾਹਿਬ

ਇਕ ਰਿਵਾਇਤ ਮੁਤਾਬਿਕ ਗੁਰੂ ਸਾਹਿਬ ਨੇ ਗੁਰੂ ਕਾ ਲਾਹੌਰ ਵਿਚ ਪਹੁੰਚਣ ਤੋਂ ਪਹਿਲਾਂ ਇੱਥੇ ਸਿਹਰਾ ਬੰਨ੍ਹਿਆ ਸੀ। ਇਹ ਜਗਹ ਗੁਰੂ ਕਾ ਲਾਹੌਰ ਤੋਂ ਕੁਝ ਫ਼ਾਸਲਾ ਪਹਿਲਾਂ ਪਿੰਡ ਬਸੀ ਵਿਚ ਹੈ।

ਗੁਰਦੁਆਰਾ ਅਨੰਦ ਕਾਰਜ ਸਾਹਿਬ

ਇਸ ਜਗਹ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸ਼ਾਦੀ ਮਾਤਾ ਜੀਤੋ (ਜੀਤ ਕੌਰ) ਨਾਲ ਹੋਈ ਸੀ। ਉਸ ਯਾਦ ਨੂੰ ਸਦਾ ਵਾਸਤੇ ਕਾਇਮ ਰੱਖਣ ਵਾਸਤੇ ਇੱਥੇ ਗੁਰਦੁਆਰਾ ਬਣਾਇਆ ਗਿਆ ਹੈ। ਹਰ ਸਾਲ ਬਸੰਤ ਪੰਚਮੀ ਦੇ ਦਿਨ ਇੱਥੇ ਵਿਆਹ ਦੀ ਬਾਰਾਤ ਵਰਗਾ ਜਲੂਸ ਨਿਕਲਦਾ ਹੈ ਜੋ ਗੁਰਦੁਆਰਾ ਸਿਹਰਾ ਸਾਹਿਬ ਤੋਂ ਗੁਰੂ ਕਾ ਲਾਹੌਰ ਤਕ ਜਾਂਦਾ ਹੈ। ਪਰ ਗੁਰੂ ਸਾਹਿਬ ਦਾ ਵਿਆਹ ਬਸੰਤ ਪੰਚਮੀ ਦੇ ਦਿਨ ਨਹੀਂ ਬਲਕਿ ਹਾੜ ਸੁਦੀ ਇਕ ੧੭੩੪ (੨੧ ਜੂਨ ੧੬੭੭) ਦੇ ਦਿਨ ਹੋਇਆ ਸੀ। ਬਸੰਤ ਪੰਚਮੀ ਦੇ ਦਿਨ ਇਹ ਤਿਉਹਾਰ ਮਨਾਉਣ ਦੀ ਰੀਤੀ ਮਗਰੋਂ ਸ਼ੁਰੂ ਹੋਈ ਹੋਵੇਗੀ।

ਕੀਰਤਪੁਰ ਸਾਹਿਬ ਦੇ ਗੁਰਦੁਆਰੇ

ਚੰਡੀਗੜ੍ਹ-ਰੋਪੜ ਵੱਲੋਂ ਅਨੰਦਪੁਰ ਸਾਹਿਬ ਜਾਂਦਿਆਂ ਰਾਹ ਵਿਚ ਵੱਡਾ ਕਸਬਾ ਕੀਰਤਪੁਰ ਸਾਹਿਬ ਆਉਂਦਾ ਹੈ। ਕੀਰਤਪੁਰ ਸਾਹਿਬ ਪਿੰਡ ਦੀ ਨੀਂਹ ਬਾਬਾ ਸ੍ਰੀ ਚੰਦ ਨੇ ੨੩ ਅਪ੍ਰੈਲ ੧੬੨੪ (ਇਕ ਸੋਮੇ ਮੁਤਾਬਿਕ ੧ ਮਈ ੧੬੨੬) ਦੇ ਦਿਨ ਬਾਉਲੀ ਦਾ ਟੱਕ ਲਾ ਕੇ ਰੱਖੀ ਸੀ। ਕੀਰਤਪੁਰ ਨਗਰ ਵਿਚ ਚਾਰ ਪਿੰਡਾਂ (ਜੀਊਵਾਲ, ਕਲਿਆਣਪੁਰ, ਭਟੋਲੀਆਂ ਤੇ ਭੱਗੂਵਾਲ) ਦੀ ਜ਼ਮੀਨ ਦੇ ਹਿੱਸੇ ਸ਼ਾਮਿਲ ਸਨ। ਗੁਰੂ ਹਰਿਗੋਬਿੰਦ ਸਾਹਿਬ ਇੱਥੇ ਮਈ ੧੬੩੫ ਵਿਚ ਆ ਕੇ ਰਹਿਣ ਲਗ ਪਏ। ਸਤਵੇਂ ਤੇ ਅਠਵੇਂ ਨਾਨਕ ਜੀ ਦਾ ਜਨਮ ਇਸੇ ਨਗਰ ਵਿਚ ਹੋਇਆ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਵੀ ਕੁਝ ਚਿਰ ਇੱਥੇ ਰਹੇ ਸਨ। ਗੁਰੂ ਗੋਬਿੰਦ ਸਾਹਿਬ ਇੱਥੇ ਕਈ ਵਾਰੀ ਆਏ ਸਨ। ਆਪਣੀਆਂ ਉਦਾਸੀਆਂ ਵੇਲੇ ਗੁਰੂ ਨਾਨਕ ਸਾਹਿਬ ਵੀ ਇੱਥੋਂ ਲੰਘੇ ਸਨ। ਕੀਰਤਪੁਰ ਸਾਹਿਬ ਵਿਚ ਛੇ ਗੁਰੂ ਸਾਹਿਬਾਨ ਦੀਆਂ ਯਾਦਗਾਰਾਂ ਕਾਇਮ ਹਨ। ਇਸ ਤੋਂ ਇਲਾਵਾ ਬਾਬਾ ਸ੍ਰੀ ਚੰਦ (ਪੁੱਤਰ ਗੁਰੂ ਨਾਨਕ ਸਾਹਿਬ), ਬਾਬਾ ਗੁਰਦਿਤਾ (ਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਤੇ ਪਿਤਾ ਗੁਰੂ ਹਰਿ ਰਾਇ ਸਾਹਿਬ), ਬੀਬੀ ਰੂਪ ਕੌਰ (ਪੁੱਤਰੀ ਗੁਰੂ ਹਰਿ ਰਾਇ ਸਾਹਿਬ) ਦੀਆਂ ਯਾਦਗਾਰਾਂ ਵੀ ਬਣੀਆਂ ਹੋਈਆਂ ਹਨ।

ਗੁਰਦੁਆਰਾ ਚਰਨ ਕੰਵਲ

ਇਹ ਗੁਰਦੁਆਰਾ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ। ਗੁਰੂ ਸਾਹਿਬ ਆਪਣੀਆਂ ਉਦਾਸੀਆਂ ਦੌਰਾਨ ਭਾਈ ਮਰਦਾਨਾ ਨਾਲ ਇੱਥੋਂ ਲੰਘੇ ਸਨ। ਉਦੋਂ ਅਜੇ ਕੀਰਤਪੁਰ ਸਾਹਿਬ ਦਾ ਮੁੱਢ ਨਹੀਂ ਬੱਝਾ ਸੀ। ਜਦੋਂ ਗੁਰੂ ਸਾਹਿਬ ਇੱਥੇ ਠਹਿਰੇ ਤਾਂ ਨੇੜੇ ਇਕ ਪਹਾੜੀ ਤੇ ਰਹਿੰਦੇ ਮੁਸਲਮਾਨ ਸਾਈਂ ਬੁੱਢਣ ਸ਼ਾਹ ਨੂੰ ਗੁਰੂ ਸਾਹਿਬ ਦੇ ਆਉਣ ਦਾ ਪਤਾ ਲਗਾ ਤਾਂ ਉਹ ਦੁੱਧ ਲੈ ਕੇ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਿਰ ਹੋਇਆ। ਸਾਈਂ ਬੁੱਢਣ ਸ਼ਾਹ ਦਾ ਤਕੀਆ ਸ਼ਹਿਰੋਂ ਬਾਹਰ ਇਕ ਪਹਾੜੀ ਉੱਤੇ ਹੈ ਅਤੇ ਉਸ ਦੇ ਮਜ਼ਾਰ ਦੇ ਆਗੂਆਂ ਨੇ ਇਹ ਪ੍ਰਚਾਰ ਕੀਤਾ ਹੋਇਆ ਹੈ ਕਿ ਜੋ ਸਿੱਖ ਕੀਰਤਪੁਰ ਸਾਹਿਬ ਆ ਕੇ ਸਾਈਂ ਬੁੱਢਣ ਸ਼ਾਹ ਦੇ ਮਜ਼ਾਰ ਤੇ ਨਹੀਂ ਜਾਂਦਾ ਉਸ ਦੀ ਯਾਤਰਾ ਕਾਮਯਾਬ ਨਹੀਂ ਹੁੰਦੀ। ਇਹ ਗ਼ਲਤ ਪ੍ਰਚਾਰ ਹੈ। ਸਿੱਖ ਕਿਸੇ ਗ਼ੈਰ-ਸਿੱਖ ਧਰਮ ਅਸਥਾਨ, ਕਬਰ, ਮਜ਼ਾਰ ਜਾਂ ਸਮਾਧ ਤੇ ਮੱਥਾ ਨਹੀਂ ਟੇਕਦਾ। ਇਸ ਕਰ ਕੇ ਸਾਈਂ ਬੁੱਢਣ ਸ਼ਾਹ ਦੀ ਯਾਦਗਾਰ ਤੇ ਜਾਣਾ ਸਿੱਖ ਲਈ ਗ਼ਲਤ ਹੈ। ਉਂਞ ਜਾਣਕਾਰੀ ਜਾਂ ਦਿਲਚਸਪੀ ਵਾਸਤੇ ਕੋਈ ਵੀ ਜਗਹ ਵੇਖਣਾ

ਗ਼ਲਤ ਨਹੀਂ ਹੈ।

ਗੁਰਦੁਆਰਾ ਸ਼ੀਸ਼ ਮਹਲ

੧੬੨੪ ਵਿਚ ਕੀਰਤਪੁਰ ਦੀ ਨੀਂਹ ਰੱਖਣ ਮਗਰੋਂ ਇੱਥੇ ਸਭ ਤੋਂ ਪਹਿਲੀ ਈਮਾਰਤ ਇੱਥੇ ਹੀ ਬਣੀ ਸੀ। ਇਹ ਬਾਬਾ ਗੁਰਦਿਤਾ ਜੀ ਦਾ ਘਰ ਸੀ। ਮਈ ੧੬੩੫ ਵਿਚ ਕੀਰਤਪੁਰ ਸਾਹਿਬ ਆਉਣ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਵੀ ਇੱਥੇ ਹੀ ਰਹਿੰਦੇ ਰਹੇ ਸਨ। ਸੋ ੧੬੨੪ ਤੋਂ ਅਤੇ ਖਾਸ ਕਰ ਕੇ ੧੬੩੫ ਤੋਂ ੧੬੬੩ ਤਕ ਇਹ ਜਗਹ ਗੁਰੂ ਪਰਿਵਾਰ ਦਾ ਘਰ ਸੀ। ਗੁਰੂ ਹਰਿ ਰਾਇ ਸਾਹਿਬ (੧੬ ਜਨਵਰੀ ੧੬੩੦ ਦੇ ਦਿਨ) ਅਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ (੨੦ ਜੁਲਾਈ ੧੬੫੨ ਦੇ ਦਿਨ) ਦਾ ਜਨਮ ਇਸੇ ਜਗਹ ਤੇ ਹੋਇਆ ਸੀ। ਰਾਮ ਰਾਇ ਤੇ ਬੀਬੀ ਰੂਪ ਕੌਰ (ਬੇਟਾ ਤੇ ਬੇਟੀ ਗੁਰੂ ਹਰਿ ਰਾਇ ਸਾਹਿਬ) ਦਾ ਜਨਮ ਵੀ ਇਸੇ ਜਗਹ ਹੋਇਆ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਦੇ ਚੱਕ ਨਾਨਕੀ ਚਲੇ ਜਾਣ ਮਗਰੋਂ ਇਸ ਦੀ ਈਮਾਰਤ ਢਹਿੰਦੀ ਗਈ ਤੇ ਹੌਲੀ-ਹੌਲੀ ਇਸ ਤੇ ਨੇੜੇ ਰਹਿੰਦੇ ਲੋਕਾਂ ਨੇ ਕਬਜ਼ਾ ਕਰ ਲਿਆ। ਕਾਫ਼ੀ ਦੇਰ ਮਗਰੋਂ ਇਸ ਜਗਹ ਤੇ ਇਹ ਗੁਰਦੁਆਰਾ ਉਸਾਰਿਆ ਗਿਆ। ਇਸ ਦੀ ਮੌਜੂਦਾ ਈਮਾਰਤ ਕੁਝ ਸਾਲ ਪਹਿਲੋਂ ਉਸਾਰੀ ਗਈ ਸੀ।

ਗੁਰਦੁਆਰਾ ਤਖ਼ਤ ਸਾਹਿਬ

ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਸਾਹਿਬ ਆਉਣ ਤੋਂ ਬਾਅਦ ਇਸ ਅਸਥਾਨ ਤੇ ਆਪਣਾ ਤਖ਼ਤ ਕਾਇਮ ਕੀਤਾ ਸੀ ਅਤੇ ਕਿਲ੍ਹਾ ਬਣਵਾਇਆ ਸੀ। ਉਹ ਅਕਲ ਤਖ਼ਤ ਸਾਹਿਬ ਦੀ ਕਾਰਵਾਈ ਇਸ ਜਗਹ ਤੋਂ ਚਲਾਇਆ ਕਰਦੇ ਸਨ। ਇਸੇ ਹੀ ਜਗਹ ਤੇ ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ "ਗੱਦੀ ਨਸ਼ੀਨੀ" ਹੋਈ ਸੀ। ਬਾਹਰਲੀਆਂ ਰਿਆਸਤਾਂ ਤੋਂ ਆਏ ਰਾਜੇ, ਮਹਾਰਾਜੇ ਤੇ ਅਮੀਰ ਇਸੇ ਜਗਹ ਤੇ ਆ ਕੇ ਗੁਰੂ ਸਾਹਿਬ ਦੇ ਦਰਸ਼ਨ ਕਰਿਆ ਕਰਦੇ ਸਨ।

ਗੁਰਦੁਆਰਾ ਦਮਦਮਾ ਸਾਹਿਬ

ਇਸ ਜਗਹ ਤੇ ਗੁਰੂ ਹਰਿ ਰਾਇ ਸਾਹਿਬ ਬਾਹਰੋਂ ਆਈਆਂ ਸੰਗਤਾਂ ਨੂੰ ਦਰਸ਼ਨ ਦਿਆ ਕਰਦੇ ਸਨ। ਇਸ ਦੇ ਨੇੜੇ ਹੀ ਗੁਰੂ ਦਾ ਲੰਗਰ ਵੀ ਸੀ ਜਿਸ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਨ ਤਿਆਰ ਹੋਇਆ ਕਰਦੇ ਸਨ।

ਗੁਰਦੁਆਰਾ ਹਰਿਮੰਦਰ ਸਾਹਿਬ

ਇਸ ਜਗਹ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਗ ਲਗਵਾਇਆ ਹੋਇਆ ਸੀ। ਇਸ ਬਾਗ ਵਿਚ ਚਾਰੇ ਪਾਸੇ ਫ਼ੁਹਾਰੇ ਚਲਿਆ ਕਰਦੇ ਸਨ। ਇਸ ਬਾਗ ਵਿਚ ਵੱਖ-ਵੱਖ ਤਰ੍ਹਾਂ ਦੇ ਫਲਾਂ ਤੇ ਜੜੀਆਂ ਬੂਟੀਆਂ ਦੇ ਦਰਖ਼ਤ ਲਗੇ ਹੋਏ ਸਨ। ਇਕ ਰਿਵਾਇਤ ਮੁਤਾਬਿਕ ਇਕ ਵਾਰ ਜਦੋਂ ਦਾਰਾ ਸ਼ਿਕੋਹ ਗੁਰੂ ਹਰਿ ਰਾਇ ਸਾਹਿਬ ਨੂੰ ਮਿਲਣ ਆਇਆ ਤਾਂ ਉਹ ਇੱਥੇ ਹੀ ਬੈਠਿਆ ਸੀ। ਗੁਰੂ ਸਾਹਿਬ ਨੇ ਉਸ ਨੂੰ ਇਸ ਬਾਗ

'ਚ ਪੈਦਾ ਹੋਈ ਇਕ ਹਰੜ ਦਿੱਤੀ ਸੀ ਜਿਸ ਨੇ ਉਸ ਨੂੰ ਇਕ ਲੰਬੀ ਬੀਮਾਰੀ ਤੋਂ ਛੁਟਕਾਰਾ ਦਿੱਤਾ ਸੀ।

ਗੁਰਦੁਆਰਾ ਚੁਬੱਚਾ ਸਾਹਿਬ

ਇਸ ਜਗਹ ਗੁਰੂ ਰਾਇ ਸਾਹਿਬ ਦੇ ਘੋੜਿਆਂ ਦਾ ਚੁਬੱਚਾ ਹੁੰਦਾ ਸੀ। ਹੁਣ ਇਹ ਇਕ ਛੋਟੀ ਜਿਹੀ ਵਲਗਣ ਬਣ ਕੇ ਰਹਿ ਗਿਆ ਹੈ ਅਤੇ ਇਸ ਦੀ ਜ਼ਮੀਨ ਉੱਤੇ ਘਰ ਅਤੇ ਦੁਕਾਨਾਂ ਬਣ ਗਏ ਹਨ। ਗੁਰੂ ਹਰਿ ਰਾਇ ਸਾਹਿਬ ਕੋਲ ੨੨੦੦ ਘੋੜੇ, ਬਹੁਤ ਸਾਰੇ ਹਾਥੀ, ਮੱਝਾਂ ਅਤੇ ਗਊਆਂ ਸਨ ਜੋ ਉਨ੍ਹਾਂ ਨੇ ਵੱਖ-ਵੱਖ ਅਸਤਬਲਾਂ ਵਿਚ ਰੱਖੇ ਹੋਏ ਸਨ। ਇਨ੍ਹਾਂ ਸਾਰਿਆਂ ਵਾਸਤੇ ਦਾਣੇ ਦਾ ਸਟੋਰ ਇੱਥੇ ਹੀ ਹੁੰਦਾ ਸੀ। ਇਹ ਸਟੋਰ ਅੱਠੇ ਪਹਿਰ, ਤੀਹ ਦਿਨ, ਬਾਰਾਂ ਮਹੀਨੇ ਦਾਣੇ ਨਾਲ ਭਰਪੂਰ ਰਿਹਾ ਕਰਦਾ ਸੀ।

ਗੁਰਦੁਆਰਾ ਮੰਜੀ ਸਾਹਿਬ

ਇਹ ਬੀਬੀ ਰੂਪ ਕੌਰ (ਪੁੱਤਰੀ ਗੁਰੂ ਹਰਿ ਰਾਇ ਸਾਹਿਬ) ਦਾ ਘਰ ਸੀ। ਬੀਬੀ ਦੀ ਸ਼ਾਦੀ ਭਾਈ ਖੇਮ ਕਰਨ (ਵਾਸੀ ਪਸਰੂਰ, ਜ਼ਿਲ੍ਹਾ ਗੁਜਰਾਂ ਵਾਲਾ) ਨਾਲ ਹੋਈ ਸੀ। ਪਰ ਉਹ ਤਿੰਨ ਦਿਨ ਸਹੁਰੇ ਰਹਿਣ ਮਗਰੋਂ ਪਿੰਡ ਕਲਿਆਣਪੁਰ ਵਿਚ ਆ ਵਸੇ ਸਨ। ਉਦੋਂ ਇਹ ਇਲਾਕਾ ਕਲਿਆਣਪੁਰ ਵਿਚ ਸੀ ਤੇ ਹੁਣ ਕੀਰਤਪੁਰ ਸਾਹਿਬ ਵਿਚ ਹੀ ਆ ਗਿਆ ਹੈ। ਇਸ ਜਗਹ ਹੀ ਬੀਬੀ ਰੂਪ ਕੌਰ ਦੇ ਬੇਟੇ ਭਾਈ ਅਮਰ ਸਿੰਘ ਦਾ ਜਨਮ ਹੋਇਆ ਸੀ। ਭਾਈ ਅਮਰ ਸਿੰਘ ਦੇ ਵਾਰਿਸ ਕਈ ਪੁਸ਼ਤਾਂ ਤਕ ਇੱਥੇ ਰਹਿੰਦੇ ਰਹੇ ਸਨ। ਇਹ ਗੁਰਦੁਆਰਾ ਅਜੇ ਪੁਰਾਣੀ ਸ਼ਕਲ ਵਿਚ ਹੀ ਹੈ ਅਤੇ ਛੇਤੀ ਹੀ ਇਸ ਨੂੰ ਕਾਰ ਸੇਵਾ ਵਾਲੇ ਬਣਾਉਣਾ ਸ਼ੁਰੂ ਕਰ ਰਹੇ ਹਨ। ਇਸ ਗੁਰਦੁਆਰੇ ਵਿਚ ਬੀਬੀ ਰੂਪ ਕੌਰ ਦਾ ਹੱਥੀਂ ਕੱਢਿਆ ਰੁਮਾਲ, ਉਨ੍ਹਾਂ ਦੇ ਵੇਲੇ ਦੀ ਗੁਰਬਾਣੀ ਦੇ ਸ਼ਬਦਾਂ ਦੀ ਇਕ ਪੋਥੀ (ਜਿਸ ਵਿਚ ਕਈਆਂ ਦੇ ਚਲਾਣਾ ਕਰਨ ਦੀਆਂ ਤਾਰੀਖ਼ਾਂ ਲਿਖੀਆਂ ਹੋਈਆਂ ਹਨ), ਬੀਬੀ ਰੂਪ ਕੌਰ ਦੀ ਇਕ ਹੱਥ ਪੱਖੀ ਅਤੇ ਬਾਬਾ ਸ੍ਰੀ ਚੰਦ ਦੀ ਸੇਲੀ ਟੋਪੀ (ਜੋ ਉਨ੍ਹਾਂ ਬਾਬਾ ਗੁਰਦਿਤਾ ਨੂੰ ਭੇਟ ਕੀਤੀ ਸੀ ਅਤੇ ਮਾਤਾ ਬਸੀ ਨੇ ਬੀਬੀ ਰੂਪ ਕੌਰ ਨੂੰ ਦਾਜ ਵਿਚ ਦਿੱਤੀ ਸੀ) ਪਈਆਂ ਹੋਈਆਂ ਸਨ।

ਗੁਰਦੁਆਰਾ ਤੀਰ ਸਾਹਿਬ

ਇਕ ਰਿਵਾਇਤ ਮੁਤਾਬਿਕ ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਵਾਰ ਇੱਥੋਂ ਇਕ ਤੀਰ ਮਾਰਿਆ ਜੋ ਸਤਲੁਜ ਦਰਿਆ ਦੇ ਨੇੜੇ (ਅਜੋਕੇ ਗੁਰਦੁਆਰਾ ਪਤਾਲਪੁਰੀ ਕੋਲ) ਜਾ ਕੇ ਡਿੱਗਿਆ ਸੀ।

ਗੁਰਦੁਆਰਾ ਪਤਾਲਪੁਰੀ

ਇਹ ਗੁਰਦੁਆਰਾ ਸਤਲੁਜ ਦਰਿਆ ਦੇ ਕੰਢੇ ਤੇ ਹੈ। ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਦਾ ਸੰਸਕਾਰ ਇੱਥੇ ਹੀ ਹੋਇਆ ਸੀ। ਗੁਰੂ ਹਰਿ

ਕ੍ਰਿਸ਼ਨ ਸਾਹਿਬ (ਜੋ ਦਿੱਲੀ ਵਿਚ ਜੋਤੀ ਜੋਤ ਸਮਾਏ ਸਨ) ਦੀਆਂ ਅਸਥੀਆਂ ਵੀ ਇੱਥੇ ਹੀ ਜਲ ਪਰਵਾਹ) ਕੀਤੀਆਂ ਗਈਆਂ ਸਨ। ਬਾਬਾ ਅਣੀ ਰਾਏ (ਪੁੱਤਰ ਗੁਰੂ ਹਰਿਗੋਬਿੰਦ ਸਾਹਿਬ) ਦਾ ਸੰਸਕਾਰ ਵੀ ਇੱਥੇ ਹੀ ਕੀਤਾ ਗਿਆ ਸੀ। ਉਸ ਮਗਰੋਂ ਵੀ ਮੁਕਾਮੀ ਸਿੱਖਾਂ ਦਾ ਸੰਸਕਾਰ ਇੱਥੇ ਹੀ ਹੋਇਆ ਕਰਦਾ ਸੀ। ਹੁਣ ਤਾਂ ਸਿੱਖਾਂ ਨੇ ਆਪਣੇ ਮ੍ਰਿਤਕਾਂ ਦੀਆਂ ਅਸਥੀਆਂ ਇੱਥੇ ਜਲ ਪਰਵਾਹ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਹਿੰਦੂਆਂ ਦੇ ਹਰਿਦੁਆਰ ਦੀ ਰੀਸ ਇੱਥੇ ਹੋਣ ਲੱਗ ਪਈ ਹੈ। ਹਾਲਾਂ ਕਿ ਸਿੱਖ ਨੂੰ ਹੁਕਮ ਹੈ ਕਿ ਮ੍ਰਿਤਕ ਦੀਆਂ ਅਸਥੀਆਂ ਨੇੜੇ ਦੇ ਵਗਦੇ ਪਾਣੀ ਵਿਚ ਪਰਵਾਹ ਕੀਤੀਆਂ ਜਾਣ ਪਰ ਭੋਲੇ ਸਿੱਖ ਇਸ ਜਗਹ ਨੂੰ 'ਸਿੱਖ-ਹਰਿਦੁਆਰ' ਮੰਨ ਕੇ ਇੱਥੇ ਆਉਣ ਲੱਗ ਪਏ ਹਨ।

ਗੁਰਦੁਆਰਾ ਬਿਬਾਨਗੜ੍ਹ

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਭਾਈ ਜੈਤਾ (ਜੀਵਣ ਸਿੰਘ), ਉਸ ਦਾ ਬਾਪ ਭਾਈ ਆਗਿਆ, ਭਾਈ ਊਦਾ (ਪੁੱਤਰ ਖੇਮਾ ਚੰਦਨੀਆ) ਤੇ ਭਾਈ ਨਾਨੂੰ ਰਾਮ ਦਿਲਵਾਲੀ ਗੁਰੂ ਸਾਹਿਬ ਦਾ ਸੀਸ ਦਿੱਲੀ ਤੋਂ ਚੱਕ ਨਾਨਕੀ ਲਿਜਾਂਦੇ ਹੋਏ ੧੬ ਨਵੰਬਰ ੧੬੭੫ ਦੇ ਦਿਨ ਇਸ ਜਗਹ ਰੁਕੇ ਸਨ। ਇੱਥੋਂ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਸੰਗਤਾਂ ਨੇ ਸੀਸ ਨੂੰ ਚੱਕ ਨਾਨਕੀ ਲਿਜਾ ਕੇ ਅਗਲੇ ਦਿਨ ਗੁਰਦੁਆਰਾ ਸੀਸ ਗੰਜ ਵਾਲੀ ਜਗਹ ਤੇ ਸੰਸਕਾਰ ਕੀਤਾ ਸੀ।

ਗੁਰਦੁਆਰਾ ਬਾਬਾ ਗੁਰਦਿੱਤਾ ਜੀ

ਬਾਬਾ ਗੁਰਦਿੱਤਾ ਜੀ ਅਤੇ ਬਾਬਾ ਸ੍ਰੀ ਚੰਦ ਜੀ ਯਾਦ ਵਿਚ ਇਹ ਗੁਰਦੁਆਰਾ ਕੀਰਤਪੁਰ ਤੋਂ ਇਕ ਕਿਲੋਮੀਟਰ ਦੂਰ ਇਕ ਪਹਾੜੀ ਦੇ ਉੱਪਰ ਬਣਿਆ ਹੋਇਆ ਹੈ। ਬਾਬਾ ਗੁਰਦਿੱਤਾ ਨੇ ਇਸ ਜਗਹ ਤੇ ਚੜ੍ਹਾਈ ਕੀਤੀ ਸੀ। ਇਹ ਪੁਰਾਣੇ ਤਰੀਕੇ ਦੀ ਈਮਾਰਤ ਬਣੀ ਹੋਈ ਹੈ ਅਤੇ ਅਜੇ ਤਕ ਕਾਰ ਸੇਵਾ ਵਾਲਿਆਂ ਦੀ ਮਾਰ ਤੋਂ ਬਚੀ ਹੋਈ ਹੈ। ਇਸ ਜਗਹ ਇਕ ਨਿੰਮ ਦਾ ਦਰਖ਼ਤ ਹੈ ਜੋ ਬਾਬਾ ਗੁਰਦਿੱਤਾ ਦੇ ਜ਼ਮਾਨੇ ਦਾ ਮੰਨਿਆ ਜਾਂਦਾ ਹੈ। ਇਸ ਜਗਹ ਤੋਂ ਕੀਰਤਪੁਰ ਤੇ ਆਲਾ ਦੁਆਲਾ ਨਜ਼ਰ ਆਉਂਦਾ ਹੈ। ਬਾਬਾ ਗੁਰਦਿੱਤਾ ਦੀ ਯਾਦ ਵਿਚ ਇਕ ਹੋਰ ਗੁਰਦੁਆਰਾ ਪਿੰਡ ਜਿੰਦਬੜੀ (ਅਨੰਦਪੁਰ ਤੋਂ ੫ ਕਿਲੋਮੀਟਰ ਦੂਰ) ਵਿਚ ਵੀ ਹੈ।

ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਦੇ ਵਿਚਕਾਰ ਗੁਰਦੁਆਰੇ

ਗੁਰਦੁਆਰਾ ਜਿੰਦਵੜੀ ਸਾਹਿਬ

ਇਹ ਜਗਹ ਅਨੰਦਪੁਰ ਸਾਹਿਬ-ਨੰਗਲ ਰੋਡ ਤੋਂ ਢੇਰ ਪਿੰਡ ਤੋਂ ਦੋ ਕੁ ਕਿਲੋਮੀਟਰ ਦੂਰ ਪਿੰਡ ਜਿੰਦਵੜੀ ਵਿਚ ਹੈ। ਇਕ ਰਿਵਾਇਤ ਮੁਤਾਬਿਕ ਬਾਬਾ ਗੁਰਦਿਤਾ ਨੇ ਇਸ ਜਗਹ ਇਕ ਮੋਈ ਗਾਂ ਨੂੰ ਜ਼ਿੰਦਾ ਕੀਤਾ ਸੀ। ਕਈ ਇਤਿਹਾਸਕਾਰ ਇਸ ਕਹਾਣੀ ਨੂੰ ਕਾਲਪਨਿਕ ਮੰਨਦੇ ਹਨ। ਉਨ੍ਹਾਂ ਮੁਤਾਬਿਕ ਇਹ ਜਗਹ ਬਾਬਾ ਗੁਰਦਿਤਾ ਦੀ ਫੇਰੀ ਦੀ ਯਾਦ ਨਾਲ ਸੰਬੰਧਿਤ ਹੈ।

ਗੁਰਦੁਆਰਾ ਬਰੋਟਾ ਸਾਹਿਬ

ਇਹ ਗੁਰਦੁਆਰਾ ਕੀਰਤਪੁਰ ਤੋਂ ਤਿੰਨ ਕਿਲੋਮੀਟਰ ਦੂਰ ਹੈ। ਇਕ ਰਿਵਾਇਤ ਮੁਤਾਬਿਕ ਸਤਵੇਂ ਪਾਤਿਸ਼ਾਹ ਇੱਥੇ ਹਾਥੀ ਬੰਨ੍ਹਿਆ ਕਰਦੇ ਸਨ। ਇਸ ਦਾ ਨਾਂ ਫੀਲਖਾਨਾ ਸੀ। ਹਾਥੀ ਬੰਨ੍ਹਣ ਵਾਲਾ ਕਿੱਲਾ ਹਰਾ ਹੋ ਜਾਣ ਮਗਰੋਂ ਬਰੋਟਾ ਬਣ ਗਿਆ ਸੀ। ਇਕ ਰਿਵਾਇਤ ਮੁਤਾਬਿਕ ਦਸਵੇਂ ਪਾਤਿਸ਼ਾਹ ਵੀ ਇੱਥੇ ਆਇਆ ਕਰਦੇ ਸਨ।

ਗੁਰਦੁਆਰਾ ਮਿੱਠਾ ਸਰ

ਇਹ ਜਗਹ ਅਨੰਦਪੁਰ ਤੋਂ ਛੇ ਕਿਲੋਮੀਟਰ ਤੇ ਕੀਰਤਪੁਰ ਤੋਂ ਤਿੰਨ ਕਿਲੋਮੀਟਰ ਪਿੰਡ ਕੋਟਲਾ ਦੇ ਨੇੜੇ ਹੈ। ਇੱਥੇ ਛੇਵੇਂ ਪਾਤਿਸ਼ਾਹ ਨੇ ਇਕ ਖੂਹ ਲਗਵਾਇਆ ਸੀ ਜਿਸ ਦਾ ਪਾਣੀ ਬਹੁਤ ਮਿੱਠਾ ਸੀ। ਇਸ ਕਰ ਕੇ ਇਸ ਨੂੰ "ਮਿੱਠਾ ਸਰ" ਗੁਰਦੁਆਰਾ ਆਖਿਆ ਜਾਣ ਲਗ ਪਿਆ।

ਗੁਰਦੁਆਰਾ ਭੋਗਪੁਰਾ

ਇਹ ਜਗਹ ਅਨੰਦਪੁਰ ਸਾਹਿਬ ਤੋਂ 4 ਕਿਲੋਮੀਟਰ ਦੂਰ ਹੈ। ਇੱਥੇ ਖੱਡੇ ਦੇ ਵਿਚ ਉੱਚੇ ਟਿਲੇ ਦੀ ਪਹਾੜੀ ਤੇ ਮੰਜੀ ਸਾਹਿਬ ਬਣਿਆ ਹੋਇਆ ਹੈ। ਇਕ ਰਿਵਾਇਤ ਮੁਤਾਬਿਕ ਦਸਵੇਂ ਪਾਤਿਸ਼ਾਹ ਇੱਥੇ ਆਇਆ ਕਰਦੇ ਸਨ।

ਅਨੰਦਪੁਰ ਸਾਹਿਬ ਨਾਲ ਸੰਬੰਧਿਤ ਗੁਰਦੁਆਰੇ

ਗੁਰੂ ਸਾਹਿਬ, ਸਾਹਿਬਜ਼ਾਦਾ ਅਜੀਤ ਸਿੰਘ ਤੇ ਮੁੱਖੀ ਸਿੱਖਾਂ ਨੂੰ ਅਨੰਦਪੁਰ ਸਾਹਿਬ ਰਹਿੰਦਿਆਂ ਪਹਾੜੀ ਤੇ ਮੁਗ਼ਲ ਫੌਜਾਂ ਨਾਲ ਕੁਝ ਲੜਾਈਆਂ ਵੀ ਕਰਨੀਆਂ ਪਈਆਂ ਸਨ। ਇਨ੍ਹਾਂ ਸਾਰੀਆਂ ਲੜਾਈਆਂ ਵਾਲੀਆਂ ਜਗਹ ਤੇ ਗੁਰਦੁਆਰੇ ਬਣੇ ਹੋਏ ਹਨ। ਇਨ੍ਹਾਂ ਵਿਚੋਂ ਕੁਝ ਹੇਠ ਲਿਖੇ ਹਨ :

ਗੁਰਦੁਆਰਾ ਨਿਰਮੋਹਗੜ੍ਹ

ਨਿਰਮੋਹਗੜ੍ਹ (ਹਰਦੋ-ਨਿਰਮੋਹ) ਕੀਰਤਪੁਰ ਸਾਹਿਬ ਤੋਂ ੨ ਕੁ ਕਿਲੋਮੀਟਰ ਦੂਰੀ ਤੇ ਇੱਕ ਪਿੰਡ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਇਸ ਪਿੰਡ ਦੇ ਬਾਹਰਵਾਰ ਇੱਕ ਵੱਡੀ ਪਹਾੜੀ ਤੇ ੩ ਅਕਤੂਬਰ ਤੋਂ ੧੩ ਅਕਤੂਬਰ ਤਕ (੧੧ ਦਿਨ) ਰਹੇ ਸਨ।

੨੯ ਅਗਸਤ ਤੋਂ ੧ ਸਿਤੰਬਰ ਤਕ ਚਾਰ ਦਿਨ ਅਜਮੇਰ ਚੰਦ ਬਿਲਾਸਪੁਰੀ ਦੀਆਂ ਫ਼ੌਜਾਂ ਨੇ ਅਨੰਦਪੁਰ ਸਾਹਿਬ ਤੇ ਚਾਰ ਹਮਲੇ ਕੀਤੇ ਸਨਅਤੇ ਚੌਹਾਂ ਵਿਚ ਹੀ ਹਾਰ ਖਾਧੀ ਸੀ। ਆਖ਼ਰੀ ਦਿਨ ਦੀ ਲੜਾਈ ਵਿਚ ਅਜਮੇਰ ਚੰਦ ਦੇ ਮਾਮੇ ਕੇਸਰੀ ਚੰਦ ਦਾ ਸਿਰ ਵੀ ਵੱਢਿਆ ਗਿਆ ਸੀ। ਹਾਰ ਤੇ ਨਮੋਸ਼ੀ ਦੇ ਮਾਰੇ ਪਹਾੜੀ ਰਾਜੇ ਲੋਕਾਂ ਨੂੰ ਮੂੰਹ ਦਿਖਾਣ ਜੋਗੇ ਨਹੀਂ ਸਨ। ੩੦ ਸਿਤੰਬਰ ੧੭੦੦ ਦੇ ਦਿਨ ਕੁਝ ਪਹਾੜੀ ਰਾਜੇ ਬਿਲਾਸਪੁਰ 'ਚ ਇਕੱਠੇ ਹੋਏ ਅਤੇ ਵਿਚਾਰ ਕੀਤੀ ਕਿ ਗੁਰੂ ਸਾਹਿਬ ਨਾਲ ਸਮਝੌਤਾ ਕਰ ਕੇ ਇੱਜ਼ਤ ਬਚਾਈ ਜਾਏ। ਉਨ੍ਹਾਂ ੧ ਅਕਤੂਬਰ ਦੇ ਦਿਨ ਬੁੱਢੇ ਵਜ਼ੀਰ ਪਰਮਾ ਨੰਦ ਨੂੰ ਅਨੰਦਪੁਰ ਸਾਹਿਬ ਭੇਜਿਆ। ਪਰਮਾ ਨੰਦ ਨੇ ਆਟੇ ਦੀ ਗਾਂ ਬਣਾ ਕੇ ਅਨੰਦਗੜ੍ਹ ਕਿਲ੍ਹੇ ਦੇ ਬਾਹਰ ਰੱਖ ਦਿੱਤੀ ਤੇ ਨਾਲ ਇਕ ਖ਼ਤ ਵੀ ਰੱਖ ਦਿੱਤਾ ਜਿਸ ਵਿਚ ਲਿਖਿਆ ਸੀ ਕਿ ਗੁਰੂ ਜੀ ਤੁਸੀਂ ਕੁਝ ਦਿਨਾਂ ਵਾਸਤੇ ਅਨੰਦਪੁਰ ਖਾਲੀ ਕਰ ਜਾਓ ਸਾਡੀ ਇੱਜ਼ਤ ਰਹਿ ਜਾਏਗੀ। ਕੁਝ ਦਿਨ ਮਗਰੋਂ ਤੁਸੀਂ ਫੇਰ ਵਾਪਿਸ ਆ ਜਾਣਾ। ਅਸੀਂ ਗਾਂ ਦੀ ਕਸਮ ਖਾ ਕੇ ਆਖਦੇ ਹਾਂ ਕਿ ਅਸੀਂ ਮੁੜ ਕੇ ਕਦੇ ਵੀ ਅਨੰਦਪੁਰ ਸਾਹਿਬ ਤੇ ਹਮਲਾ ਨਹੀਂ ਕਰਾਂਗੇ। ਗੁਰੂ ਸਾਹਿਬ ਪਹਾੜੀਆਂ ਦੀ ਚਾਲਾਕੀ ਨੂੰ ਸਮਝਦੇ ਸਨ ਪਰ ਫਿਰ ਵੀ ਉਨ੍ਹਾਂ ਨੇ ਤਰਸ ਖਾ ਕੇ ਅਨੰਦਪੁਰ ਛੱਡ ਦਿੱਤਾ ਅਤੇ ਨਿਰਮੋਹਗੜ੍ਹ ਦੀ ਟਿੱਬੀ ਤੇ ਜਾ ਕੇ ਤੰਬੂ ਗੱਡ ਲਏ। ਪਰ ਪਹਾੜੀਏ ਗਾਂ ਦੀ ਕਸਮ ਖਾ ਕੇ ਵੀ ਨਾ ਟਲੇ। ਉਨ੍ਹਾਂ ੮ ਅਕਤੂਬਰ ੧੭੦੦ ਦੇ ਦਿਨ ਨਿਰਮਹੋਗੜ੍ਹ ਦੀ ਪਹਾੜੀ ਤੇ ਹਮਲਾ ਕਰ ਦਿੱਤਾ। ਇਸ ਲੜਾਈ 'ਚ ਬਹੁਤ ਸਾਰੇ ਪਹਾੜੀਏ ਮਾਰੇ ਗਏ। ਇਸ ਲੜਾਈ ਵਿਚ ਦੀਵਾਨ ਸਾਹਿਬ ਸਿੰਘ ਛਿੱਬਰ, ਭਾਈ ਮਥਰਾ ਸਿੰਘ (ਪੁੱਤਰ ਸ਼ਹੀਦ ਦਿਆਲ ਦਾਸ), ਭਾਈ ਸੂਰਤ ਸਿੰਘ, ਭਾਈ ਦੇਵਾ ਸਿੰਘ,

ਭਾਈ ਅਨੂਪ ਸਿੰਘ, ਭਾਈ ਸਰੂਪ ਸਿੰਘ ਵਗੈਰਾ ਸ਼ਹੀਦੀਆਂ ਪਾ ਗਏ। ਸ਼ਾਮ ਤਕ ਹੰਭ ਕੇ ਪਹਾੜੀ ਫ਼ੌਜਾਂ ਵਾਪਿਸ ਮੁੜ ਗਈਆਂ।

ਹੁਣ ਅਜਮੇਰ ਚੰਦ ਨੇ ਬੁੱਢੇ ਵਜ਼ੀਰ ਨੂੰ ਸਰਹਿੰਦ ਦੇ ਗਵਰਨਰ ਵੱਲ ਭੇਜਿਆ ਤੇ ਗੁਰੂ ਸਾਹਿਬ ਤੇ ਹਮਲਾ ਕਰਨ ਵਾਸਤੇ ਅਰਜ਼ ਕੀਤੀ। ਸਰਹਿੰਦ ਦੇ ਗਵਰਨਰ ਨੇ ੧੩ ਅਕਤੂਬਰ ਨੂੰ ਰੁਸਤਮ ਖਾਂ ਤੇ ਨਾਹਰ ਖਾਂ ਦੀ ਅਗਵਾਈ 'ਚ ਫ਼ੌਜ ਭੇਜ ਦਿੱਤੀ। ਮੁਗ਼ਲ ਫ਼ੌਜ ਨੇ ਨਿਰਮੋਹਗੜ੍ਹ ਦੇ ਨੇੜੇ ਇਕ ਹੋਰ ਪਹਾੜੀ ਤੇ ਮੋਰਚੇ ਕਾਇਮ ਕਰ ਲਏ। ਨਾਹਰ ਖ਼ਾਨ ਨੇ ਤੋਪਚੀ ਨੂੰ ਨਿਰਮੋਹਗੜ੍ਹ ਤੇ ਗੋਲਾ ਮਾਰਨ ਵਾਸਤੇ ਆਖਿਆ। ਗੋਲਾ ਸਿੱਧਾ ਰਾਮ ਸਿੰਘ ਕਸ਼ਮੀਰੀ (ਚੌਰਬਰਦਾਰ) ਨੂੰ ਵੱਜਾ। ਉਹ ਥਾਂ ਤੇ ਹੀ ਸ਼ਹੀਦੀ ਪਾ ਗਿਆ। ਇਸ ਤੇ ਗੁਰੂ ਸਾਹਿਬ ਨੇ ਨਿਸ਼ਸਤ ਬੰਨ੍ਹ ਕੇ ਤੀਰ ਮਾਰਿਆ। ਇਸ ਤੀਰ ਨਾਲ ਰੁਸਤਮ ਖਾਨ ਮਾਰਿਆ ਗਿਆ। ਭਾਈ ਉਦੇ ਸਿੰਘ ਦੇ ਇਕ ਤੀਰ ਨੇ ਨਾਸਿਰ ਖਾਨ ਦੀ ਜਾਨ ਲੈ ਲਈ। ਦੋਹਾਂ ਦੇ ਮਰਨ ਮਗਰੋਂ ਵੀ ਇਕ ਪਹਿਰ ਜੰਗ ਹੋਈ। ਇਸ ਜੰਗ 'ਚ ਕਈ ਮੁਗ਼ਲ ਸਿਪਾਹੀ ਮਾਰੇ ਗਏ। ਲੜਾਈ ਵਿਚ ਭਾਈ ਹਿੰਮਤ ਸਿੰਘ, ਭਾਈ ਮੋਹਰ ਸਿੰਘ ਵਗੈਰਾ ਸਿੰਘ ਸ਼ਹੀਦੀਆਂ ਪਾ ਗਏ।

੧੪ ਅਕਤੂਬਰ ਨੂੰ ਅਜਮੇਰ ਚੰਦ ਨੇ ਦੋਬਾਰਾ ਹਮਲਾ ਕਰ ਦਿਤਾ। ਇਸ ਦਿਨ ਵੀ ਖ਼ੂਬ ਲੋਹਾ ਖੜਕਿਆ। ਦੋਹਾਂ ਪਾਸਿਆਂ ਤੋਂ ਕਾਫ਼ੀ ਜਾਨੀ ਨੁਕਸਾਨ ਹੋਇਆ। ਢਾਈ ਪਹਿਰ ਦੀ ਲੜਾਈ 'ਚ ਭਾਈ ਜੀਤਾ ਸਿੰਘ, ਭਾਈ ਨੇਤਾ ਸਿੰਘ ਤੇ ਕਈ ਹੋਰ ਸਿੰਘ ਸ਼ਹੀਦੀਆਂ ਪਾ ਗਏ।

੧੫ ਅਕਤੂਬਰ ਨੂੰ ਬਸਾਲੀ ਦੇ ਰਾਜਾ ਸਲਾਹੀ ਚੰਦ ਦੇ ਆਖਣ ਤੇ ਗੁਰੂ ਸਾਹਿਬ ਨਿਰਮੋਹਗੜ੍ਹ ਛੱਡ ਕੇ ਸਤਲੁਜ ਨਦੀ ਪਾਰ ਕਰ ਕੇ ਬਸਾਲੀ ਚਲੇ ਗਏ। ਬਸਾਲੀ ਜਾਂਦਿਆਂ ਫੇਰ ਝੜਪਾਂ ਹੋਈਆਂ। ਇਨ੍ਹਾਂ ਝੜਪਾਂ ਵਿਚ ਭਾਈ ਕੇਸਰਾ ਸਿੰਘ, ਭਾਈ ਗੋਕਲ ਸਿੰਘ ਵਗੈਰਾ ਨੇ ਸ਼ਹੀਦੀਆਂ ਪਾਈਆਂ।

ਨਿਰਮੋਹਗੜ੍ਹ ਦੀ ਲੜਾਈ ਜਾਂ ਗੁਰੂ ਸਾਹਿਬ ਦੇ ਉੱਥੇ ਰਹਿਣ ਬਾਰੇ ੧੯੭੦ ਤਕ ਕੋਈ ਯਾਦਗਾਰ ਨਹੀਂ ਸੀ। ਇਸ ਮਗਰੋਂ ਪਹਾੜੀ ਦੇ ਹੇਠਾਂ ਇਕ ਸਿੰਘ ਦੀ ਹਿੰਮਤ ਨਾਲ ਇਕ ਨਿੱਕਾ ਜਿਹਾ ਗੁਰਦੁਆਰਾ ਬਣਿਆ। ਮਗਰੋਂ ਪਹਾੜੀ ਦੇ ਉਪਰ ਵੀ ਇਕ ਗੁਰਦੁਆਰਾ ਬਣਨਾ ਸ਼ੁਰੂ ਹੋਇਆ। ਅਜੇ ਤਕ ਸਿਰਫ ਲੈਂਟਰ ਹੀ ਪਿਆ ਹੈ ਤੇ ਈਮਾਰਤ ਬਾਕੀ ਹੈ। ਹੋ ਸਕਦਾ ਹੈ ਕਿ ਖਾਲਸਾ ਦੇ ਤਿੰਨ ਸੌ ਸਾਲਾਂ ਦਿਨ ਤਕ ਇੱਥੇ ਵੀ ਯਾਦਗਾਰ ਤਿਆਰ ਹੋ ਜਾਵੇ।

ਗੁਰਦੁਆਰਾ ਬਸਾਲੀ

ਬਸਾਲੀ ਕੀਰਤਪੁਰ ਸਾਹਿਬ ਤੋਂ ਤਕਰੀਬਨ ੧੪ ਕਿਲੋਮੀਟਰ ਸਿੱਧਾ ਰਸਤਾ ਬਣਦਾ ਹੈ। ਉੱਥੇ ਸੜਕ ਰਾਹੀਂ ਅਨੰਦਪੁਰ ਸਾਹਿਬ ਤੋਂ ਨੂਰਪੁਰ ਬੇਦੀ ਹੋ ਕੇ ਜਾਣਾ ਪੈਂਦਾ ਹੈ ਜਾਂ ਫਿਰ ਰੋਪੜ-ਨੂਰਪੁਰ ਬੇਦੀ ਰੂਟ ਫੜਨਾ ਪੈਂਦਾ ਹੈ। ਨੂਰਪੁਰ ਬੇਦੀ ਤੋਂ ਬਸਾਲੀ ੬ ਕਿਲੋਮੀਟਰ ਹੈ। ਬਸਾਲੀ ੧੭੦੦ ਸੰਨ ਵਿਚ ਇਕ ਨਿੱਕੀ ਜਹੀ ਰਿਆਸਤ

ਸੀ। ਇਸ ਦਾ ਰਾਜਾ ਸਾਲਾਹੀ ਚੰਦ ਅਜਮੇਰ ਚੰਦ ਬਿਲਾਸਪੁਰੀ ਦੀ ਦਾਦੀ ਦਾ ਜੀਜਾ ਸੀ। ਨਿਰਮੋਹਗੜ੍ਹ ਦੀ ਲੜਾਈ ਵੇਲੇ ਇਥੋਂ ਦਾ ਰਾਜਾ ਸਾਲਾਹੀ ਚੰਦ ਗੁਰੂ ਸਾਹਿਬ ਨੂੰ ਬਸਾਲੀ ਲੈ ਗਿਆ ਸੀ। ਬਸਾਲੀ ਜਾਂਦਿਆਂ ਸਤਲੁਜ ਦੇ ਕੰਢੇ ਤੇ ਫੇਰ ਝੜਪਾਂ ਹੋਈਆਂ ਸਨ। ਜਦੋਂ ਗੁਰੂ ਸਾਹਿਬ ਬਸਾਲੀ ਪੁੱਜੇ ਤਾਂ ਉਥੋਂ ਦੇ ਲੋਕਾਂ ਨੇ ਆਪ ਜੀ ਨੂੰ ਬੜੀ ਗਰਮ ਜੋਸ਼ੀ ਨਾਲ 'ਜੀ ਆਇਆ' ਆਖਿਆ। ਬਸਾਲੀ ਪਿੰਡ ਇਕ ਵੱਡੀ ਲੰਬੀ ਚੌੜੀ ਪਹਾੜੀ ਤੇ ਵਸਿਆ ਹੋਇਆ ਹੈ। ਇਸ ਦੇ ਆਲੇ ਦੁਆਲੇ ਤਿੰਨ ਪਾਸੇ ਕਈ ਪਹਾੜੀਆਂ ਹਨ ਤੇ ਚੌਥੇ ਪਾਸੇ ਮੈਦਾਨ ਹੈ। ਇੱਥੋਂ ਲੈ ਕੇ ਦਰਿਆ ਸਤਲੁਜ ਤਕ ਉਦੋਂ ਬਸਾਲੀ ਰਿਆਸਤ ਸੀ।

ਬਸਾਲੀ ਵਿਚ ਗੁਰੂ ਸਾਹਿਬ ਰਾਜੇ ਦੇ ਮਹਿਲ 'ਚ ਪਹਾੜੀ ਉਪਰ ਰਹੇ ਅਤੇ ਬਾਕੀ ਸਿੰਘਾਂ ਵਾਸਤੇ ਪਹਾੜ ਦੇ ਹੇਠਾਂ ਮੈਦਾਨੀ ਇਲਾਕੇ ਵਿਚ ਤੰਬੂ ਲਾ ਦਿੱਤੇ ਗਏ। ਗੁਰੂ ਸਾਹਿਬ ੧੫ ਅਕਤੂਬਰ ਤੋਂ ੩੦ ਅਕਤੂਬਰ ੧੭੦੦ ਤਕ ਪੰਦਰਾਂ ਦਿਨ ਬਸਾਲੀ ਰਹੇ ਤੇ ਫੇਰ ਅਨੰਦਪੁਰ ਸਾਹਿਬ ਪਰਤ ਗਏ। ਉਦੋਂ ਅਨੰਦਪੁਰ ਸਾਹਿਬ ਤਕ ਸਿੱਧਾ ਰਸਤਾ ੨੦ ਕਿਲੋਮੀਟਰ ਸੀ ਤੇ ਸਤਲੁਜ ਦਰਿਆ ਪਾਰ ਕਰਨਾ ਪੈਂਦਾ ਸੀ।

ਕਿਸੇ ਵੇਲੇ ਬਸਾਲੀ ਦੇ ਰਾਜ ਮਹਿਲ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਸੀ। ਮਗਰੋਂ ਕਿਸੇ ਨੇ ਉਸ ਘਰ ਤੇ ਕਬਜ਼ਾ ਕਰ ਲਿਆ ਤੇ ਹੌਲੀ ਹੌਲੀ ਗੁਰਦੁਆਰੇ ਦਾ ਨਾਂ ਨਿਸ਼ਾਨ ਮਿਟਾ ਦਿੱਤਾ ਗਿਆ। ਹੁਣ ਤਾਂ ਸਲਾਹੀ ਚੰਦ ਦੀ ਸਮਾਧ ਵਾਲੀ ਜਗਹ ਤੋਂ ਸਿਵਾ ਬਸਾਲੀ ਦੇ ਰਾਜੇ ਜਾਂ ਉਸ ਖ਼ਾਨਦਾਨ ਦੀ ਕੋਈ ਵੀ ਯਾਦ ਕਾਇਮ ਨਹੀਂ। ਪਿੰਡ ਦੇ ਲੋਕ ਸਿੱਖਾਂ ਤੋਂ ਉਂਞ ਹੀ ਖਾਰ ਖਾਦੇ ਹਨ ਤੇ ਸਿੱਖਾਂ ਨੂੰ ਉਨ੍ਹਾਂ ਦਾ ਗੁਰਦੁਆਰਾ ਵਾਪਿਸ ਕਰਨ ਵਾਸਤੇ ਤਿਆਰ ਨਹੀਂ। ਸਿੰਘਾਂ ਨੇ ਪਹਾੜ ਤੋਂ ਹੇਠਾਂ ਇਕ ਗੁਰਦੁਆਰਾ ਬਣਾਇਆ ਹੋਇਆ ਹੈ। ਗੁਰਦੁਆਰੇ ਦੀ ਆਮਦਨ ਥੋੜ੍ਹੀ ਹੈ ਪਰ ਫਿਰ ਵੀ ਗੁਰਦੁਆਰੇ ਦੇ ਸੇਵਾਦਾਰ ਆਏ ਗਏ ਦੀ ਸੇਵਾ ਕਰਦੇ ਹਨ। ਸ਼ਾਹੀ ਮਕਾਨ ਵਾਲੇ ਗੁਰਦੁਆਰੇ ਦਾ ਕੋਈ ਥੁਹ ਪਤਾ ਨਹੀਂ ਲਗਦਾ ਹਾਲਾਂ ਕਿ ਅੱਜ ਤੋਂ ਇਕ ਸੌ ਸਾਲ ਪਹਿਲਾਂ ਗਿਆਨੀ ਗਿਆਨ ਸਿੰਘ ਨੇ ਗੁਰਧਾਮਾਂ ਬਾਰੇ ਲਿਖੀ ਕਿਤਾਬ ਵਿਚ ਇਸ ਦਾ ਜ਼ਿਕਰ ਵੀ ਕੀਤਾ ਸੀ। ਬਸਾਲੀ ਵਿਚ ਸਿਰਫ਼ ਇਕ ਅਖੌਤੀ ਪਛੜੀ ਜ਼ਾਤ ਦੇ ਘਰ ਨੂੰ ਛਡ ਕੇ ਬਾਕੀ ਸਾਰੇ ਘਰ ਹਿੰਦੂ ਰਾਜਪੂਤਾਂ ਦੇ ਹਨ ਜੋ ਦਿਲੋਂ ਸਿੱਖਾਂ ਨੂੰ ਪਸੰਦ ਨਹੀਂ ਕਰਦੇ ਪਰ ਸਿੱਖਾਂ ਤੋਂ ਮਦਦ ਜ਼ਰੂਰ ਲੈਣੀ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਸਿੱਖ ਪਹਾੜੀ ਤਕ ਪੱਕੀ ਸੜਕ ਬਣਾ ਦੇਣ ਪਰ ਉਹ ਗੁਰਦੁਆਰੇ ਦੀ ਪੁਰਾਣੀ ਜਗਹ ਦੇਣ ਨੂੰ ਤਿਆਰ ਨਹੀਂ ਹਨ।

ਗੁਰਦੁਆਰਾ ਕਲਮੋਟ

ਬਸਾਲੀ ਵਿਚ ਪੰਜ ਦਿਨ ਰਹਿਣ ਮਗਰੋਂ ਗੁਰੂ ਸਾਹਿਬ ਨੇ ਸ਼ਿਕਾਰ ਤੇ ਜਾਣ

ਦੀ ਤਿਆਰੀ ਕੀਤੀ। ੨੦ ਅਕਤੂਬਰ ੧੭੦੦ ਦੇ ਦਿਨ ਗੁਰੂ ਸਾਹਿਬ, ਭਾਈ ਉਦੈ ਸਿੰਘ ਅਤੇ ਕੁਝ ਹੋਰ ਸਿੰਘ ਸ਼ਿਕਾਰ ਦੀ ਭਾਲ 'ਚ ਨਿਕਲੇ। ਬਸਾਲੀ ਤੋਂ ਨੰਗਲ ਵੱਲ ਪਹਾੜਾਂ ਵਿਚ ਸ਼ਿਕਾਰ ਢੂੰਢਦਿਆਂ ਇਕ ਬਘਿਆੜ ਦਾ ਪਿੱਛਾ ਕਰਦੇ ਸਿੰਘ ਪਿੰਡ ਕਲਮੋਟ ਕੋਲ ਆ ਗਏ। ਇੱਥੇ ਆ ਕੇ ਬਘਿਆੜ ਗੋਲੀ ਨਾਲ ਜ਼ਖ਼ਮੀ ਹੋਇਆ ਡਿੱਗ ਪਿਆ। ਕਲਮੋਟ ਦੇ ਰੰਘੜ ਤੇ ਗੁੱਜਰ ਆਵਾਜ਼ਾਂ ਸੁਣ ਕੇ ਘਰਾਂ 'ਚੋਂ ਬਾਹਰ ਨਿਕਲ ਆਏ ਅਤੇ ਨਿਗੂਣੀ ਜਹੀ ਗੱਲ ਤੇ ਝਗੜਨ ਲਗੇ। ਆਪਸੀ ਮੁਠਭੇੜ 'ਚ ਇਕ ਸਿੰਘ ਭਾਈ ਜੀਵਣ ਸਿੰਘ (ਭਾਈ ਮਨੀ ਸਿੰਘ ਦਾ ਚਾਚਾ) ਜ਼ਖ਼ਮੀ ਹੋ ਕੇ ਸ਼ਹੀਦ ਹੋ ਗਿਆ। ਕੁਝ ਕੁ ਕਲਮੋਟ ਵਾਸੀ ਵੀ ਮਾਰੇ ਗਏ।

ਕਲਮੋਟ ਬਸਾਲੀ ਤੋਂ ੨੦-੨੫ ਕਿਲੋਮੀਟਰ ਹੈ। ਇਹ ਅਨੰਦਪੁਰ ਸਾਹਿਬ ਤੋਂ ਵੀ ੧੮ ਕਿਲੋਮੀਟਰ ਪੈਂਦਾ ਹੈ ਪਰ ਗੁਰੂ ਸਾਹਿਬ ਵੇਲੇ ਇੱਥੇ ਅੱਜ ਵਰਗੀਆਂ ਸੜਕਾਂ ਨਹੀਂ ਸਨ ਅਤੇ ਸਿੱਧੀ ਉਡਾਨ ਵਾਂਗ ਕੱਚੇ ਰਾਹ ਤੋਂ ਨੇੜੇ ਪੈਂਦਾ ਸੀ। ਕਲਮੋਟ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਕੋਈ ਡੇਢ ਸੌ ਸਾਲ ਪਹਿਲੋਂ ਬਣਿਆ ਸੀ। ਉਦੋਂ ਗੁਰਦੁਆਰਾ ਨਿੱਕਾ ਜਿਹਾ ਸੀ। ੧੯੬੦ ਤੋਂ ਮਗਰੋਂ ਇੱਥੇ ਨਵੀਂ ਈਮਾਰਤ ਉਸਾਰੀ ਗਈ। ਗੁਰਦੁਆਰਾ ਪਿੰਡ ਦੀ ਪਹਾੜੀ ਦੇ ਉੱਤੇ ਹੈ। ਜਦੋਂ ਗੁਰਦੁਆਰਾ ਬਣਿਆ ਉਦੋਂ ਉੱਤੇ ਤਕ ਕੱਚੀ ਪਹਾੜੀ-ਪਗਡੰਡੀ ਬਣੀ ਹੋਈ ਸੀ। ਉਸ ਦਾ ਕੁਝ ਹਿੱਸਾ ਹੁਣ ਖ਼ਤਮ ਹੋ ਗਿਆ ਹੈ ਅਤੇ ਉੱਥੇ ਬੂਟੀ ਉਗੀ ਹੋਈ ਹੈ। ਸਿਰਫ਼ ਥੋੜੀ ਜਹੀ ਮਿਹਨਤ ਨਾਲ ਇਹ ਸੜਕ ਵਧੀਆ ਬਣ ਸਕਦੀ ਹੈ। ਕਦੇ ਏਥੇ ਵੀ ਬੜੀ ਵਸੋਂ ਸੀ। ਦਰਜਨਾਂ ਮਕਾਨਾਂ ਦੇ ਥੇਹ ਅਜੇ ਵੀ ਨਜ਼ਰ ਆਉਂਦੇ ਹਨ। ਸਿਰਫ਼ ਇਕ ਪੰਡਤ ਪਰਿਵਾਰ ਤੇ ਇਕ ਗ੍ਰੰਥੀ ਸਿੰਘ ਹੀ ਪਹਾੜ ਤੇ ਰਹਿੰਦੇ ਹਨ। ਬਾਕੀ ਸਾਰੇ ਲੋਕ ਖ਼ਤਰਨਾਕ ਬੂਟੀ ਤੋਂ ਡਰਦੇ ਹੇਠਾਂ ਪਿੰਡ ਵਿਚ ਚਲੇ ਗਏ ਹਨ। ਕਲਮੋਟ ਪਿੰਡ ਹਿੰਦੂਆਂ ਦਾ ਪਿੰਡ ਹੈ। ਇੱਥੇ ਸਿੱਖਾਂ ਦਾ ਕੋਈ ਘਰ ਨਹੀਂ। ਪਿੰਡ ਕਲਮੋਟ ਵੀ ਜ਼ਮੀਨੀ ਤਲ ਤੋਂ ਬਹੁਤ ਉੱਚਾ ਹੈ ਤੇ ਕੋਈ ਇਕ ਕਿਲੋਮੀਟਰ ਦੀ ਚੜ੍ਹਾਈ ਤੇ ਹੈ। ਹੇਠਾ ਉਤਰ ਕੇ ਨੇੜੇ ਹੀ ਪਿੰਡ ਖੇੜਾ ਹੈ। ਇਸ ਕਰ ਕੇ ਇਸ ਨੂੰ "ਖੇੜਾ-ਕਲਮੋਟ" ਵੀ ਆਖਦੇ ਹਨ। ਇੱਥੋਂ ਗੁਰਪਲਾਹ ਗੁਰਦੁਆਰਾ ੮ ਕੁ ਕਿਲੋਮੀਟਰ ਹੈ। ਕਲਮੋਟ ਪੰਜਾਬ ਵਿਚ ਅਤੇ ਗੁਰਪਲਾਹ (ਊਨਾ ਜ਼ਿਲ੍ਹਾ) ਹਿਮਾਂਚਲ ਵਿਚ ਹੈ। ਕਲਮੋਟ ਪਹੁੰਚਣ ਵਾਸਤੇ ਨੂਰਪੁਰ ਬੇਦੀ ਦੀ ਸੜਕ ਤੇ ਕਾਹਨਪੁਰ ਖੂਹੀ ਤੋਂ ਸੜਕ ਮੁੜਦੀ ਹੈ ਤੇ ਸਿੱਧੀ ਖੇੜ-ਕਲਮੋਟ ਤਕ ਜਾਂਦੀ ਹੈ।

ਗੁਰਦੁਆਰਾ ਬਜਰੂੜ

੧੩ ਅਪ੍ਰੈਲ ੧੭੦੧ ਦੇ ਦਿਨ ਦੜਪ ਦੇਸ਼ ਦੀ ਸੰਗਤ ਅਨੰਦਪੁਰ ਸਾਹਿਬ ਗੁਰੂ ਸਾਹਿਬ ਦੇ ਦਰਸ਼ਨ ਵਾਸਤੇ ਆਈ। ਅਨੰਦਪੁਰ ਆਉਂਦੀ ਸੰਗਤ ਨੂੰ ਰਸਤੇ ਵਿਚ ਬਜਰੂੜ ਪਿੰਡ ਦੇ ਲੋਕਾਂ ਨੇ ਲੁੱਟ ਲਿਆ। ਜਦੋਂ ਸੰਗਤਾਂ ਨੇ ਗੁਰੂ ਸਾਹਿਬ ਨੂੰ ਇਸ ਬਾਰੇ ਦਸਿਆ ਤਾਂ ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੈ

ਸਿੰਘ ਦੀ ਅਗਵਾਈ ਵਿਚ ਇਕ ਸੌ ਸਿੰਘਾਂ ਦਾ ਜੱਥਾ ਬਜਰੂੜ ਪਿੰਡ ਨੂੰ ਭੇਜਿਆ। ਸਿੰਘਾਂ ਨੇ ਲੁਟੇਰਿਆਂ ਦੇ ਆਗੂ ਚਿਤੂ ਤੇ ਮਿਤੂ ਨੂੰ ਸਖ਼ਤ ਸਜ਼ਾ ਦਿੱਤੀ ਤੇ ਉਨ੍ਹਾਂ ਦੇ ਸਾਥ ਦੇਣ ਵਾਲਿਆਂ ਦੀ ਵੀ ਭੁਗਤ ਸਵਾਰੀ ਤੇ ਉਨ੍ਹਾਂ ਦੇ ਘਰ ਢਾਹ ਦਿਤੇ। ਇਸ ਮਗਰੋਂ ਅਨੰਦਪੁਰ ਸਾਹਿਬ ਵੱਲ ਆਉਣ ਵਾਲੀ ਸੰਗਤ ਨੂੰ ਕਦੇ ਵੀ ਕਿਸੇ ਨੇ ਵੀ ਰਾਹ ਵਿਚ ਤੰਗ ਨਾ ਕੀਤਾ।

ਬਜਰੂੜ ਪਿੰਡ ਅਨੰਦਪੁਰ ਸਾਹਿਬ ਤੋਂ ਪੰਛੀ ਦੀ ਉਡਾਣ ਤੇ ਸਿਰਫ਼ ਸੱਤ-ਅੱਠ ਕਿਲੋਮੀਟਰ ਹੈ ਪਰ ਸੜਕ ਰਾਹੀਂ ਨੂਰਪੁਰ ਬੇਦੀ ਤੋਂ ਤਕਰੀਬਨ ੯ ਕਿਲੋਮੀਟਰ ਹੈ। ਇੱਥੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਾਂ ਤੇ ਇਕ ਗੁਰਦੁਆਰਾ ਬਣਿਆ ਹੋਇਆ ਹੈ। ਪਿੰਡ ਵਿਚ ਕਾਫ਼ੀ ਰਾਮ-ਰਾਈਏ ਵੀ ਰਹਿੰਦੇ ਜਾਪਦੇ ਹਨ। ਉਨ੍ਹਾਂ ਵਿਚੋਂ ਕਿਸੇ ਨੇ ਰਾਮ ਰਾਇ ਦੇ ਨਾਂ ਤੇ ਬੱਚਿਆਂ ਦਾ ਸਕੂਲ ਵੀ ਖੋਲ੍ਹਿਆ ਹੋਇਆ ਹੈ। (ਸਿੱਖਾਂ ਨੂੰ ਗੁਰੂ ਸਾਹਿਬ ਨੇ ਰਾਮ-ਰਾਈਆਂ ਨਾਲ ਸੰਬੰਧ ਰੱਖਣ ਤੇ ਪਾਬੰਦੀ ਲਾਈ ਹੋਈ ਹੈ)। ਇਸ ਗੁਰਦੁਆਰੇ ਦਾ ਇੰਤਜ਼ਾਮ ਅਜੇ ਮੁਕਾਮੀ ਲੋਕਾਂ ਕੋਲ ਹੀ ਹੈ।

ਗੁਰਦੁਆਰਾ ਬੱਸੀ ਕਲਾਂ

੬ ਮਾਰਚ ੧੭੦੩ ਦੇ ਦਿਨ ਦੁਆਬੇ ਦਾ ਇਕ ਬ੍ਰਾਹਮਣ ਦੇਵਕੀ ਦਾਸ ਅਨੰਦਪੁਰ ਸਾਹਿਬ ਆਇਆ ਅਤੇ ਗੁਰੂ ਸਾਹਿਬ ਕੋਲ ਫ਼ਰਿਆਦ ਕੀਤੀ ਕਿ ਬੱਸੀ ਕਲਾਂ ਦਾ ਹਾਕਮ ਜਬਰ ਜੰਗ ਖਾਂ ਉਸ ਦੀ ਬੀਵੀ ਨੂੰ ਜਬਰੀ ਲੈ ਗਿਆ ਹੈ। ਗੁਰੂ ਸਾਹਿਬ ਨੇ ਉਸ ਬ੍ਰਾਹਮਣ ਦੀ ਪਤਨੀ ਵਾਪਿਸ ਦਿਵਾਉਣ ਵਾਸਤੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਦੀ ਅਗਵਾਈ ਹੇਠ ਇਕ ਸੌ ਸਿੰਘਾਂ ਨੂੰ ਅਨੰਦਪੁਰ ਸਾਹਿਬ ਤੋਂ ਪਿੰਡ ਬੱਸੀ ਕਲਾਂ (ਹੁਸ਼ਿਆਰਪੁਰ ਤੋਂ ੧੨ ਕਿਲੋਮੀਟਰ) ਭੇਜਿਆ। ੭ ਮਾਰਚ ਦੇ ਦਿਨ ਸਿੰਘਾਂ ਨੇ ਜਬਰ ਜੰਗ ਖਾਂ ਨੂੰ ਜਾ ਘੇਰਿਆ। ਪਹਿਲਾਂ ਤਾਂ ਉਸ ਨੇ ਮੁਕਾਬਲਾ ਕੀਤਾ ਪਰ ਫੇਰ ਹਥਿਆਰ ਸੁੱਟ ਦਿੱਤੇ। ਸਿੰਘਾਂ ਨੇ ਜਬਰ ਜੰਗ ਖਾਂ ਨੂੰ ਗ੍ਰਿਫ਼ਤਾਰ ਕਰ ਕੇ ਗੁਰੂ ਸਾਹਿਬ ਦੇ ਪੇਸ਼ ਕੀਤਾ ਤੇ ਬ੍ਰਾਹਮਣ ਨੂੰ ਉਸ ਦੀ ਪਤਨੀ ਵਾਪਿਸ ਦਿਵਾਈ। ਬੱਸੀ ਕਲਾਂ ਵਿਚ ਸਿੰਘਾਂ ਦੇ ਇਸ ਕਾਰਨਾਮੇ ਦੀ ਯਾਦ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ। ਪਹਿਲੋਂ ਇਹ ਇਕ ਛੋਟੀ ਜਹੀ ਯਾਦਗਾਰ ਸੀ ਪਰ ੧੯੯੦ ਵਿਚ ਇਸ ਦੀ ਜਗਹ ਇਕ ਸ਼ਾਨਦਾਰ ਈਮਾਰਤ ਉਸਾਰੀ ਗਈ ਹੈ।

ਅਨੰਦਪੁਰ ਸਾਹਿਬ ਤੋਂ ਦੂਰ
ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਸੰਬੰਧਿਤ ਗੁਰਦੁਆਰੇ

ਇਨ੍ਹਾਂ ਜਗਹ ਤੋਂ ਇਲਾਵਾ ਗੁਰੂ ਸਾਹਿਬ ਕਈ ਹੋਰ ਨਗਰਾਂ ਵਿਚ ਵੀ ਗਏ ਇਨ੍ਹਾਂ ਵਿਚੋਂ ਬਿਲਾਸਪੁਰ, ਰਿਵਾਲਸਰ, ਪੁਰਮੰਡਲ, ਜੰਮੂ, ਚੱਕ ਕਾਨ੍ਹਾ, ਰਾਮਗੜ੍ਹ, ਖਿਰੜੀ, ਸਾਂਬਾ, ਪਠਾਨਕੋਟ, ਹੁਸ਼ਿਆਰਪੁਰ, ਨਾਹਨ, ਪਾਉਂਟਾ, ਭੰਗਾਣੀ, ਨਦੌਣ ਵਗੈਰਾ ਮੁਖ ਹਨ। ਭੰਗਾਣੀ ਤੇ ਨਦੌਣ 'ਚ ਗੁਰੂ ਸਾਹਿਬ ਨੇ ਲੜਾਈ ਵਿਚ ਵੀ ਹਿੱਸਾ ਲਿਆ ਸੀ। ਇਨ੍ਹਾਂ ਸਾਰੀਆਂ ਜਗਹ ਵਿਚੋਂ ਕਈ ਜਗਹ ਤੇ ਗੁਰਦੁਆਰੇ ਬਣੇ ਹੋਏ ਹਨ। ਪਰ ਪੁਰਮੰਡਲ, ਜੰਮੂ, ਚੱਕ ਕਾਨ੍ਹਾ, ਰਾਮਗੜ੍ਹ, ਖਿਰੜੀ, ਸਾਂਬਾ, ਪਠਾਨਕੋਟ ਤੇ ਹੁਸ਼ਿਆਰਪੁਰ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਅਜੇ ਕੋਈ ਗੁਰਦੁਆਰਾ ਨਹੀਂ ਬਣਿਆ। ਕੁਝ ਗੁਰਦੁਆਰੇ ਹੇਠ ਲਿਖੇ ਹਨ :

ਗੁਰਦੁਆਰਾ ਬਿਲਾਸਪੁਰ

ਬਿਲਾਸਪੁਰ ਕੀਰਤਪੁਰ ਸਾਹਿਬ ਤੋਂ ਤਕਰੀਬਨ ੬੦ ਕਿਲੋਮੀਟਰ ਦੂਰ ਹੈ। ਇਹ ਕਦੇ ਕਹਿਲੂਰ ਰਿਆਸਤ ਦੀ ਰਾਜਧਾਨੀ ਸੀ। ਅਕਤੂਬਰ ੧੬੧੯ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਇੱਥੋਂ ਦੇ ਰਾਜੇ ਕਲਿਆਣ ਚੰਦ ਅਤੇ ਕੁੰਵਰ ਤਾਰਾ ਚੰਦ ਨੂੰ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਕਰਵਾਇਆ ਸੀ। ਛੇਵੇਂ ਤੋਂ ਦਸਵੇਂ ਪਾਤਿਸ਼ਾਹ ਤਕ ਇਸ ਰਿਆਸਤ ਦੇ ਗੁਰੂ ਸਾਹਿਬ ਨਾਲ ਸੰਬੰਧ ਰਹੇ ਸਨ। ਰਾਜਾ ਕਲਿਆਣ ਚੰਦ ਤੋਂ ਰਾਜਾ ਭੀਮ ਚੰਦ ਤਕ ਗੁਰੂ ਸਾਹਿਬ ਨਾਲ ਸੰਬੰਧ ਵਧੀਆ ਸਨ ਪਰ ੧੬੯੨ ਵਿਚ ਜਦੋਂ ਅਜਮੇਰ ਚੰਦ ਰਾਜਾ ਬਣਿਆ ਤਾਂ ਉਸ ਨੇ ਗੁਰੂ ਸਾਹਿਬ ਨਾਲ ਬਿਨਾ ਵਜਹ ਸੰਬੰਧ ਵਿਗਾੜ ਲਏ। ਫਿਰ ਉਸ ਨੇ ਗੁਰੂ ਸਾਹਿਬ ਤੇ ਕਈ ਵਾਰ ਹਮਲੇ ਕੀਤੇ ਤੇ ਅਖ਼ੀਰ ਗੁਰੂ ਸਾਹਿਬ ਨੂੰ ਅਨੰਦਪੁਰ ਸਾਹਿਬ ਛੱਡ ਕੇ ਜਾਣਾ ਪਿਆ। ਅਨੰਦਪੁਰ ਸਾਹਿਬ, ਚੱਕ ਨਾਨਕੀ ਤੇ ਕੀਰਤਪੁਰ ਸਾਹਿਬ ਦੇ ਇਲਾਕੇ ਕਿਸੇ ਵੇਲੇ ਰਿਆਸਤ ਕਹਿਲੂਰ ਦਾ ਹਿੱਸਾ ਸਨ।

ਜਦੋਂ ਬਿਲਾਸਪੁਰ ਦੇ ਰਾਜੇ ਗੁਰੂ ਸਾਹਿਬ ਦੇ ਵਫ਼ਾਦਾਰ ਸਨ ਤਾਂ ਗੁਰੂ ਸਾਹਿਬ ਰਾਜ ਘਰਾਨੇ ਦੇ ਹਰ ਪਰਿਵਾਰਕ ਮੌਕੇ ਤੇ ਬਿਲਾਸਪੁਰ ਪੁੱਜਿਆ ਕਰਦੇ ਸਨ। ਇਸ ਨਗਰ ਵਿਚ ਨੌਵੇਂ ਤੇ ਦਸਵੇਂ ਨਾਨਕ ਨੇ ਕਈ ਵਾਰ ਦਰਸ਼ਨ ਦਿੱਤੇ ਸਨ। ਗੁਰੂ ਗੋਬਿੰਦ ਸਾਹਿਬ ਇੱਥੇ ਚਾਰ ਵਾਰ ਗਏ ਸਨ। ਸਾਹਿਬਜ਼ਾਦਾ ਅਜੀਤ ਸਿੰਘ ਨਿੱਕੇ ਹੁੰਦਿਆਂ ਇੱਥੇ ਗਿਆ ਸੀ। ਮਾਤਾ ਨਾਨਕੀ (ਮਾਤਾ ਗੁਰੂ ਤੇਗ਼ ਬਹਾਦਰ ਸਾਹਿਬ), ਮਾਤਾ ਗੁਜਰੀ, ਮਾਤਾ ਜੀਤ ਕੌਰ, ਬੀਬੀ ਰੂਪ ਕੌਰ (ਪੁੱਤਰੀ ਗੁਰੂ ਹਰਿ ਰਾਇ ਸਾਹਿਬ),

ਮਾਤਾ ਬਸੀ (ਮਾਤਾ ਗੁਰੂ ਹਰਿ ਰਾਇ ਸਾਹਿਬ), ਮਾਤਾ ਸੁਲਖਣੀ (ਪਤਨੀ ਗੁਰੂ ਹਰਿ ਰਾਇ ਸਾਹਿਬ) ਰਾਮ ਰਾਇ ਅਤੇ ਹੋਰ ਬਹੁਤ ਸਾਰੇ ਸਿੱਖ ਕਈ ਵਾਰ ਬਿਲਾਸਪੁਰ ਗਏ ਸਨ। ਬਿਲਾਸਪੁਰ ਦੀ ਰਾਣੀ ਚੰਪਾ ਨੇ ੧੬੯੧ ਵਿਚ ਚੜ੍ਹਾਈ ਕੀਤੀ। ਉਹ ਤਕਰੀਬਨ ੪੦ ਸਾਲ ਗੁਰੂ ਘਰ ਨਾਲ ਜੁੜੀ ਰਹੀ ਸੀ ਤੇ ਉਸ ਦੇ ਅਹਿਦ ਵਿਚ ਗੁਰੂ ਸਾਹਿਬਾਨ ਅਕਸਰ ਜਾਂ ਤਾਂ ਆਪ ਬਿਲਾਸਪੁਰ ਜਾਇਆ ਕਰਦੇ ਸਨ ਜਾਂ ਰਾਣੀ ਚੰਪਾ ਤੇ ਉਸ ਦਾ ਪੁੱਤਰ ਰਾਜਾ ਭੀਮ ਚੰਦ ਚੱਕ ਨਾਨਕੀ-ਅਨੰਦਪੁਰ ਸਾਹਿਬ ਆਇਆ ਕਰਦੇ ਸਨ।

ਗੁਰੂ ਸਾਹਿਬ ਦੀ ਯਾਦ 'ਚ ਸ਼ਾਹੀ ਮਹੱਲ 'ਚ ਇੱਕ ਗੁਰਦੁਆਰਾ ਬਣਿਆ ਹੋਇਆ ਸੀ। ਪਰ ਬਿਲਾਸਪੁਰ ਦੇ ਕੁਝ ਸਿੱਖ-ਦੁਸ਼ਮਣ ਰਾਜਿਆਂ ਨੇ ਇਸ ਜਗਹ ਨੂੰ ਬੰਦ ਕੀਤਾ ਹੋਇਆ ਸੀ ਤੇ ਸਿੱਖਾਂ ਨੂੰ ਇੱਥੇ ਵੜਨ ਤਕ ਨਹੀਂ ਸੀ ਦਿੱਤਾ ਜਾਂਦਾ। ਵਾਹਿਗੁਰੂ ਨੇ ਬਿਲਾਸਪੁਰ ਦੇ ਇਸ ਪਰਿਵਾਰ ਨੂੰ ਐਸੀ ਸਜ਼ਾ ਦਿਤੀ ਕਿ ਉਹ ਬਿਲਾਸਪੁਰ ਸ਼ਹਿਰ, ਜਿਸ ਵਿਚ ਸ਼ਾਹੀ ਮਹੱਲ ਸਨ, ਭਾਖੜਾ ਡੈਮ ਵਾਸਤੇ ਬਣੇ ਸਾਗਰ ਵਿਚ ੫੦ ਫੁਟ ਪਾਣੀ ਦੇ ਹੇਠ ਚਲਾ ਗਿਆ ਅਤੇ ਉਸ ਸਾਗਰ ਦਾ ਨਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਯਾਦ ਵਿਚ "ਗੋਬਿੰਦ ਸਾਗਰ" ਰੱਖਿਆ ਗਿਆ। ਸਿੱਖਾਂ ਨੂੰ ਗੁਰੂ ਸਾਹਿਬ ਦੀ ਯਾਦਗਾਰ ਦੇ ਨੇੜੇ ਨਾ ਫਟਕਣ ਦੇਣ ਵਾਲਿਆਂ ਦਾ ਮਹੱਲ, ਰਾਜਧਾਨੀ, ਰਿਆਸਤ ਤੇ ਖ਼ਾਨਦਾਨ ਵੀ ਖ਼ਤਮ ਹੋ ਗਿਆ।

ਉਹ ਗੁਰਦੁਆਰਾ ਸ਼ਾਹੀ ਮਹੱਲ ਦੇ ਨਾਲ ਹੀ 'ਗੋਬਿੰਦ ਸਾਗਰ' ਦਾ ਭਾਵੇਂ ਹਿੱਸਾ ਬਣ ਗਿਆ ਪਰ ਸਾਰਾ ਸਾਗਰ ਹੀ ਗੁਰੂ ਸਾਹਿਬ ਦੀ ਯਾਦਗਾਰ ਬਣ ਗਿਆ ਹੈ। ਅੱਜ ਕਲ੍ਹ ਪੁਰਾਣੇ ਬਿਲਾਸਪੁਰ ਤੋਂ ਦੂਰ ਉਪਰਲੀਆਂ ਪਹਾੜੀਆਂ ਵਿਚ ਨਵੇਂ ਵਸਾਏ ਗਏ ਬਿਲਾਸਪੁਰ ਵਿਚ ਦਸਵੀਂ ਪਾਤਸ਼ਾਹੀ ਦੀ ਯਾਦ ਵਿਚ ਇਕ ਨਵੀਂ ਜਗਹ ਤੇ ਗੁਰਦੁਆਰਾ ਬਣਾਇਆ ਗਿਆ ਹੈ। ਇਸ ਦੀ ਈਮਾਰਤ ਨਵੀਂ ਹੈ ਤੇ ਇਸ ਦਾ ਇੰਤਜ਼ਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ। ਬਿਲਾਸਪੁਰ ਵਿਚ ਸਿੱਖਾਂ ਦੇ ਸਿਰਫ਼ ਦੋ ਹੀ ਘਰ ਹਨ ਤੇ ਸਿਰਫ਼ ਯਾਤਰੂ ਹੀ ਗੁਰਦੁਆਰੇ ਜਾਂਦੇ ਹਨ। ਪੁਰਾਣੇ ਬਿਲਾਸਪੁਰ ਦੇ ਦੂਜੇ ਪਾਸੇ ਪਹਾੜੀਆਂ ਵਿਚ ਵਸੇ ਨਿੱਕੇ-ਨਿੱਕੇ ਪਿੰਡਾਂ ਵਿਚ ਕੁਝ ਘਰ ਅਖੌਤੀ-ਪਛੜੀਆਂ ਜ਼ਾਤਾਂ ਦੇ ਸਿੱਖਾਂ ਦੇ ਹਨ।

ਗੁਰਦੁਆਰਾ ਰਿਵਾਲਸਰ

ਮਾਰਚ ੧੬੯੨ ਵਿਚ ਬਿਲਾਸਪੁਰ ਦੇ ਰਾਜੇ ਭੀਮ ਚੰਦ ਦੇ ਉੱਦਮ ਨਾਲ ਪਹਾੜੀ ਰਾਜਿਆਂ ਨੇ ਇਕ ਇੱਕਠ ਕਰਨ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਇਸ ਦੀ ਸਦਾਰਤ ਕਰਨ ਵਾਸਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਅਰਜ਼ ਕੀਤੀ। ੨੮ ਮਾਰਚ ੧੬੯੨ ਦੇ ਦਿਨ ਇਹ ਇਕੱਠ ਰਿਵਾਲਸਰ ਵਿਚ ਹੋਇਆ। ਇਸ ਇਕੱਠ ਵਿਚ ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਦੀ ਨਿਗਹਬਾਨੀ ਤੇ ਸਰਪਸਤੀ ਕਰਨ ਵਾਸਤੇ ਆਪਣੀ ਮਨਜ਼ੂਰੀ ਦਿੱਤੀ ਤੇ ਪਹਾੜੀ ਰਾਜਿਆਂ ਨੇ ਵੀ ਵਾਅਦਾ ਕੀਤਾ ਕਿ ਉਹ ਹਮੇਸ਼ਾ

ਇਕੱਠੇ ਰਹਿਣਗੇ ਅਤੇ ਮੁਗ਼ਲਾਂ ਦੀ ਗੁਲਾਮੀ ਨੂੰ ਕਬੂਲ ਨਹੀਂ ਕਰਨਗੇ।

ਗੁਰੂ ਸਾਹਿਬ ਦੀ ਰਿਵਾਲਪੁਰ ਵਿਚ ਫੇਰੀ ਦੀ ਯਾਦ ਵਿਚ ਇੱਕ ਬੜਾ ਸ਼ਾਨਦਾਰ ਗੁਰਦੁਆਰਾ ਬਣਿਆ ਹੋਇਆ ਹੈ। ਰਿਵਾਲਸਰ ਪਹਾੜਾਂ ਵਿਚ ਇੱਕ ਬੜੀ ਰਮਣੀਕ ਵਾਦੀ ਹੈ। ਰਿਵਾਲਸਰ ਜਾਣ ਵਾਸਤੇ ਮੰਡੀ ਤੋਂ ਸੜਕ ਮੁੜਦੀ ਹੈ। ਇਹ ਮੰਡੀ ਤੋਂ ੧੬ ਕਿਲੋਮੀਟਰ ਦੂਰੀ ਤੇ ਹੈ। ਕਦੇ ਇਹ ਬੋਧੀਆਂ ਦਾ ਇੱਕ ਵੱਡਾ ਤੇ ਅਹਿਮ ਕੇਂਦਰ ਹੁੰਦਾ ਸੀ। ਅੱਜ ਕਲ੍ਹ ਵੀ ਕੁਝ ਬੋਧੀ ਲਾਮੇ ਉੱਥੇ ਰਹਿੰਦੇ ਹਨ ਪਰ ਮੁਕਾਮੀ ਹਿੰਦੂ ਬੋਧੀਆਂ ਤੇ ਸਿੱਖਾਂ ਨੂੰ ਨਫ਼ਰਤ ਕਰਦੇ ਹਨ ਤੇ ਤੰਗ ਕਰਨ ਵਾਸਤੇ ਘਾੜਤਾਂ ਘੜਦੇ ਰਹਿੰਦੇ ਹਨ।

ਗੁਰਦੁਆਰਾ ਨਦੌਣ

ਮਾਰਚ ੧੬੯੦ ਵਿਚ ਮੁਗ਼ਲ ਫ਼ੌਜਾਂ ਨੇ ਜੰਮੂ ਦੇ ਗਵਰਨਰ ਵੱਲੋਂ ਭੇਜੇ ਜਰਨੈਲ ਅਲਫ ਖ਼ਾਨ ਦੀ ਅਗਵਾਈ ਹੇਠ ਪਹਾੜੀ ਰਾਜਿਆਂ ਤੋਂ ਖਰਾਜ ਲੈਣ ਵਾਸਤੇ ਹਮਲਾ ਕਰ ਦਿੱਤਾ। ਕਾਂਗੜੇ ਦਾ ਰਾਜਾ ਕਿਰਪਾਲ ਚੰਦ ਅਤੇ ਬਿੰਝੜਵਾਲ ਦਾ ਰਾਜਾ ਦਿਆਲ ਵੀ ਉਸ ਨਾਲ ਮਿਲ ਗਏ। ਇਧਰ ਬਿਲਾਸਪੁਰ ਦੇ ਰਾਜੇ ਭੀਮ ਚੰਦ ਨੇ ਬਾਕੀ ਪਹਾੜੀ ਰਿਆਸਤਾਂ ਦੀਆਂ ਫ਼ੌਜਾਂ ਇਕੱਠੀਆਂ ਕਰ ਲਈਆਂ। ਉਸ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਵੀ ਮਦਦ ਮੰਗੀ। ਗੁਰੂ ਸਾਹਿਬ ਖਾਲਸਾ ਦਲ ਨੂੰ ਲੈ ਕੇ ਪਹਾੜੀ ਫ਼ੌਜਾਂ ਦੀ ਮਦਦ ਵਾਸਤੇ ਗਏ। ਇਹ ਲੜਾਈ ੨੦ ਮਾਰਚ ੧੬੯੦ ਦੇ ਦਿਨ ਨਦੌਣ (ਕਾਂਗੜਾ ਤੋਂ ੩੨ ਕਿਲੋਮੀਟਰ ਤੇ ਜਵਾਲਾਮੁਖੀ ਤੋਂ ੧੨ ਕਿਲੋਮੀਟਰ ਦੂਰ) ਵਿਚ, ਦਰਿਆ ਬਿਆਸ ਦੇ ਕੰਢੇ ਤੇ ਹੋਈ। ਇਸ ਲੜਾਈ ਵਿਚ ਭਾਈ ਸੋਹਨ ਚੰਦ (ਭਰਾ ਭਾਈ ਮਨੀ ਸਿੰਘ), ਭਾਈ ਮੂਲ ਚੰਦ (ਪੁੱਤਰ ਭਾਈ ਰਘੁਪਤਿ ਰਾਇ ਕੰਬੋਜ, ਖੇਮਕਰਨੀ) ਤੇ ਕੁਝ ਹੋਰ ਸਿੱਖ ਸ਼ਹੀਦ ਹੋ ਗਏ। ਲੜਾਈ ਜਿੱਤਣ ਮਗਰੋਂ ਗੁਰੂ ਸਾਹਿਬ ਸਤ ਦਿਨ ਨਦੌਣ ਦੇ ਰਾਜੇ ਦੇ ਮਹੱਲ ਵਿਚ ਠਹਿਰੇ ਤੇ ਫੇਰ ਅਨੰਦਪੁਰ ਸਾਹਿਬ ਵੱਲ ਚਲ ਪਏ।

ਗੁਰੂ ਸਾਹਿਬ ਦੀ ਯਾਦ ਵਿਚ ਦਰਿਆ ਬਿਆਸ ਦੇ ਕੰਢੇ ਇੱਕ ਸ਼ਾਨਦਾਰ ਗੁਰਦੁਆਰਾ ੧੯੨੯ ਵਿਚ ਬਣਾਇਆ ਗਿਆ ਸੀ। ੧੯੩੫ ਤੋਂ ਇਸ ਦਾ ਇੰਤਜ਼ਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

ਨਦੌਣ ਤੋਂ ਅਨੰਦਪੁਰ ਸਾਹਿਬ ਆਉਂਦਿਆਂ ਰਾਹ ਵਿਚ ਆਲਸੂਨ/ਅਲਸੂਨ ਪਿੰਡ ਦੇ ਲੋਕਾਂ ਸਿੱਖਾਂ ਨੂੰ ਮਸ਼ਕਰੀਆਂ ਕੀਤੀਆਂ। ਇਕ ਜਥੇ ਨੇ ਰੁਕ ਉਨ੍ਹਾਂ ਦੀ ਸੁਧਾਈ ਕੀਤੀ ਨਦੌਣ-ਅਨੰਦਪੁਰ ਰੂਟ ਤੇ ਇਸ ਨਾਂ ਦੇ ਕਿਸੇ ਪਿੰਡ ਦਾ ਕਾਫ਼ੀ ਦੇਰ ਕੋਈ ਥਹੁ ਪਤਾ ਨਹੀਂ ਲਗਿਆ ਸੀ। ਊਨਾ ਜ਼ਿਲ੍ਹਾ (ਹਿਮਾਂਚਲ) ਦੇ ਇਕ ਪਿੰਡ ਸਮਾਲਰਾ (ਬੰਗਾਣਾ ਤੋਂ ਛੇ ਕਿਲੋਮੀਟਰ) ਦੀ ਇਕ ਮੁਕਾਮੀ ਰਿਵਾਇਤ ਮੁਤਾਬਿਕ ਮਾਰਚ ੧੬੯੧ ਦੀ ਉਹ ਤਵਾਰੀਖ਼ੀ ਘਟਨਾ ਇਸ ਜਗਹ ਤੇ ਹੋਈ ਸੀ। ਪਰ ਗੁਰੂ ਸਾਹਿਬ ਨੇ ਵੀ 'ਬਚਿੱਤਰ ਨਾਟਕ' ਵਿਚ ਪਿੰਡ ਦਾ ਨਾਂ ਅਲਸੂਨ ਹੀ ਲਿਖਿਆ

ਹੈ। ਇਕ ਹੋਰ ਸੋਮੇ ਮੁਤਾਬਿਕ ਆਲਸੂਨ ਨਦੌਣ ਤੋਂ ੨੫ ਕਿਲੋਮੀਟਰ ਪੂਰਬ ਵੱਲ ਬ੍ਰਾਹਮਣਾਂ ਅਤੇ ਰਾਜਪੂਤਾਂ ਦਾ ਇਕ ਪਿੰਡ ਹੈ।

ਨਾਹਨ, ਪਾਊਂਟਾ ਸਾਹਿਬ ਤੇ ਭੰਗਾਣੀ ਸਾਹਿਬ

੨੮ ਮਾਰਚ ੧੬੮੫ ਦੇ ਦਿਨ ਨਾਹਨ ਦੇ ਰਾਜੇ ਦਾ ਵਜ਼ੀਰ ਚੱਕ ਨਾਨਕੀ ਆਇਆ ਅਤੇ ਉਸ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਰਾਜੇ ਵੱਲੋਂ ਨਾਹਨ ਆਉਣ ਦਾ ਸੱਦਾ ਦਿਤਾ। ਗੁਰੂ ਸਾਹਿਬ ਪਰਿਵਾਰ ਅਤੇ ਮੁਖੀ ਸਿੰਘਾਂ ਸਣੇ ੧੪ ਅਪ੍ਰੈਲ ਦੇ ਦਿਨ ਨਾਹਨ ਪੁੱਜੇ। ਨਾਹਨ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਦੋ ਗੁਰਦੁਆਰੇ ਬਣੇ ਹੋਏ ਹਨ। ਨਾਹਨ ਦੇ ਰਾਜੇ ਦੀ ਅਰਜ਼ ਮੰਨ ਕੇ ਗੁਰੂ ਸਾਹਿਬ ਨੇ ਸਿਰਮੌਰ ਰਿਆਸਤ ਵਿਚ ਰਹਿਣਾ ਮਨਜ਼ੂਰ ਕੀਤਾ। ਇਸ ਮਕਸਦ ਵਾਸਤੇ ਗੁਰੂ ਸਾਹਿਬ ਨੇ ਦਰਿਆ ਜਮਨਾ ਦੇ ਕੰਢੇ ੨੯ ਅਪ੍ਰੈਲ ੧੬੮੫ ਦੇ ਦਿਨ ਪਾਉਂਟਾ ਨਗਰ ਦੀ ਨੀਂਹ ਰੱਖੀ। ਇਸ ਨਗਰ ਵਿਚ ਸਭ ਤੋਂ ਪਹਿਲਾਂ ਕਿਲ੍ਹਾ ਤੇ ਰਹਿਣ ਵਾਸਤੇ ਘਰ ਉਸਾਰੇ ਗਏ। ਹੌਲੀ-ਹੌਲੀ ਇੱਥੇ ਬਵੰਜਾ ਕਵੀ ਤੇ ਹੋਰ ਫ਼ਨਕਾਰ ਵੀ ਗੁਰੂ ਸਾਹਿਬ ਦੇ ਦਰਬਾਰ ਵਿਚ ਇਕੱਠੇ ਹੋ ਗਏ। ਗੁਰੂ ਸਾਹਿਬ ਇੱਥੇ ੨੯ ਅਪ੍ਰੈਲ ੧੬੮੫ ਤੋਂ ੨੭ ਅਕਤੂਬਰ ੧੬੮੮ ਤਕ ਸਾਢੇ ਤਿੰਨ ਸਾਲ ਰਹੇ ਤੇ ਫੇਰ ਵਾਪਿਸ ਚੱਕ ਨਾਨਕੀ ਚਲੇ ਗਏ। ਇੱਥੇ ਰਹਿੰਦਿਆਂ ਆਪ ਨੂੰ ਗੜ੍ਹਵਾਲ ਦੇ ਰਜ਼ਵਾੜੇ ਫ਼ਤਹਿ ਸ਼ਾਹ ਨਾਲ ੧੮ ਸਿਤੰਬਰ ੧੬੮੮ ਦੇ ਦਿਨ ਭੰਗਾਣੀ ਪਿੰਡ (ਪਾਊਂਟਾ ਤੋਂ ੧੧ ਕਿਲੋਮੀਟਰ) ਵਿਚ ਇਕ ਲੜਾਈ ਵੀ ਲੜਨੀ ਪਈ। ਪਾਊਂਟਾ ਸਾਹਿਬ ਅਤੇ ਭੰਗਾਣੀ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰੇ ਬਣੇ ਹੋਏ ਹਨ।

ਇੱਥੇ ਪਾਊਂਟਾ, ਭੰਗਾਣੀ, ਨਾਹਨ, ਰਿਵਾਲਸਰ ਤੇ ਨਦੌਣ ਵਿਚ ਗੁਰੂ ਸਾਹਿਬ ਦੀਆਂ ਯਾਦਗਾਰਾਂ ਤੇ ਤਵਾਰੀਖ਼ ਦਾ ਜ਼ਿਕਰ ਜ਼ਰੂਰ ਕੀਤਾ ਗਿਆ ਹੈ ਪਰ ਇਹ ਸਾਰੀਆਂ ਜਗਹ ਅਨੰਦਪੁਰ ਸਾਹਿਬ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਇਸ ਨਗਰ ਤੋਂ ਕਾਫ਼ੀ ਦੂਰੀ ਤੇ ਹਨ। ਬਿਲਾਸਪੁਰ ਵੀ ਕੀਰਤਪੁਰ ਸਾਹਿਬ ਤੋਂ ੬੦ ਕਿਲੋਮੀਟਰ ਅਤੇ ਅਨੰਦਪੁਰ ਸਾਹਿਬ ਤੋਂ ਤਕਰੀਬਨ ੭੦ ਕਿਲੋਮੀਟਰ ਦੂਰ ਹੈ। ਉਂਞ ਤਕਰੀਬਨ ਸਾਰੀਆਂ ਜਗਹ ਤੇ ਮੁਸਾਫ਼ਿਰਾਂ ਦੇ ਠਹਿਰਣ ਵਾਸਤੇ ਮਾਕੂਲ ਇੰਤਜ਼ਾਮ ਹਨ।

ਅਨੰਦਪੁਰ ਤੋਂ ਗੁਰੂ ਸਾਹਿਬ ਦੇ ਆਖ਼ਰੀ ਸ.ਫਰ ਤੇ ਗੁਰਦੁਆਰੇ

੫-੬ ਦਿਸੰਬਰ ਦੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ, ਮਾਤਾ ਗੁਜਰੀ, ਚਾਰ ਸਾਹਿਬਜ਼ਾਦਿਆਂ ਅਤੇ ੫੦੦ ਸਿੰਘਾਂ ਨਾਲ ਅਨੰਦਪੁਰ ਸਾਹਿਬ ਤੋਂ ਚਲ ਪਏ। ਆਪ ਨੇ ਕੀਰਤਪੁਰ, ਝੱਖੀਆਂ-ਸ਼ਾਹੀ ਟਿੱਬੀ ਹੁੰਦੇ ਹੋਏ ਨੰਗਲ ਗੁਜਰਾਂ (ਹੁਣ ਨੰਗਲ ਸਰਸਾ) ਕੋਲ ਸਰਸਾ ਨਦੀ ਪਾਰ ਕੀਤੀ। ਇੱਥੋਂ ਮਾਤਾ ਗੁਜਰੀ ਜੀ ਤੇ ਚਾਰ ਸਾਹਿਬਜ਼ਾਦੇ ਚਮਕੌਰ ਵੱਲ ਚਲੇ ਗਏ ਤੇ ਗੁਰੂ ਸਾਹਿਬ ਆਪ ਕੋਟ ਨਿਹੰਗ (ਰੋਪੜ) ਵੱਲ ਨਿਕਲ ਗਏ। ਬਾਕੀ ਸਿੰਘਾਂ ਨੇ ਝੱਖੀਆਂ ਦੀ ਜੂਹ ਵਿਚ ਸ਼ਾਹੀ ਟਿੱਬੀ ਕੋਲ ਤੇ ਨੰਗਲ ਗੁਜਰਾਂ ਵਿਚ ਮੋਰਚੇ ਲਾ ਲਏ। ਇਕ ਸੌ ਸਿੰਘ ਭਾਈ ਬਚਿਤਰ ਸਿੰਘ ਦੀ ਅਗਵਾਈ ਹੇਠ ਰੋਪੜ ਵੱਲ ਚਲ ਪਏ। ਉਨ੍ਹਾਂ ਨੂੰ ਰਸਤੇ ਵਿਚ ਮੁਗ਼ਲਾਂ ਦੀ ਫ਼ੌਜ ਨਾਲ ਮਲਕਪੁਰ ਰੰਘੜਾਂ ਕੋਲ ਟੱਕਰ ਲੈਣੀ ਪਈ। ਸ਼ਾਹੀ ਟਿੱਬੀ ਕੋਲ, ਝੱਖੀਆਂ ਦੀ ਪਿੰਡ ਦੀ ਜੂਹ ਵਿਚ, ਨੰਗਲ ਗੁਜਰਾਂ ਵਿਚ ਅਤੇ ਮਲਕਪੁਰ ਰੰਘੜਾਂ ਵਿਚ ਘਮਸਾਣ ਦੀਆਂ ਲੜਾਈਆਂ ਹੋਈਆਂ। ਇਨ੍ਹਾਂ ਘਟਨਾਵਾਂ ਦੀ ਯਾਦ ਵਿਚ, ਕੀਰਤਪੁਰ ਤੋਂ ਕੋਟ ਨਿਹੰਗ ਤਕ, ਵਿਚ ਕੁਝ ਗੁਰਦੁਆਰੇ ਬਣੇ ਹੋਏ ਹਨ। ਪਰ ਕੁਝ ਜਗਹ ਅਜੇ ਗੁਰਦੁਆਰੇ ਬਣਨੇ ਰਹਿੰਦੇ ਹਨ।

ਸ਼ਾਹੀ (ਸਿਆਹੀ) ਟਿੱਬੀ

੫-੬ ਦਿਸੰਬਰ ਦੀ ਰਾਤ ਨੂੰ ਅਨੰਦਪੁਰ ਸਾਹਿਬ ਤੋਂ ਟੁਰ ਕੇ ਗੁਰੂ ਸਾਹਿਬ, ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ ਅਤੇ ਪੰਜ ਸੌ ਸਿੰਘ ਕੀਰਤਪੁਰ ਤਕ ਸੁਖ ਅਮਨ ਨਾਲ ਨਿਕਲਦੇ ਗਏ। ਸਾਰੇ ਜਣੇ ਕੀਰਤਪੁਰ ਤੋਂ ਅੱਗੇ ਨਿਰਮੋਹਗੜ੍ਹ ਲੰਘਣ ਮਗਰੋਂ ਸ਼ਾਹੀ ਟਿੱਬੀ ਕੋਲ ਪਹੁੰਚ ਗਏ। ਇੱਥੇ ਪੁੱਜਣ ਮਗਰੋਂ ਪਹਾੜੀ ਫ਼ੌਜਾਂ ਨੇ ਆਪ ਤੇ ਤੀਰਾਂ ਤੇ ਗੋਲੀਆਂ ਦਾ ਮੀਂਹ ਵਸਾ ਦਿੱਤਾ। ਗੁਰੂ ਸਾਹਿਬ ਨੇ ਭਾਈ ਉਦੈ ਸਿੰਘ ਨੂੰ ਆਪਣਾ ਜੋੜਾ ਜਾਮਾ ਪਹਿਨਾ ਦਿੱਤਾ ਤੇ ਆਪ ਪਰਿਵਾਰ ਸਣੇ ਸਰਸਾ ਨਦੀ ਪਾਰ ਕਰ ਗਏ। ਆਪ ਨੇ ਨਾਲ ਪੰਜਾਹ ਸਿੰਘਾਂ ਦਾ ਇਕ ਜਥਾ ਵੀ ਪਾਰ ਕਰ ਗਿਆ। ਜਾਣ ਤੋਂ ਪਹਿਲਾਂ ਆਪ ਨੇ ਭਾਈ ਉਦੈ ਸਿੰਘ ਨੂੰ ਸ਼ਾਹੀ ਟਿੱਬੀ ਤੇ ਤਾਈਨਾਤ ਕਰ ਦਿੱਤਾ, ਭਾਈ ਜੀਵਨ ਸਿੰਘ ਨੂੰ ਨੰਗਲ ਗੁਜਰਾਂ (ਹੁਣ ਨੰਗਲ ਸਿਰਸਾ) ਕੋਲ, ਝੱਖੀਆਂ ਪਿੰਡ ਦੀ ਜੂਹ ਵਿਚ, ਪਿੱਛੇ ਆ ਰਹੀ ਫ਼ੌਜ ਨੂੰ ਡੱਕਣ ਦੀ ਡਿਊਟੀ ਲਾਈ ਤੇ ਬਾਈ ਬਚਿਤਰ ਸਿੰਘ ਨੂੰ ਰੋਪੜ ਵੱਲ ਰਵਾਨਾ ਕਰ ਦਿਤਾ। ਪਿੱਛੇ ਆ ਰਹੀ ਪਹਾੜੀ ਫ਼ੌਜ ਨਾਲ ਭਾਈ ਉਦੈ ਸਿੰਘ ਤੇ ਉਨ੍ਹਾਂ ਦੇ ਪੰਜਾਹ ਸਾਥੀ ਬੜੀ ਬਹਾਦਰੀ ਨਾਲ ਲੜੇ। ਸੈਂਕੜੇ ਦੁਸ਼ਮਣਾਂ ਨੂੰ ਪਾਰ ਬੁਲਾਉਣ ਮਗਰੋਂ ਸਾਰੇ ਇਕਵੰਜਾ ਸਿੰਘ

ਸ਼ਹੀਦ ਹੋ ਗਏ। ਅਜਮੇਰ ਚੰਦ ਨੇ ਜੋੜੇ ਜਾਮੇ ਤੋਂ ਭਾਈ ਉਦੈ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਸਮਝ ਲਿਆ ਤੇ ਉਸ ਦਾ ਸਿਰ ਕੱਟ ਕੇ ਰੋਪੜ ਭੇਜ ਦਿੱਤਾ। ਉਹ ਗੁਰੂ ਸਾਹਿਬ ਨੂੰ 'ਮਾਰ ਲੈਣ' ਦਾ ਭਰਮ ਬੁਣਦੇ ਕੱਛਾਂ ਵਜਾਉਂਦੇ ਬਿਲਾਸਪੁਰ ਚਲੇ ਗਏ ਤੇ ਮੁਗ਼ਲ ਫੌਜ ਰੋਪੜ ਵੱਲ ਚਲੀ ਗਈ।

ਭਾਈ ਉਦੈ ਸਿੰਘ ਤੇ ਹੋਰ ਪੰਜਾਹ ਸਿੱਖਾਂ ਦੀ ਢੁਕਵੀਂ ਯਾਦ ਅਜੇ ਸ਼ਾਹੀ ਟਿੱਬੀ ਤੇ ਬਣਨੀ ਬਾਕੀ ਹੈ। ਖਾਲਸਾ ਦੇ ਤਿੰਨ ਸੌ ਸਾਲਾ ਦਿਨ ਦੇ ਮੌਕੇ ਤੇ ਇਹ ਯਾਦ ਬਣਾਉਣੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਪਿੰਡ ਝੱਖੀਆਂ ਦੀ ਜੂਹ

ਗੁਰੂ ਸਾਹਿਬ ਨੇ ਸਿਰਸਾ ਨਦੀ ਪਾਰ ਕਰਨ ਵੇਲੇ ਭਾਈ ਜੀਵਨ ਸਿੰਘ ਨੂੰ ਇਕ ਸੌ ਸਿੰਘਾਂ ਦਾ ਜਥੇਦਾਰ ਬਣਾ ਕੇ ਪਿੰਡ ਨੰਗਲ ਗੁਜਰਾਂ ਕੋਲ, ਝੱਖੀਆਂ ਪਿੰਡ ਦੀ ਜੂਹ ਵਿਚ, ਪਿੱਛੇ ਆ ਰਹੀ ਫ਼ੌਜ ਦਾ ਰਾਹ ਡੱਕਣ ਦੀ ਡਿਊਟੀ ਲਾਈ। ਦੁਸ਼ਮਣ ਦੀ ਫ਼ੌਜ ਨੇ ਦੂਰੋਂ ਹੀ ਤੀਰਾਂ ਦਾ ਮੀਂਹ ਵਸਾਉਣਾ ਸ਼ੁਰੂ ਕਰ ਦਿੱਤਾ। ਭਾਈ ਜੀਵਨ ਸਿੰਘ ਨੇ ਵੀ ਤੀਰਾਂ ਦੀ ਬੌਛਾੜ ਨਾਲ ਇਕ ਵਾਰ ਤਾਂ ਤੂਫ਼ਾਨ ਲੈ ਆਂਦਾ। ਤੀਰ ਮੁਕਣ ਮਗਰੋਂ ਹੱਥੋਂ ਹੱਥੀਂ ਲੜਾਈ ਸ਼ੁਰੂ ਹੋ ਗਈ। ਇਸ ਲੜਾਈ ਵਿਚ ਭਾਈ ਜੀਵਨ ਸਿੰਘ ਅਤੇ ਉਨ੍ਹਾਂ ਦੇ ਇਕ ਸੌ ਸਾਥੀਆਂ ਨੇ ਮੁਗ਼ਲਾਂ ਦੇ ਖ਼ੂਬ ਆਹੂ ਲਾਹੇ। ਲੜਾਈ ਦੌਰਾਨ ਇਕ ਗੋਲੀ ਸਿੱਧੀ ਭਾਈ ਜੀਵਨ ਸਿੰਘ ਦੇ ਮੱਥੇ ਵਿਚ ਆ ਵੱਜੀ ਤੇ ਉਸ ਨੇ "ਵਾਹਿਗੁਰੂ ਜੀ ਦੀ ਫ਼ਤਹਿ" ਆਖ ਕੇ ਸਾਹ ਛੱਡ ਦਿੱਤੇ। ਦਿਨ ਲਹਿੰਦੇ ਤਕ ਸਾਰੇ ਸਿੰਘ ਸ਼ਹੀਦ ਹੋ ਚੁਕੇ ਸਨ। ਇਨ੍ਹਾਂ ਵਿਚ ਇਕ ਬੀਬੀ ਭਿੱਖਾਂ ਵੀ ਜੋ ਭਾਈ ਆਲਮ ਸਿੰਘ 'ਨੱਚਣਾ' ਦੀ ਸਿੰਘਣੀ ਅਤੇ ਭਾਈ ਬਜਰ ਸਿੰਘ (ਗੁਰੂ ਸਾਹਿਬ ਨੂੰ ਸ਼ਸਤਰ ਚਲਾਉਣੇ ਸਿਖਾਉਣ ਵਾਲਾ) ਦੀ ਬੇਟੀ ਸੀ। ਪਿੰਡ ਝੱਖੀਆਂ ਦੀ ਜੂਹ ਵਿਚ ਅਜੇ ਤਕ ਕੋਈ ਗੁਰਦੁਆਰਾ ਨਹੀਂ ਬਣਿਆ। ਭਾਈ ਜੀਵਨ ਸਿੰਘ ਦੀ ਯਾਦ ਵਿਚ ਇਕ ਗੁਰਦੁਆਰਾ ਚਮਕੌਰ ਸਾਹਿਬ 'ਚ ਬਣਿਆ ਹੋਇਆ ਹੈ ਹਾਲਾਂ ਕਿ ਉਹ ਸਰਸਾ ਨਦੀ ਦੇ ਕੰਢੇ, ਪਿੰਡ ਝੱਖੀਆਂ ਦੀ ਜੂਹ ਵਿਚ, ਸ਼ਹੀਦ ਹੋਏ ਸਨ। ਭਾਈ ਜੀਵਨ ਸਿੰਘ, ਬੀਬੀ ਭਿੱਖਾਂ ਤੇ ਇਕ ਸੌ ਸਿੰਘਾਂ ਦੀ ਯਾਦ ਵਿਚ ਅਸਲ ਸ਼ਹੀਦੀ ਸਥਾਨ ਤੇ ਯਾਦਗਾਰ ਬਣਨੀ ਅਜੇ ਰਹਿੰਦੀ ਹੈ। ਹੋ ਸਕਦਾ ਹੈ ਕਿ ਇਹ ਨਿਸ਼ਾਨਾ ਖਾਲਸਾ ਦੇ ਤਿੰਨ ਸੌ ਸਾਲਾ ਦੀ ਯਾਦ ਦੇ ਸਮਾਗਮਾਂ ਦੌਰਾਨ ਪੂਰਾ ਹੋ ਜਾਵੇ।

ਗੁਰਦੁਆਰਾ ਪਰਿਵਾਰ ਵਿਛੋੜਾ

ਪਿੰਡ ਨੰਗਲ ਗੁਜਰਾਂ (ਹੁਣ ਨੰਗਲ ਸਰਸਾ) ਵਿਚ ਇਹ ਗੁਰਦੁਆਰਾ ਇਸ ਵਕਤ ਬੜੀ ਵੱਡੀ ਈਮਾਰਤ ਦੀ ਸ਼ਕਲ ਵਿਚ ਨਜ਼ਰ ਆਉਂਦਾ ਹੈ। ਪਹਿਲੋਂ ਇਹ ਇਕ ਛੋਟਾ ਜਿਹਾ ਗੁਰਦੁਆਰਾ ਸੀ। ਹੁਣ ਵਾਲੀ ਈਮਾਰਤ ਬਾਬਾ ਅਜੀਤ ਸਿੰਘ 'ਪਰਿਵਾਰ ਵਿਛੋੜਾ' ਨੇ ੧੯੬੪ ਵਿਚ ਬਣਵਾਉਣੀ ਸ਼ੁਰੂ ਕੀਤੀ ਸੀ। ੧੯੬੮ ਵਿਚ ਉਨ੍ਹਾਂ

ਨੇ ਇਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਹੈ। ਹੁਣ ਇਸ ਗੁਰਦੁਆਰੇ ਨਾਲ ਸੱਤ ਕਿੱਲੇ ਜ਼ਮੀਨ ਹੈ ਤੇ ਅਜੇ ਵੀ ਉਸਾਰੀ ਤੇ ਵਾਧਾ ਹੋ ਰਿਹਾ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਅਸਲ ਜਗਹ ਇਹ ਨਹੀਂ ਸੀ। ਪਰ ਭੱਟ ਵਹੀਆਂ ਮੁਤਾਬਿਕ ਗੁਰੂ ਸਾਹਿਬ ਤੇ ਉਨ੍ਹਾਂ ਦਾ ਪਰਿਵਾਰ ਇਥੋਂ ਹੀ ਸਰਸਾ ਨਦੀ ਪਾਰ ਕਰਕੇ ਹੀ ਚਮਕੌਰ ਤੇ ਰੋਪੜ ਵੱਲ ਗਿਆ ਸੀ ਅਤੇ ਗੁਰੂ ਸਾਹਿਬ ਆਪਣੇ ਪਰਿਵਾਰ ਤੋਂ ਵਖਰੇ ਹੋਏ ਸਨ। ਸਰਸਾ ਨਦੀ ਪਹਿਲੋਂ ਇਸ ਪਿੰਡ ਦੇ ਨੇੜਿਓਂ ਹੀ ਵਗਦੀ ਸੀ। ਤਵਾਰੀਖ਼ 'ਚ ਝੱਖੀਆਂ ਪਿੰਡ ਦੀ ਜੂਹ, ਸ਼ਾਹੀ ਟਿੱਬੀ ਅਤੇ ਨੰਗਲ ਗੁਜਰਾਂ (ਹੁਣ ਨੰਗਲ ਸਰਸਾ) ਦਾ ਹੀ ਜ਼ਿਕਰ ਆਉਂਦਾ ਹੈ।

ਗੁਰਦੁਆਰਾ ਮਲਿਕਪੁਰ

ਪਹਿਲੋਂ ਇਹ ਪਿੰਡ ਰੰਘੜਾਂ ਦਾ ਹੋਣ ਕਰ ਕੇ ਮਲਿਕਪੁਰ ਰੰਘੜਾਂ ਅਖਵਾਉਂਦਾ ਸੀ। ਇੱਥੇ ਦੋ ਕੁ ਘਰ ਸਿੱਖਾਂ ਦੇ ਸਨ। ਗੁਰੂ ਤੇਗ਼ ਬਹਾਦਰ ਸਾਹਿਬ ਅਨੰਦਪੁਰ ਸਾਹਿਬ ਤੋਂ ਆਉਂਦੇ ਇੱਥੇ ਵੀ ਠਹਿਰਿਆ ਕਰਦੇ ਸਨ। ੧੨ ਜੁਲਾਈ ੧੬੭੫ ਦੇ ਦਿਨ ਰੋਪੜ ਦੇ ਨੂਰ ਮੁਹੰਮਦ ਖਾਨ ਮਿਰਜ਼ਾ ਨੇ ਗੁਰੂ ਸਾਹਿਬ ਨੂੰ ਸ਼ਾਹੀ ਹੁਕਮ ਹੇਠ ਭਾਈ ਨਿਗਾਹੀਆ ਦੇ ਘਰੋਂ ਮਲਿਕਪੁਰ ਰੰਘੜਾਂ ਤੋਂ ਹੀ ਗ੍ਰਿਫ਼ਤਾਰ ਕੀਤਾ ਸੀ। ੬ ਦਿਸੰਬਰ ੧੭੦੫ ਦੇ ਦਿਨ ਭਾਈ ਬਚਿਤਰ ਸਿੰਘ ਅਤੇ ਉਸ ਦੇ ਇਕ ਸੌ ਸਾਥੀ ਇੱਥੇ ਹੀ ਸਰਹਿੰਦ ਦੀ ਮੁਗ਼ਲ ਫ਼ੌਜਾਂ ਨਾਲ ਹੋਈ ਲੜਾਈ ਵਿਚ ਸਖ਼ਤ ਜ਼ਖ਼ਮੀ ਹੋਏ ਸਨ। ਇਕ ਸੌ ਇਕ ਸਿੰਘਾਂ ਵਿਚੋਂ ਸਿਰਫ਼ ਉਨ੍ਹਾਂ ਦੇ ਹੀ ਸਾਹ ਅਜੇ ਬਾਕੀ ਸਨ। ਮੁਗ਼ਲ ਫ਼ੌਜ ਉਨ੍ਹਾਂ ਨੂੰ ਮੁਰਦਾ ਸਮਝ ਕੇ ਛੱਡ ਕੇ ਚਲੀ ਗਈ ਸੀ। ਪਿੱਛੋਂ ਆ ਰਹੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਉਨ੍ਹਾਂ ਦੇ ਇਕ ਸੌ ਸਿੰਘਾਂ ਦੇ ਜਥੇ ਨੇ ਭਾਈ ਬਚਿਤਰ ਸਿੰਘ ਨੂੰ ਜ਼ਖ਼ਮੀ ਪਏ ਵੇਖਿਆ ਤਾਂ ਉਹ ਉਨ੍ਹਾਂ ਨੂੰ ਸਾਥੀਆਂ ਦੀ ਮਦਦ ਨਾਲ ਚੁੱਕ ਕੇ ਕੋਟ ਨਿਹੰਗ ਵਿਚ ਗਏ।

ਮਲਿਕਪੁਰ ਰੰਘੜਾਂ ਨੂੰ ਹੁਣ ਸਿਰਫ਼ ਮਲਿਕਪੁਰ ਆਖਦੇ ਹਨ। ਇੱਥੋਂ ਦੇ ਮੁਕਾਮੀ ਸਿੱਖਾਂ ਨੇ ਭਾਈ ਬਚਿਤਰ ਸਿੰਘ ਦੀ ਯਾਦ ਵਿਚ ਇਕ ਗੁਰਦੁਆਰਾ ਬਣਾ ਲਿਆ ਹੈ। ਪਰ ਉਨ੍ਹਾਂ ਨੂੰ ਅਜੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਇਸ ਪਿੰਡ 'ਚੋਂ ਗ੍ਰਿਫ਼ਤਾਰ ਕੀਤੇ ਜਾਣ ਬਾਰੇ ਪਤਾ ਨਹੀਂ ਸੀ। ਇਸ ਗੁਰਦੁਆਰੇ ਦਾ ਇੰਤਜ਼ਾਮ ਲੋਕਲ ਸਿੱਖਾਂ ਦੀ ਇਕ ਕਮੇਟੀ ਕੋਲ ਹੈ। ਇਹ ਗੁਰਦੁਆਰਾ ਵੀ ਕੌਮੀ ਇੰਤਜ਼ਾਮ ਹੇਠ ਆਉਣਾ ਚਾਹੀਦਾ ਹੈ ਅਤੇ ਗੁਰੂ ਤੇਗ਼ ਬਹਾਦਰ ਸਾਹਿਬ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਦਾਸ, ਭਾਈ ਬਚਿਤਰ ਸਿੰਘ ਤੇ ਉਨ੍ਹਾਂ ਦੇ ਸਾਥੀ ਇਕ ਸੌ ਸ਼ਹੀਦ ਸਿੰਘਾਂ ਦੀ ਢੁੱਕਵੀ ਯਾਦਗਾਰ ਬਣਨੀ ਚਾਹੀਦੀ ਹੈ।

ਗੁਰਦੁਆਰਾ ਭੱਠਾ ਸਾਹਿਬ

ਸਿਰਸਾ ਨਦੀ ਪਾਰ ਕਰ ਕੇ ਗੁਰੂ ਸਾਹਿਬ ਕੁਝ ਸਿੰਘਾਂ ਸਣੇ ੬ ਦਿਸੰਬਰ ਦੀ

ਸਵੇਰ ਤੋਂ ਪਹਿਲਾਂ ਰੋਪੜ ਨੇੜੇ ਪਿੰਡ ਕੋਟਲਾ ਨਿਹੰਗ 'ਚ ਭਾਈ ਨਿਹੰਗ ਖਾਨ ਦੇ ਕਿਲ੍ਹੇ ਵਿਚ ਪਹੁੰਚ ਗਏ ਸਨ। ਉਧਰ ਸਾਹਿਬਜ਼ਾਦਾ ਅਜੀਤ ਸਿੰਘ ਤੇ ਉਨ੍ਹਾਂ ਦਾ ਜਥਾ ਵੀ ਭਾਈ ਬਚਿਤਰ ਸਿੰਘ ਨੂੰ ਚੁੱਕ ਕੇ ਉੱਥੇ ਲੈ ਆਇਆ ਸੀ। ੬-੭ ਦਿਸੰਬਰ ਦੀ ਰਾਤ ਨੂੰ ਗੁਰੂ ਸਾਹਿਬ, ਸਾਹਿਬਜ਼ਾਦਾ ਅਜੀਤ ਸਿੰਘ ਤੇ ੪੦ ਕੁ ਸਿੰਘ ਉੱਥੋਂ ਨਿਕਲ ਗਏ ਸਨ। ਪਿੱਛੇ ਜ਼ਖ਼ਮੀ ਭਾਈ ਬਚਿਤਰ ਸਿੰਘ ਹੀ ਰਹਿ ਗਿਆ ਸੀ। ਅਗਲੇ ਦਿਨ ਉਹ ਵੀ ਚੜ੍ਹਾਈ ਕਰ ਗਿਆ। ਉਸ ਦਾ ਸੰਸਕਾਰ ਭਾਈ ਬੱਗਾ ਸਿੰਘ ਤਰਖਾਣ ਤੇ ਭਾਈ ਗੁਰਸਾ ਸਿੰਘ ਗਹੂਣੀਆ-ਸੈਣੀ ਨੇ ਕੀਤਾ ਸੀ। ਕੋਟਲਾ ਨਿਹੰਗ ਵਿਚ ਪਹਿਲੋਂ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਕ੍ਰਿਸ਼ਨ ਸਾਹਿਬ, ਗੁਰੂ ਤੇਗ਼ ਬਹਾਦਰ ਸਾਹਿਬ ਵੀ ਆ ਚੁੱਕੇ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇੱਥੋਂ ਚਮਕੌਰ ਵੱਲ ਜਾਣ ਤੋਂ ਪਹਿਲੋਂ ਭਾਈ ਨਿਹੰਗ ਖਾਨ ਨੂੰ ਇਕ ਤਲਵਾਰ, ਇਕ ਕਟਾਰ ਤੇ ਇਕ ਢਾਲ ਬਖ਼ਸ਼ੀ ਸੀ। ਇਹ ਤਿੰਨੇ ਯਾਦਗਾਰਾਂ ਉਸ ਪਰਿਵਾਰ ਕੋਲ ੧੯੪੭ ਤਕ ਰਹੀਆਂ ਸਨ। ੧੯੪੭ 'ਚ ਉਹ ਪਾਕਿਸਤਾਨ ਚਲੇ ਗਏ ਸਨ। ਹੁਣ ਤਲਵਾਰ ਤੇ ਕਟਾਰ ਗੁਰਦੁਆਰਾ ਭੱਠਾ ਸਾਹਿਬ ਵਿਚ ਪਈਆਂ ਹਨ ਤੇ ਢਾਲ ਭਾਈ ਨਿਹੰਗ ਖਾਂ ਦੇ ਕਿਲ੍ਹੇ ਦੇ ਨਾਲ ਬਣੇ ਇਕ ਨਵੇਂ ਗੁਰਦੁਆਰੇ ਵਿਚ ਪਈ ਦਸੀ ਜਾਂਦੀ ਹੈ। ਪਿੰਡ ਦੇ ਬਾਹਰ ਭਾਈ ਨਿਹੰਗ ਖ਼ਾਨ ਦੀ ਬੇਟੀ 'ਮਾਈ ਮੁਮਤਾਜ' ਦੀ ਯਾਦਗਾਰ ਵੀ ਹੈ ਜਿਸ ਨੇ ਭਾਈ ਬਚਿਤਰ ਸਿੰਘ ਦੀ ਯਾਦ ਵਿਚ ਹੀ ਜ਼ਿੰਦਗੀ ਬਿਤਾ ਦਿੱਤੀ ਸੀ।

ਗੁਰਦੁਆਰਾ ਭੱਠਾ ਸਾਹਿਬ ਦੀ ਅਜੋਕੀ ਈਮਾਰਤ ੧੯੮੫ ਵਿਚ ਬਣਨੀ ਸ਼ੁਰੂ ਹੋਈ ਸੀ। ਇਸ ਥਾਂ ਸਭ ਤੋਂ ਪਹਿਲਾਂ ਗੁਰਦੁਆਰਾ ੧੯੧੪ ਵਿਚ ਬਣਿਆ ਸੀ ਫਿਰ ੧੯੧੭ ਤੋਂ ੧੯੭੪ ਤਕ ਕਈ ਵਾਰ ਇਸ ਵਿਚ ਵਾਧਾ ਹੋਇਆ ਸੀ। ੧੯੮੫ ਵਿਚ ਇਸ ਨੂੰ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰ ਦਿੱਤਾ ਗਿਆ ਸੀ। ਗੁਰਦੁਆਰਾ ਭੱਠਾ ਸਾਹਿਬ ਰੋਪੜ ਤੋਂ ਸਿਰਫ਼ ਦੋ ਕਿਲੋਮੀਟਰ ਦੂਰ ਹੈ ਤੇ ਚੰਡੀਗੜ੍ਹ ਤੋਂ ਅਨੰਦਪੁਰ ਸਾਹਿਬ ਜਾਂਦਿਆਂ ਰੋਪੜ ਤੋਂ ਪਹਿਲਾਂ ਆਉਂਦਾ ਹੈ।

ਚਮਕੌਰ ਵੱਲ ਦੇ ਗੁਰਦੁਆਰੇ

ਕੋਟਲਾ ਨਿਹੰਗ ਤੋਂ ਚਲ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਬੂਰ ਮਾਜਰਾ ਹੁੰਦੇ ਹੋਏ ਚਮਕੌਰ ਪੁੱਜੇ ਸਨ। ਚਮਕੌਰ ਵਿਚ ੭ ਤਾਰੀਖ਼ ਦੀ ਸ਼ਾਮ ਨੂੰ ਬੜੀ ਜ਼ਬਰਦਸਤ ਲੜਾਈ ਹੋਈ। ਗੁਰੂ ਸਾਹਿਬ ਦੇ ਸਾਥੀ ਚਾਲੀ ਸਿੰਘਾਂ ਨੇ ਹਜ਼ਾਰਾਂ ਦੀ ਫ਼ੌਜ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ। ਉਸ ਰਾਤ ਗੁਰੂ ਸਾਹਿਬ ਭਾਈ ਨਬੀ ਖਾਂ ਤੇ ਭਾਈ ਗਨੀ ਖ਼ਾਨ ਦੀ ਮਦਦ ਨਾਲ ਚਮਕੌਰ ਦੀ ਗੜ੍ਹੀ 'ਚੋਂ ਨਿਕਲ ਗਏ। ਇਸ ਜਗਹ ਦੋ ਸਾਹਿਬਜ਼ਾਦੇ (ਅਜੀਤ ਸਿੰਘ ਤੇ ਜੁਝਾਰ ਸਿੰਘ), ਤਿੰਨ ਪਿਆਰੇ (ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਸਾਹਿਬ ਸਿੰਘ) ਅਤੇ ਪੈਂਤੀ ਸਿੰਘ ਸ਼ਹੀਦ ਹੋਏ ਸਨ। ਚਮਕੌਰ ਵਿਚ ਗੁਰੂ ਸਾਹਿਬ ਅਤੇ ਸ਼ਹੀਦਾਂ ਦੀ ਯਾਦ ਵਿਚ ਕਈ ਗੁਰਦੁਆਰੇ ਬਣੇ ਹੋਏ ਹਨ। ਇਸ ਤੋਂ ਅੱਗੇ ਗੁਰੂ ਸਾਹਿਬ ਮਾਛੀਵਾੜਾ ਤੇ ਉੱਥੋਂ ਵੱਖ-ਵੱਖ ਪਿੰਡਾਂ 'ਚੋਂ ਹੁੰਦੇ ਹੋਏ ਤਲਵੰਡੀ ਸਾਬੋ ਪੁੱਜੇ ਸਨ। ਕੋਟਲਾ ਨਿਹੰਗ

ਤੋਂ ਤਲਵੰਡੀ ਸਾਬੋ ਤਕ ਜਿੱਥੋਂ-ਜਿੱਥੋਂ ਗੁਰੂ ਸਾਹਿਬ ਲੰਘ ਕੇ ਜਾਂ ਠਹਿਰ ਕੇ ਗਏ ਸਨ ਉੱਥੇ ਤਕਰੀਬਨ ਸਭ ਜਗਹ ਗੁਰਦੁਆਰੇ ਬਣੇ ਹੋਏ ਹਨ। ਅਜਨੇਰ ਪਿੰਡ ਵਿਚ ਅਜੇ ਗੁਰਦੁਆਰਾ ਬਣਨਾ ਰਹਿੰਦਾ ਹੈ। ਗੁਰੂ ਸਾਹਿਬ ਨੇ ਮਾਛੀਵਾੜਾ ਤੋਂ ਚਲ ਕੇ ਪਹਿਲਾ ਪੜਾਅ ਅਜਨੇਰ ਵਿਚ ਹੀ ਕੀਤਾ ਸੀ।

ਇੰਜ ਹੀ ੩੦ ਅਕਤੂਬਰ ੧੭੦੬ ਦੇ ਦਿਨ ਤਲਵੰਡੀ ਸਾਬੋ ਤੋਂ ਚਲ ਕੇ ਗੁਰੂ ਸਾਹਿਬ ਨੰਦੇੜ ਤਕ ਗਏ ਸਨ। ਇਸ ਰਸਤੇ ਵਿਚ ਵੀ ਕਈ ਜਗਹ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰੇ ਬਣੇ ਹੋਏ ਹਨ।

ਕੁਝ ਹੋਰ ਗੁਰਦੁਆਰੇ

ਗੁਰਦੁਆਰਾ ਬਿਭੌਰ ਸਾਹਿਬ

ਨੰਗਲ ਕਸਬੇ ਤੋਂ ਡੇਢ ਕੁ ਕਿਲੋਮੀਟਰ ਚੜ੍ਹਦੇ ਪਾਸੇ ਵੱਲ ਨਯਾ ਨੰਗਲ ਦੇ ਨੇੜੇ ਦਰਿਆ ਸਤਲੁਜ ਦੇ ਕੰਢੇ ਤੇ ਗੁਰਦੁਆਰਾ ਬਿਭੌਰ ਸਾਹਿਬ ਹੈ। ਬਿਭੌਰ ਵੀ ਸਤਾਰਵੀਂ ਸਦੀ 'ਚ ਇਕ ਛੋਟੀ ਜਹੀ ਰਿਆਸਤ ਸੀ ਤੇ ਇਸ ਦਾ ਰਾਜਾ ਗੁਰੂ ਸਾਹਿਬ ਦਾ ਸਾਦਿਕ ਸੀ। ਅਪਰੈਲ ੧੬੯੨ ਵਿਚ ਜਦੋਂ ਗੁਰੂ ਸਾਹਿਬ ਮੰਡੀ, ਰਿਵਾਲਸਰ, ਪੁਰਮੰਡਲ, ਜੰਮੂ, ਪਠਾਨਕੋਟ, ਹੁਸ਼ਿਆਰਪੁਰ ਤੋਂ ਹੁੰਦੇ ਅਨੰਦਪੁਰ ਸਾਹਿਬ ਵੱਲ ਆਏ ਤਾਂ ਉਹ ਰਾਹ ਵਿਚ ਇਸ ਜਗਹ ਤੇ ਠਹਿਰੇ ਸਨ। ਸ਼ਾਹੀ ਪਰਿਵਾਰ ਨੇ ਆਪ ਜੀ ਨੂੰ ਤਹਿ-ਦਿਲੋਂ "ਜੀ ਆਇਆਂ" ਆਖਿਆ। ਗੁਰੂ ਸਾਹਿਬ ਇੱਥੇ ਕੁਝ ਦਿਨ ਠਹਿਰ ਕੇ ਅਨੰਦਪੁਰ ਸਾਹਿਬ ਚਲੇ ਗਏ ਸਨ। ਇਕ ਰਿਵਾਇਤ ਮੁਤਾਬਿਕ ਆਪ ਨੇ "ਕਬਯੋਵਾਚ ਬੇਨਤੀ ਚੌਪਈ" ਇਸੇ ਜਗਹ ਤੇ ਉਚਾਰੀ ਸੀ। ਪਹਿਲੋਂ ਇਹ ਗੁਰਦੁਆਰਾ ਛੋਟਾ ਜਿਹਾ ਸੀ। ਹੁਣ ਇਸ ਦੀ ਬੜੀ ਜ਼ਬਰਦਸਤ ਈਮਾਰਤ ਬਣ ਚੁੱਕੀ ਹੈ। ਨਾਲ ਹੀ ਬਹੁਤ ਸਾਰੇ ਰਿਹਾਇਸ਼ੀ ਕਮਰੇ ਵੀ ਹਨ। ਲੰਗਰ ਦਾ ਇੰਤਜ਼ਾਮ ਵੀ ਕਮਾਲ ਦਾ ਹੈ। ਗੁਰਦੁਆਰੇ ਦੇ ਦੋ ਪਾਸੇ ਦਰਿਆ ਤੇ ਪਹਾੜ ਇਸ ਜਗਹ ਨੂੰ ਬੜੀ ਦਿਲਕਸ਼ ਤੇ ਰਮਣੀਕ ਬਣਾ ਦੇਂਦੇ ਹਨ।

ਗੁਰਦੁਆਰਾ ਬਾਣਗੜ੍ਹ (ਨੂਰਪੁਰ ਬੇਦੀ)

ਇਕ ਵਾਰ ਜਦੋਂ ਮੁਗ਼ਲ ਫ਼ੌਜਾਂ ਨੇ ਅਨੰਦਪੁਰ ਸਾਹਿਬ ਵੱਲ ਚੜ੍ਹਾਈ ਕੀਤੀ ਤਾਂ ਉਨ੍ਹਾਂ ਨੇ ਨੂਰਪੁਰ ਬੇਦੀ ਵਿਚ ਇਸ ਜਗਹ ਤੇ ਪੜਾਅ ਕੀਤਾ। ਇਕ ਰਿਵਾਇਤ ਮੁਤਾਬਿਕ ਗੁਰੂ ਸਾਹਿਬ ਤੋਂ ਇਕ ਤੀਰ ਚਲਾਇਆ ਜੋ ਉਸ ਪਲੰਘ ਦੇ ਪਾਵੇ ਵਿਚ ਜਾ ਵੱਜਾ ਜਿਸ ਤੇ ਮੁਗਲ ਜਰਨੈਲ (ਇਕ ਸੋਮੇ ਮੁਤਾਬਿਕ ਗਵਰਨਰ ਲਾਹੌਰ ਅਤੇ ਗਵਰਨਰ ਸਰਹਿੰਦ) ਬੈਠੇ ਸਨ। ਤੀਰ ਵੇਖ ਕੇ ਉਨ੍ਹਾਂ ਸੋਚਿਆ ਕਿ ਇਹ ਗੁਰੂ ਸਾਹਿਬ ਦੀ ਕਰਾਮਾਤ ਹੈ। ਫਿਰ ਗੁਰੂ ਮਾਹਿਬ ਨੇ ਦੂਜਾ ਤੀਰ ਫਿਰ ਉਧਰ ਚਲਾਇਆ ਜੋ ਐਨ ਪਹਿਲੇ ਤੀਰ ਵਾਲੀ ਜਗਹ ਤੇ ਜਾ ਲੱਗਾ। ਇਸ ਤੀਰ ਦੇ ਨਾਲ ਇਕ ਚਿਟ

ਵੀ ਸੀ ਜਿਸ ਤੇ ਲਿਖਿਆ ਸੀ "ਇਹ ਕਰਾਮਾਤ ਨਹੀਂ ਕਿਸਾਬ ਹੈ।" ਇਸ ਮਗਰੋਂ ਉਨ੍ਹਾਂ ਨੇ ਗੁਰੂ ਸਾਹਿਬ ਤੇ ਹਮਲਾ ਕਰਨ ਦਾ ਖਿਆਲ ਛੱਡ ਦਿੱਤਾ। ਇਸ ਸਾਖੀ ਦੀ ਯਾਦ ਵਿੱਚ ਇਹ ਗੁਰਦੁਆਰਾ ਬਣਿਆ ਹੋਇਆ ਹੈ। ੧੯੯੮ ਤੋਂ ਇਸ ਦਾ ਇੰਤਜ਼ਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਭਾਲ ਲਿਆ ਹੈ।

ਗੁਰਦੁਆਰਾ ਦਮਦਮਾ ਸਾਹਿਬ, ਕੱਟਾ ਸਬੂਰ

ਇਹ ਪਿੰਡ ਨੂਰਪੁਰ ਬੇਦੀ ਤੋਂ ਬਲਾਚੌਰ ਵਾਲੀ ਸੜਕ ਤੋਂ ਇਕ ਕਿਲੋਮੀਟਰ ਦੂਰ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ੧੪ ਤੋਂ ੨੯ ਅਕਤੂਬਰ ਤਕ ਬਸਾਲੀ ਵਿਚ ਰਹੇ ਸਨ। ਉਸ ਸਮੇਂ ਦੌਰਾਨ ਆਪ ਇਸ ਪਿੰਡ ਵੀ ਗਏ ਸਨ। ਗੁਰੂ ਸਾਹਿਬ ਦੀ ਉਸੇ ਫੇਰੀ ਦੀ ਯਾਦ ਵਿਚ ਇਹ ਗੁਰਦੁਆਰਾ ਬਣਿਆ ਹੋਇਆ ਹੈ। ਇਸ ਗੁਰਦੁਆਰੇ ਨੂੰ ਗੁਰਦੁਆਰਾ ਕਟਾਰ ਸਾਹਿਬ ਵੀ ਆਖਦੇ ਹਨ।

ਗੁਰਦੁਆਰਾ ਗੁਰਪਲਾਹ

ਇਹ ਗੁਰਦੁਆਰਾ ਸੁਹਾਂ ਲਈ ਨਦੀ ਦੇ ਕੰਢੇ ਤੇ ਖੇੜਾ ਕਲਮੋਟ ਅਤੇ ਨੰਗਲ ਦੋਹਾਂ ਤੋਂ ਕੋਈ ੧੦ ਕਿਲੋਮੀਟਰ ਦੂਰ (ਹਿਮਾਂਚਲ ਦੀ ਸਰਹੱਦ ਤੇ) ਹੈ। ਇਸ ਜਗਾਹ ਤੇ ਬਾਬਾ ਕਲਾਧਾਰੀ, ਜੋ ਗੁਰੂ ਨਾਨਕ ਸਾਹਿਬ ਦੇ ਪਰਿਵਾਰ ਵਿਚੋ ਸਨ, ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਮਿਲੇ ਸਨ। ਰਿਵਾਇਤ ਮੁਤਾਬਿਕ ਬਾਬਾ ਕਲਾਧਾਰੀ ਜੀ ਨੇ ਗੁਰੂ ਸਾਹਿਬ ਨੂੰ ਆਖਿਆ ਕਿ ਸਾਡਾ ਬੰਸ ਅੱਗੇ ਨਹੀਂ ਚਲ ਰਿਹਾ ਤਾਂ ਗੁਰੂ ਸਾਹਿਬ ਨੇ ਆਖਿਆ ਕਿ ਅੰਮ੍ਰਿਤ ਛਕ ਕੇ ਖਾਲਸਾ ਬਣ ਜਾਓ ਤਾਂ ਵਾਹਿਗੁਰੂ ਤੁਹਾਡੀ ਮਦਦ ਕਰਨਗੇ। ਇਸ ਤੇ ਬਾਬਾ ਕਲਾਧਾਰੀ ਨੇ ਆਪਣੇ ਬੇਟੇ ਅਜੀਤ/ਜੀਤ ਸਿੰਘ ਨੂੰ ਅੰਮ੍ਰਿਤ ਪਾਨ ਕਰਵਾਇਆ ਸੀ। ਗੁਰੂ ਸਾਹਿਬ ਇੱਥੇ ਪਲਾਹ ਦੇ ਦਰੱਖਤ ਹੇਠਾਂ ਬੈਠੇ ਸਨ। ਉਸੇ ਕਰ ਕੇ ਇਸ ਗੁਰਦੁਆਰੇ (ਅਤੇ ਮਗਰੋਂ ਪਿੰਡ ਦਾ ਨਾਂ ਵੀ) ਗੁਰਪਲਾਹ ਪੈ ਗਿਆ।

ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ

ਪੰਜਾਬ ਦੇ ਸਭ ਤੋਂ ਵੱਧ ਰੌਣਕ ਵਾਲੇ 'ਮੇਲਿਆਂ' ਵਿਚੋਂ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਇਕ ਖਾਸ ਅਹਿਮੀਅਤ ਰੱਖਦਾ ਹੈ। ਅੱਜ ਕਲ੍ਹ ਹੋਲਾ ਮਹੱਲਾ ਹਿੰਦੂ ਤਿਉਹਾਰ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਇਸ ਦੀ ਸ਼ੁਰੂਆਤ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕੀਤੀ ਸੀ। ਤਵਾਰੀਖ਼ੀ ਸੋਮਿਆਂ ਮੁਤਾਬਿਕ ਭਾਈ ਨੰਦ ਲਾਲ 'ਗੋਆ' ੧੬੯੩ ਵਿਚ ਚੱਕ ਨਾਨਕੀ ਆਏ ਸਨ ਤੇ ਅਗਲੇ ਸਾਲ ਫਗੁਣ ਸੁਦੀ ਅੱਠ ਤੋਂ ਪੂਰਨਮਾਸ਼ੀ ਤਕ (੧੩ ਫਰਵਰੀ ਤੋਂ ੨੦ ਫਰਵਰੀ ੧੬੯੪ ਤਕ) ਚੱਕ ਨਾਨਕੀ 'ਚ ਬਹੁਤ ਰੌਣਕਾਂ ਰਹੀਆਂ। ੨੦ ਫਰਵਰੀ ਦੇ ਦਿਨ ਹਿੰਦੂ ਹੋਲੀ ਮਨਾ ਰਹੇ ਸਨ। ਗੁਰੂ ਸਾਹਿਬ ਨੇ ਰੰਗ ਪਾਉਣ ਤੇ ਇਕ ਦੂਜੇ ਤੇ ਮਿੱਟੀ ਤੇ ਚਿਕੜ ਸੁਟਣ ਦੀ ਬੇਹੂਦਾ ਤੇ ਬੇਮਾਅਨਾ ਰਸਮ ਬੰਦ ਕਰਨ ਵਾਸਤੇ ੨੧ ਫਰਵਰੀ ੧੬੯੪ ਦੇ ਦਿਨ 'ਹੋਲਾ ਮਹੱਲਾ' ਸ਼ੁਰੂ ਕੀਤਾ। ਇਸ ਦਿਨ ਚਰਨ ਗੰਗਾ ਦੇ ਕੰਢੇ ਤੇ ਖੁਲ੍ਹੇ ਮੈਦਾਨ ਵਿਚ ਗੁਰੂ ਸਾਹਿਬ ਨੇ ਸ਼ਸਤਰ ਚਲਾਉਣ ਤੇ ਘੋੜ-ਦੌੜ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਤੇ ਭਾਈ ਨੰਦ ਲਾਲ, ਕਵੀ ਅੰਮ੍ਰਿਤ ਰਾਇ ਲਾਹੌਰੀ ਤੇ ਭਾਈ ਆਲਮ ਚੰਦ (ਸਿੰਘ) 'ਨੱਚਣਾ' ਨੇ ਖ਼ੂਬ ਰੌਣਕ ਵਧਾਈ। ਇਸ ਮਗਰੋਂ ਇਹ ਦਿਨ ਅਗਲੇ ਸਾਲ ਵੀ ਚੱਕ ਨਾਨਕੀ ਵਿਚ 'ਹੋਲਾ ਮਹੱਲਾ' ਦੇ ਨਾਂ ਹੇਠ ਮਨਾਇਆ ਗਿਆ। ੧੬੯੫ ਤੋਂ ੧੬੯੮ ਤਕ ਗੁਰੂ ਸਾਹਿਬ ਪਾਊਂਟਾ ਵਿਚ ਰਹੇ। ਆਪ ਨੇ ਪਾਊਂਟਾ ਤੋਂ ਆ ਕੇ ਇਹ ਦਿਨ ਚੱਕ ਨਾਨਕੀ ਵਿਚ ਫਿਰ ਮਨਾਉਣਾ ਸ਼ੁਰੂ ਕੀਤਾ। ਹੁਣ ਇਸ ਦਿਨ ਤੇ ਅਨੰਦਪੁਰ ਤੋਂ ਜਲੂਸ ਚਲ ਕੇ ਚਰਨ ਗੰਗਾ ਦੇ ਮੈਦਾਨ ਵਿਚ ਕਿਲ੍ਹਾ ਹੋਲਗੜ੍ਹ ਦੇ ਬਾਹਰ ਪਹੁੰਚਦਾ ਸੀ ਤੇ ਉੱਥੇ ਸ਼ਸਤਰ ਚਲਾਉਣਾ, ਗਤਕਾ ਖੇਡਣ ਅਤੇ ਘੋੜ ਸਵਾਰੀ ਦੇ ਮੁਕਾਬਲੇ ਹੋਇਆ ਕਰਦੇ ਸਨ। ੫-੬ ਦਿਸੰਬਰ ੧੭੦੫ ਦੇ ਦਿਨ ਗੁਰੂ ਸਾਹਿਬ ਦਿਨ ਗੁਰੂ ਸਾਹਿਬ ਅਨੰਦਪੁਰ ਸਾਹਿਬ ਛਡ ਗਏ। ਇਸ ਮਗਰੋਂ ਇਹ ਨਗਰ ਤਬਾਹ ਕਰ ਦਿਤੇ ਗਏ ਤੇ ਨਾਲ ਹੀ ਹੋਲਾ ਮਹੱਲਾ ਮਨਾਇਆ ਜਾਣਾ ਵੀ ਬੰਦ ਹੋ ਗਿਆ। ਉਨੀਵੀਂ ਸਦੀ ਦੇ ਸ਼ੁਰੂ ਵਿਚ ਇੱਥੇ ਹੋਲਾ ਮਹੱਲਾ ਫਿਰ ਬੜੀ ਸ਼ਾਨ ਨਾਲ ਮਨਾਇਆ ਜਾਣ ਲੱਗ ਪਿਆ। ੧੯੬੦-੬੫ ਵਿਚ ਇਸ ਹੋਲੇ ਮਹੱਲੇ ਤੇ ਏਨੀ ਰੌਣਕ ਹੁੰਦੀ ਸੀ ਕਿ ਖਾਸ ਇੰਤਜ਼ਾਮ ਕਰਨੇ ਪਿਆ ਕਰਦੇ ਸਨ। ਉਦੋਂ ਅਨੰਦਪੁਰ ਸਾਹਿਬ ਜ਼ਿਲ੍ਹਾ ਹੁਸ਼ਿਆਰਪੁਰ ਦਾ ਇਕ ਹਿੱਸਾ ਸੀ। ਹੁਸ਼ਿਆਰਪੁਰ ਦੇ ਉਦੋਂ ਦੇ ਡਿਸਟ੍ਰਿਕਟ ਗਜ਼ਟੀਅਰ ਵਿਚ ਇਸ 'ਮੇਲੇ' ਬਾਰੇ ਇੰਞ ਜ਼ਿਕਰ ਮਿਲਦਾ ਹੈ :

"ਇਸ ਜ਼ਿਲ੍ਹੇ ਦਾ ਵੱਡਾ ਮੇਲਾ ਅਨੰਦਪੁਰ (ਮਾਖੋਵਾਲ) ਵਿਚ ਹੋਲੀ ਦੇ ਤਿਉਹਾਰ

ਸਮੇਂ ਹੁੰਦਾ ਹੈ। ਇਹ ਮੇਲਾ ਅਨੰਦਪੁਰ 'ਚ ਦੋ ਦਿਨ ਰਹਿੰਦਾ ਹੈ ਅਤੇ ਦੂਜੇ ਦਿਨ ਦੁਪਹਿਰ ਮਗਰੋਂ ਵੱਖ-ਵੱਖ ਗੁਰਦੁਆਰਿਆਂ ਦੇ ਪੁਜਾਰੀ ਆਪਣੇ ਆਪਣੇ ਨਿਸ਼ਾਨ ਸਾਹਿਬ ਲੈ ਕੇ ਬਾਹਰ ਨਿਕਲਦੇ ਹਨ ਅਤੇ ਸ਼ਬਦ ਗਾਉਂਦੇ ਨਾਲ ਦੇ ਚੋਅ (ਚਰਨ ਗੰਗਾ) ਵਿਚ ਆਉਂਦੇ ਹਨ (ਇਹ ਉਹੀ ਜਗਹ ਹੈ ਜਿੱਥੇ ਗੁਰੂ ਸਾਹਿਬ "ਹੋਲਾ ਮਹੱਲਾ" ਮਨਾਇਆ ਕਰਦੇ ਸਨ)। ਜਦੋਂ ਸਾਰੇ ਨਿਸ਼ਾਨ ਸਾਹਿਬ ਇਕੱਠੇ ਹੋ ਜਾਂਦੇ ਹਨ ਤਾਂ ਨਜ਼ਾਰਾ ਬੜਾ ਹੀ ਦਿਲਕਸ਼ ਅਤੇ ਖ਼ੂਬਸੂਰਤ ਹੁੰਦਾ ਹੈ। ਪੁਜਾਰੀਆਂ ਅਤੇ ਸਿੱਖਾਂ ਦੇ ਜਥੇ ਆਪਣੇ ਆਪਣੇ ਨਿਸ਼ਾਨ ਸਾਹਿਬ ਦੇ ਦੁਆਲੇ ਹੌਲੀ ਹੌਲੀ ਚੱਕਰ ਕੱਢਦੇ ਹੋਏ ਅੱਗੇ ਵੱਧਦੇ ਹਨ ਤੇ ਲੋਕਾਂ ਤੋਂ ਚੜ੍ਹਾਵਾ ਲੈ ਕੇ ਅਸ਼ੀਰਵਾਦ ਦੇਂਦੇ ਹਨ। ਅਨੰਦਗੜ੍ਹ ਦੇ ਗੁਰਦੁਆਰੇ ਦਾ ਨਿਸ਼ਾਨ ਸਾਹਿਬ ਕਾਲੇ ਰੰਗ ਦਾ ਹੈ ਅਤੇ ਉਸ ਨਾਲ ਨੀਲੇ ਬਾਣੇ ਅਤੇ ਨੋਕਦਾਰ ਦਸਤਾਰਿਆਂ (ਜਿਨ੍ਹਾਂ ਉੱਤੇ ਲੋਹੇ ਦੇ ਚਕਰ ਸਜੇ ਹੁੰਡੇ ਹਨ) ਵਾਲੇ ਨਿਹੰਗ ਖਾਸ ਕਰ ਕੇ ਵੇਖਣ ਵਾਲੇ ਹੁੰਦੇ ਹਨ। ਉਹ ਜੋਸ਼ ਵਿਚ ਆਪਣੇ ਘੋੜਿਆਂ ਨੂੰ ਇਧਰ ਉਧਰ ਦੌੜਾਂਦੇ ਹੋਏ "ਅਕਾਲ ! ਅਕਾਲ !" ਦੇ ਜੈਕਾਰੇ ਛੱਡਦੇ ਹਨ। ਉਹ ਇਸ਼ਾਰਿਆਂ ਅਤੇ ਸੈਨਤਾਂ ਨਾਲ ਮਸਨੂਹੀ ਲੜਾਈ ਦਾ ਨਜ਼ਾਰਾ ਵੀ ਪੇਸ਼ ਕਰਦੇ ਹਨ ਜਿਵੇਂ ਕਿ ਉਹ ਆਪਣੇ ਕੌਮੀ ਨਿਸ਼ਾਨ ਸਾਹਿਬ ਦੀ ਵੈਰੀ ਦਲ ਵੱਲੋਂ ਹਿਫ਼ਾਜ਼ਤ ਕਰ ਰਹੇ ਹੁੰਦੇ ਹਨ। ਕਦੇ ਕਦੇ ਕੋਈ ਜਥਾ ਲੰਬੀ ਹੇਕ ਤੇ ਉੱਚੀ ਸੁਰ ਨਾਲ ਗੁਰੂ ਜੀ ਦੀ ਸਿਫ਼ਤ 'ਚ ਸ਼ਬਦ ਜਾਂ ਕਵਿਤਾ ਵੀ ਪੇਸ਼ ਕਰਦਾ ਹੈ। ਸੋਢੀ ਆਪਣੇ ਸਜਾਏ ਹੋਏ ਹਾਥੀਆਂ ਅਤੇ ਸ਼ਿੰਗਾਰੇ ਹੋਏ ਘੋੜਿਆਂ ਉੱਤੇ ਚੜ੍ਹ ਕੇ ਬਾਹਰ ਆਉਂਦੇ ਹਨ ਅਤੇ ਸੰਗਤਾਂ ਦੇ ਹਜੂਮ ਵਿਚ "ਦਰਸ਼ਨ" ਦੇਂਦੇ ਹਨ। ਉਹ ਲੋਕਾਂ ਤੋਂ ਭੇਟਾ ਲੈਂਦੇ ਹਨ। ਇਸ ਮੌਕੇ ਤੇ ਕੋਈ ਤੀਹ ਕੁ ਹਜ਼ਾਰ ਦਾ ਇਕੱਠ ਹੁੰਦਾ ਹੈ। ਸ਼ਾਮ ਵੇਲੇ ਜਲੂਸ ਦੀ ਸ਼ਕਲ ਵਿਚ ਵੱਖ-ਵੱਖ ਗੁਰਦੁਆਰਿਆਂ ਵਿਚ ਨਿਸ਼ਾਨ ਸਾਹਿਬ ਦੀ ਅਗਵਾਈ ਵਿਚ ਜਲੂਸ ਵਾਪਿਸ ਜਾਂਦੇ ਹਨ ਜਿਵੇਂ ਕਿ ਉਹ ਕੋਈ (ਮੋਰਚਾ) ਜਿੱਤ ਕੇ ਵਾਪਿਸ ਜਾ ਰਹੇ ਹੋਣ। ਸੂਰਜ ਡੁਬਣ ਦੇ ਨਾਲ ਨੇੜੇ-ਤੇੜੇ ਦੇ ਲੋਕ ਵਾਪਿਸ ਆਪੋ ਆਪਣੇ ਪਿੰਡਾਂ ਨੂੰ ਮੁੜ ਜਾਂਦੇ ਹਨ ਤੇ ਭੀੜ ਭੱੜਕਾ ਕਾਫ਼ੀ ਹੱਦ ਤਕ ਘਟ ਜਾਂਦਾ ਹੈ।

ਇਹ ਮੇਲਾ ਹਮੇਸ਼ਾ ਹੀ ਸਿਆਸੀ ਅਹਿਮੀਅਤ ਵਾਲਾ ਮੇਲਾ ਸਮਝਿਆ ਜਾਂਦਾ ਹੈ ਕਿਉਂ ਕਿ ਇਸ ਮੌਕੇ ਤੇ ਬਹੁਤ ਸਾਰੇ ਜੋਸ਼ੀਲੇ ਨਿਹੰਗ ਸਿੰਘ ਇੱਥੇ ਇਕੱਠੇ ਹੁੰਦੇ ਹਨ। ਇਕ ਵਾਰੀ ੧੯੬੪ ਵਿਚ ਇਕ ਜੋਸ਼ੀਲੇ ਸਿੰਘ ਨੇ ਲੁਧਿਆਣੇ ਦੇ ਇਕ ਈਸਾਈ ਪਾਦਰੀ ਨੂੰ ਮਾਰ ਦਿੱਤਾ ਸੀ (ਕਿਉਂ ਕਿ ਉਹ ਕੇਸਗੜ੍ਹ ਸਾਹਿਬ 'ਚ ਖੜਾ ਹੋ ਕੇ ਈਸਾਈ ਧਰਮ ਦਾ ਪ੍ਰਚਾਰ ਕਰ ਰਿਹਾ ਸੀ ਤੇ ਉਸ ਨੇ ਗੁਰੂ ਗੋਬਿੰਦ ਸਿੰਘ ਦੀ ਸ਼ਾਨ 'ਚ ਮਾੜੇ ਬੋਲ ਬੋਲੇ ਸਨ)। ਉਸ ਦਿਨ ਤੋਂ ਇੱਥੇ ਪੁਲੀਸ, ਮਜਿਸਟਰੇਟ ਤੇ ਹੋਰ ਅਫ਼ਸਰ ਵੀ ਕਾਫ਼ੀ ਤਾਦਾਦ 'ਚ ਹਾਜ਼ਿਰ ਹੁੰਦੇ ਹਨ। ਕਿਉਂ ਕਿ ਇਨ੍ਹੀਂ ਦਿਨੀਂ ਹਿੰਦੂ ਹੋਲੀ ਵੀ ਮਨਾ ਰਹੇ ਹੁੰਦੇ ਹਨ। ਇਸ ਕਰ ਕੇ ਇੱਥੇ ਹੋਣ ਵਾਲੇ ਉਨ੍ਹਾਂ ਦੇ ਇਕੱਠਾਂ ਵਿਚ ਗੰਦੇ-ਮੰਦੇ ਗੀਤ ਵੀ ਗਾਏ ਜਾਂਦੇ ਹਨ।"

ਉਪਰਲੀ ਰਿਪੋਰਟ ੧੯੬੦-੬੫ ਵੇਲੇ ਮਨਾਏ ਜਾਣ ਵਾਲੇ ਮੇਲੇ ਬਾਰੇ ਹੈ। ਜਦੋਂ ੧੯੨੩ ਵਿਚ ਇਸ ਜਗਹ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਬਜ਼ਾ ਹੋ ਗਿਆ ਉਸ ਤੋਂ ਮਗਰੋਂ ਇਸ ਮੇਲੇ ਦਾ ਪੈਟਰਨ ਬਦਲ ਗਿਆ। ੧੯੪੫ ਵਿਚ ਛਪੀ ਇਕ ਰਿਪੋਰਟ 'ਚ ਇਸ ਦਾ ਜ਼ਿਕਰ ਇੰਞ ਆਉਂਦਾ ਹੈ :-

"ਇਹ ਮੇਲਾ ਪੂਰਾ ਇਕ ਹਫ਼ਤਾ ਰਹਿੰਦਾ ਹੈ। ਪਹਿਲੇ ਤਿੰਨ ਦਿਨ ਮੇਲਾ ਕੀਰਤਪੁਰ ਸਾਹਿਬ 'ਚ ਲਗਦਾ ਹੈ ਅਤੇ ਚੌਥੇ ਦਿਨ ਮੇਲੇ ਦਾ ਜ਼ੋਰ ਅਨੰਦਪੁਰ ਸਾਹਿਬ 'ਚ ਹੋ ਜਾਂਦਾ ਹੈ। ਉਂਞ ਤਾਂ ਦਸ ਪੰਦਰਾਂ ਦਿਨ ਅਨੰਦਪੁਰ ਸਾਹਿਬ 'ਚ ਬੜੀ ਰੌਣਕ ਰਹਿੰਦੀ ਹੈ। ਕੀਰਤਪੁਰ ਤੋਂ ਅਨੰਦਪੁਰ ਸਾਹਿਬ ਅਤੇ ਅਨੰਦਪੁਰ ਸਾਹਿਬ ਤੋਂ ਗੁਰੂ ਕਾ ਲਾਹੌਰ ਤਕ ਲੋਕਾਂ ਦੇ ਜਥੇ ਨਜ਼ਰੀ ਪੈਂਦੇ ਹਨ। ਇੰਞ ਜਾਪਦਾ ਹੈ ਕਿ ਸਿੱਖਾਂ ਦੇ ਸਿਰਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ ਅਤੇ ਵੱਖ-ਵੱਖ ਟੋਲੀਆਂ ਲਹਿਰਾਂ ਦੀ ਤਰ੍ਹਾਂ ਚਲਦੀਆਂ ਨਜ਼ਰੀ ਪੈਂਦੀਆਂ ਹਨ।

ਮੇਲੇ ਦੇ ਆਖ਼ਰੀ ਤਿੰਨ ਦਿਨ ਬੜੇ ਭਾਰੀ ਧਾਰਮਿਕ ਦੀਵਾਨ ਸਜਦੇ ਹਨ ਤੇ ਸਿਆਸੀ ਕਾਨਫ਼ਰੰਸਾਂ ਹੁੰਦੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਚੀਫ਼ ਖਾਲਸਾ ਦੀਵਾਨ, ਦੁਆਬਾ ਦੀਵਾਨ, ਮਾਲਵਾ ਦੀਵਾਨ, ਮੈਣ ਦੁਆਬਾ ਦੀਵਾਨ ਵਗੈਰਾ ਜਥਿਆਂ ਵੱਲੋਂ ਬੜੇ ਬੜੇ ਦੀਵਾਨ ਸਜਦੇ ਹਨ ਤੇ ਗੁਰਬਾਣੀ ਦਾ ਕੀਰਤਨ ਹੁੰਦਾ ਹੈ। ਢਾਡੀ ਜਥੇ ਬੀਰ ਰਸੀ ਤੇ ਤਵਾਰੀਖ਼ੀ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਇਸ ਤੋਂ ਇਲਾਵਾ ਕਾਂਗਰਸੀ, ਕਮਿਊਨਿਸਟ, ਸੋਸ਼ਲਿਸਟ ਤੇ ਹੋਰ ਸਿਆਸੀ ਪਾਰਟੀਆਂ ਵੀ ਆਪਣੀਆਂ ਕਾਨਫ਼ਰੰਸਾਂ ਕਰਦੀਆਂ ਹਨ। ਸ਼ਹੀਦੀ ਬਾਗ ਅਤੇ ਅਨੰਦਗੜ੍ਹ ਤੋਂ ਲੈ ਕੇ ਕੇਸਗੜ੍ਹ ਸਾਹਿਬ ਤਕ ਅਤੇ ਕੇਸਗੜ੍ਹ ਸਾਹਿਬ ਤੋਂ ਸੀਸਗੰਜ ਤੀਕ ਬਜ਼ਾਰ ਲਗ ਜਾਂਦਾ ਹੈ ਤੇ ਮੇਲਾ ਵੇਖਣ ਵਾਲਿਆਂ ਦੀ ਬੜੀ ਰੌਣਕ ਹੁੰਦੀ ਹੈ। ਕੇਸਗੜ੍ਹ ਸਾਹਿਬ ਵਿਚ ਇਨ੍ਹਾਂ ਦਿਨ੍ਹਾਂ 'ਚ ਸਭ ਤੋਂ ਵੱਧ ਭੀੜ ਹੁੰਦੀ ਹੈ। ਹਰ ਯਾਤਰੂ ਸਭ ਤੋਂ ਪਹਿਲਾਂ ਉੱਥੇ ਹੀ ਮੱਥਾ ਟੇਕਦਾ ਹੈ।

ਹੁਣ ਪਹਿਲੇ ਵਾਂਗ ਗੰਦੇ ਗੀਤ ਗਾਉਣ ਤੇ ਖਰੂਦ ਪਾਉਣ ਵਾਲਾ ਮਾਹੌਲ ਨਹੀਂ ਹੁੰਦਾ। ਇਹ ਸਭ ਅਕਾਲੀ ਇੰਤਜ਼ਾਮ ਦਾ ਨਤੀਜਾ ਹੈ। ਖਾਲਸਾ ਹਾਈ ਸਕੂਲ ਦੇ ਮੈਦਾਨ ਵਿਚ ਤਿੰਨ ਦਿਨ ਖੇਡਾਂ ਦੇ ਮੁਕਾਬਲੇ ਹੁੰਦੇ ਹਨ ਅਤੇ ਹੋਲਾ ਮਹੱਲਾ ਵਾਲੇ ਦਿਨ ਸਵੇਰ ਤੋਂ ਹੀ ਟੂਰਨਾਮੈਂਟ ਅਤੇ ਫ਼ਾਈਨਲ ਮੈਚ ਸ਼ੁਰੂ ਹੋ ਜਾਂਦੇ ਹਨ। ਇਸ ਮੌਕੇ ਤੇ ਗਤਕਾ ਅਤੇ ਤਲਵਾਰ ਦੀਆਂ ਖੇਡਾਂ ਦੇ ਮੁਕਾਬਲੇ ਹੁੰਦੇ ਹਨ। ਯਾਰ੍ਹਾਂ ਵਜੇ ਦੇ ਕਰੀਬ ਸੰਗਤਾਂ ਅਤੇ ਹੋਰ ਯਾਤਰੂ ਚਰਨ ਗੰਗਾ ਚੋਆ ਵਾਲੇ ਰੇਤਲੇ ਮੈਦਾਨ ਦੇ ਦੋਹੀਂ ਪਾਸੀਂ ਉੱਚੀਆਂ ਥਾਵਾਂ ਤੇ ਬੈਠਣਾ ਸ਼ੁਰੂ ਕਰ ਦਿੰਦੇ ਹਨ। ਸ਼ਾਮ ਚਾਰ ਵਜੇ "ਮਿੱਠਾਸਰ" ਦੇ ਨਿਹੰਗ ਆਪਣਾ ਨਿਸ਼ਾਨ ਸਾਹਿਬ ਝੁਲਾਉਂਦੇ ਹੋਏ ਨਗਾਰੇ ਤੇ ਚੋਟ ਲਾਉਂਦੇ ਹੋਏ ਪੁੱਜਦੇ ਹਨ। ਖਾਲਸਾ ਹਾਈ ਸਕੂਲ ਦੇ ਪੂਰਬ ਵੱਲ ਚਰਨ ਗੰਗਾ ਦੇ ਕਿਨਾਰੇ ਇਕ ਥਾਂ ਇਕ ਪੂਲਾ ਰੱਖ ਕੇ ਉਸ ਨੂੰ ਅੱਗ ਲਾ ਦਿੰਦੇ ਹਨ। ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੰਤਜ਼ਾਮ ਹੇਠਾਂ ਇਕ

ਬਾਕਾਇਦਾ ਜਲੂਸ ਆਉਂਦਾ ਹੈ। ਇਹ ਜਲੂਸ ਅਨੰਦਗੜ੍ਹ ਤੋਂ ਸ਼ੁਰੂ ਹੋ ਕੇ ਕੇਸਗੜ੍ਹ ਦਮਦਮਾ ਸਾਹਿਬ ਤੋਂ ਹੁੰਦਾ ਹੋਇਆ ਹੋਲਗੜ੍ਹ ਪੁੱਜਦਾ ਹੈ ਤੇ ਉੱਥੋਂ ਸਿੱਧਾ ਚਰਨ ਗੰਗਾ ਵੱਲ ਹੋ ਜਾਂਦਾ ਹੈ। ਕਾਫ਼ੀ ਤਾਦਾਦ 'ਚ ਸਿੰਘ ਘੋੜਿਆਂ ਤੇ ਸਵਾਰ ਹੁੰਦੇ ਹਨ। ਨਰਸਿੰਘੇ ਵਜਾਏ ਜਾਂਦੇ ਹਨ ਕਈਆਂ ਦੇ ਨਾਲ ਤਾਂ ਬੈਂਡ ਵਾਜੇ ਵੀ ਹੁੰਦੇ ਹਨ। ਅਜਿਹਾ ਜਾਪਦਾ ਹੈ ਕਿ ਕੋਈ ਫ਼ੌਜ ਆ ਰਹੀ ਹੋਵੇ। ਇਸ ਦੇ ਪਿੱਛੇ ਸੈਂਕੜੇ ਸਿੰਘ ਟੁਰ ਰਹੇ ਹੁੰਦੇ ਹਨ। ਸਭਨਾਂ ਦੇ ਸਿਰਾਂ ਤੇ ਸੁਰਮਈ ਜਾਂ ਨੀਲੇ ਦਸਤਾਰੇ, ਹੱਥ ਵਿਚ ਕਿਰਪਾਨ, ਸਫ਼ਾ ਜੰਗ, ਡੰਡਾ ਜਾਂ ਕੋਈ ਹੋਰ ਸ਼ਸਤਰ ਜ਼ਰੂਰ ਹੁੰਦਾ ਹੈ। ਖਾਲਸਾ ਸਕੂਲ ਦੇ ਕੋਲ ਪੁੱਜ ਕੇ ਇਹ ਸਾਰਾ ਜਲੂਸ ਉਸ ਥਾਂ ਤੇ ਪੁੱਜਦਾ ਹੈ ਜਿੱਥੇ ਪੂਲੇ ਨੂੰ ਅੱਗ ਲਾਈ ਹੋਈ ਹੁੰਦੀ ਹੈ। ਉੱਥੇ ਪੁੱਜ ਕੇ ਸਾਰੇ ਬੜੇ ਜੋਸ਼ ਨਾਲ ਉੱਥੇ ਕਿਰਪਾਨਾਂ, ਸਫ਼ਾਜੰਗ ਤੇ ਡੰਡੇ ਮਾਰਦੇ ਜਿਵੇਂ ਕਿ ਵੈਰੀ ਦਲ ਤੇ ਹਮਲਾ ਕਰ ਰਹੇ ਹੋਣ। ਇਹ ਕਾਰਵਾਈ ੧੪ ਮਾਰਚ ੧੭੦੧ ਦੇ ਹੋਲੇ ਮਹੱਲੇ ਦੀ ਯਾਦ ਵਿਚ ਵੀ ਕੀਤੀ ਜਾਂਦੀ ਹੈ ਜਦੋਂ ਹੋਲਾ ਮਹੱਲਾ ਦੇ ਜਲੂਸ ਤੋਂ ਹੋਲਗੜ੍ਹ ਤੋਂ ਅਨੰਦਗੜ੍ਹ ਮੁੜਦਿਆਂ ਲੋਹਗੜ੍ਹ 'ਚ ਕੇਸਰੀ ਚੰਦ ਜਸਵਾਰੀਏ ਮੜੀ ਤੇ ਸਿੰਘਾਂ ਨੇ ਸੋਟੇ ਤੇ ਛਿੱਤਰ ਮਾਰ ਕੇ ਕੀਤੀ ਸੀ। ਫਿਰ ਮੋਰਚਾ "ਫ਼ਤਹਿ" ਕਰਨ ਮਗਰੋਂ ਚਰਨ ਗੰਗਾ ਦੇ ਮੈਦਾਨ 'ਚ ਵਾਪਿਸ ਆ ਜਾਂਦੇ ਹਨ। ਇਨ੍ਹਾਂ ਦੇ ਮਗਰੋਂ ਨਿਹੰਗ ਸਿੰਘ ਆਪਣੇ ਕਾਲੇ ਨਿਸ਼ਾਨ ਸਾਹਿਬ ਝੁਲਾਉਂਦੇ ਹੋਏ ਘੋੜਿਆਂ ਤੇ ਸਵਾਰ ਹੋ ਕੇ ਆਉਂਦੇ ਹਨ। ਇਨ੍ਹਾਂ ਨਿਹੰਗਾਂ ਨੇ ਅਕਸਰ ਭੰਗ ਦੀਆਂ ਦੇਗਾਂ ਛਕੀਆਂ ਹੁੰਦੀਆਂ ਹਨ। ਉਹ ਬੜੀ ਮਸਤੀ ਵਿਚ ਆ ਕੇ ਹੱਲਾ ਬੋਲਦੇ ਹਨ ਤੇ ਫਿਰ ਉਹ ਵੀ ਚਰਨ ਗੰਗਾ ਦੇ ਮੈਦਾਨ ਵਿਚ ਵਾਪਿਸ ਆ ਜਾਂਦੇ ਹਨ। ਇੱਥੇ ਸ਼ਾਮ ਦੇ ਸਤ ਕੂ ਵਜੇ ਤਕ ਘੋੜ ਸਵਾਰੀ, ਨੇਜ਼ਾਬਾਜ਼ੀ, ਗਤਕਾ, ਤਲਵਾਰ ਬਾਜ਼ੀ ਦੇ ਕਰਤਬ ਦਿਖਾਏ ਜਾਂਦੇ ਹਨ।

ਅਖ਼ੀਰ ਵਿਚ ਨਿਹੰਗ ਸਿੰਘ ਤੇ ਅਕਾਲੀ ਸਿੰਘ ਆਪੋ ਆਪਣੇ ਨਿਸ਼ਾਨ ਸਾਹਿਬਾਂ ਸਮੇਤ ਨਗਾਰੇ ਵਜਾਉਂਦੇ ਹੋਏ ਵਾਪਿਸ ਆਪੋ ਆਪਣੀਆਂ ਜਗਹ ਤੇ ਚਲੇ ਜਾਂਦੇ ਹਨ। ਇਸ ਮਗਰੋਂ ਮੇਲਾ ਘਟਣਾ ਸ਼ੁਰੂ ਹੋ ਜਾਂਦਾ ਹੈ।

੧੯੪੫ ਦੀ ਇਸ ਰਿਪੋਰਟ ਦਾ ਅਤੇ ਅੱਜ ਦੇ ਹੋਲੇ ਮਹੱਲੇ ਦੇ ਮਨਾਏ ਜਾਣ ਦਾ ਕਾਫ਼ੀ ਫ਼ਰਕ ਪੈ ਗਿਆ ਹੈ ਪਰ ਮੁਖ ਸੁਰ ਅੱਜ ਵੀ ਕਾਇਮ ਹੈ।

ਨੈਣਾਂ ਦੇਵੀ

ਅਨੰਦਪੁਰ ਸਾਹਿਬ ਤੋਂ ੯ ਕਿਲੋਮੀਟਰ ਦੂਰ ਇਕ ਪਹਾੜੀ ਹੈ। ਇਸ ਤੇ ਇਕ ਮਿਥਹਾਸਕ ਹਿੰਦੂ ਦੇਵੀ ਦਾ ਮੰਦਰ ਬਣਿਆ ਹੋਇਆ ਹੈ। ਨੈਣਾ ਦੇਵੀ ਪਿੰਡ ਵਿਚ ਵਧੇਰੇ ਕਰ ਕੇ ਪੁਜਾਰੀ, ਕੰਮੀ ਲੋਕ ਤੇ ਕੁਝ ਕੁ ਦੁਕਾਨਦਾਰ ਹੀ ਰਹਿੰਦੇ ਹਨ। ਗੁਰੂ ਸਾਹਿਬ ਵੇਲੇ ਇੱਥੋਂ ਦੀ ਅਬਾਦੀ ਬਹੁਤ ਥੋੜ੍ਹੀ ਸੀ। ਉਦੋਂ ਇਸ ਮੰਦਰ ਵਿਚ ਕੋਈ ਟਾਂਵਾਂ ਟਾਂਵਾਂ ਬੰਦਾ ਹੀ ਜਾਂਦਾ ਸੀ। ਕੁਝ ਪੰਡਤਾਂ ਨੇ ਇਹ ਮਿੱਥ ਫੈਲਾਈ ਹੋਈ ਸੀ ਕਿ ਇਸ ਦੇਵੀ ਕੋਲ ਬੜੀ ਤਾਕਤ ਹੈ। ਉਹ ਆਖਦੇ ਹੁੰਦੇ ਸਨ ਕਿ ਯੱਗ ਕਰਵਾਉਣ ਨਾਲ ਇਹ ਦੇਵੀ ਪ੍ਰਗਟ ਹੋ ਜਾਂਦੀ ਹੈ ਅਤੇ ਮੂੰਹ ਮੰਗਿਆ ਵਰ ਦੇਂਦੀ ਹੈ। ਗੁਰੂ ਸਾਹਿਬ ਇਸ ਪਾਖੰਡ ਨੂੰ ਜਾਣਦੇ ਸਨ ਪਰ ਇਕ ਵਾਰ ਉਨ੍ਹਾਂ ਪੰਡਤਾਂ ਦਾ ਦੰਭ ਖੋਲ੍ਹਣ ਵਾਸਤੇ ਉਨ੍ਹਾਂ ਨੂੰ ਯੱਗ ਕਰਨ ਵਾਸਤੇ ਸਾਰਾ ਕੁਝ ਮੁਹੱਈਆ ਕੀਤਾ। ਪਰ ਜਦੋਂ ਪੰਡਤ ਬੇਨਕਾਬ ਹੋ ਗਏ ਤਾਂ ਉਹ ਚੁਪ ਚਾਪ ਉੱਥੋਂ ਖਿਸਕ ਗਏ। ਇਸ ਤੇ ਲੋਕਾਂ ਨੂੰ ਨੈਣਾਂ ਦੇਵੀ ਦਾ ਜ਼ਰਾ ਵਹਿਮ ਵੀ ਨਾ ਰਿਹਾ। ਇਕ ਵਾਰ ਭੈਰੋਂ ਨਾਂ ਦੇ ਇਕ ਸਿੱਖ ਨੇ ਦੇਵੀ ਦਾ ਨੱਕ ਤੋੜ ਦਿੱਤਾ। ਪੰਡਤਾਂ ਨੇ ਇਸ ਦੀ ਸ਼ਿਕਾਇਤ ਗੁਰੂ ਸਾਹਿਬ ਨੂੰ ਕੀਤੀ। ਗੁਰੂ ਸਾਹਿਬ ਨੇ ਸਿੱਖਾਂ ਨੂੰ ਆਖਿਆ ਕਿ ਭਾਵੇਂ ਕਿਸੇ ਦਾ ਯਕੀਨ ਪੱਥਰ ਤੇ ਜਾਂ ਕਿਸੇ ਵੀ ਹੋਰ ਚੀਜ਼ ਤੇ ਹੋਏ ਉਸ ਨੂੰ ਸੱਟ ਨਹੀਂ ਮਾਰਨੀ ਚਾਹੀਦੀ। ਫਿਰ ਗੁਰੂ ਸਾਹਿਬ ਨੇ ਪੰਡਤਾਂ ਨੂੰ ਆਖਿਆ ਕਿ ਜੇ ਤੁਹਾਡੀ ਦੇਵੀ ਆਪਣੇ ਨੱਕ ਦੀ ਹਿਫਾਜ਼ਤ ਨਹੀਂ ਕਰ ਸਕਦੀ ਉਹ ਤੁਹਾਨੂੰ ਕੀ ਦੇਵੇਗੀ ?

ਨੈਣਾਂ ਦੇਵੀ ਮੰਦਰ ਦਾ ਸਿੱਖਾਂ ਨਾਲ ਕੋਈ ਜ਼ਰਾ ਮਾਸਾ ਵੀ ਸੰਬੰਧ ਨਹੀਂ। ਕੋਈ ਵੀ ਸਿੱਖ ਨੈਣਾਂ ਦੇਵੀ ਦੇ ਮੰਦਰ ਪੂਜਾ ਕਰਨ ਨਹੀਂ ਜਾਂਦਾ। ਉਞ ਵੀ ਮੰਦਰ ਵਿਚ ਪੂਜਾ ਕਰਨ ਵਾਲਾ ਸਿੱਖ ਨਹੀ ਸਕਦਾ। ਸਿੱਖ ਸਿਰਫ਼ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦਾ ਹੈ।

ਅਨੰਦਪੁਰ ਸਾਹਿਬ ਦੀ ਵਿਸਾਖੀ

ਅਨੰਦਪੁਰ ਸਾਹਿਬ ਵਿਚ ਹਰ ਸਾਲ ਮੁੱਖ ਤੌਰ ਤੇ ਦੋ ਇਕੱਠ ਹੋਇਆ ਕਰਦੇ ਹਨ। ਇਕ ਹੋਲਾ ਮਹੱਲਾ ਤੇ ਅਤੇ ਦੂਜਾ ਪਹਿਲੀ ਵਿਸਾਖ ਦੇ ਦਿਨ। ਇਨ੍ਹਾਂ ਦੋਹਾਂ ਮੌਕਿਆਂ ਦੀ ਆਪਣੀ ਖ਼ਾਸ ਅਹਿਮੀਅਤ ਹੈ। ਹੋਲਾ ਮਹੱਲਾ ਸਿੱਖ ਪੰਥ ਦੀ ਮਾਰਸ਼ਲ ਤਵਾਰੀਖ਼ ਨਾਲ ਸੰਬੰਧ ਰੱਖਦਾ ਹੈ ਅਤੇ ਪਹਿਲੀ ਵਿਸਾਖ ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪ੍ਰਗਟ ਕੀਤਾ ਸੀ।

ਸਿੱਖ ਧਰਮ ਵਿਚ ਵਿਸਾਖ ਦੀ ਪਹਿਲੀ ਦੀ ਉਂਞ ਕੋਈ ਅਹਿਮੀਅਤ ਨਹੀਂ। ਇਹ ਹਿੰਦੂ ਕੈਲੰਡਰ (ਬਿਕਰਮੀ ਸੰਮਤ) ਦੇ ਵਿਸਾਖ ਮਹੀਨੇ ਦੀ ਸੰਗਰਾਂਦ ਹੈ। ਸਿੱਖ ਧਰਮ ਵਿਚ ਨਾ ਤਾਂ ਬਿਕਰਮੀ ਕੈਲੰਡਰ ਦੀ ਕੋਈ ਥਾਂ ਨੇ ਅਤੇ ਨਾ ਹੀ ਸੰਗਰਾਂਦਾਂ ਸੀ। ਸੰਗਰਾਂਦ ਸੰਸਕ੍ਰਿਤ ਦੇ ਲਫਜ਼ "ਸੰਕ੍ਰਾਂਤਿ" ਦਾ ਪੰਜਾਬੀ ਰੂਪ ਹੈ। ਇਸ ਦਾ ਮਤਲਬ ਹੈ ਸੂਰਜ ਦਾ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਵਿਚ ਦਾਖ਼ਿਲ ਹੋਣਾ। ਸਿੱਖ ਧਰਮ ਵਿਚ ਨਾ ਤਾਂ ਸੂਰਜ ਦੀ ਪੂਜਾ ਹੁੰਦੀ ਹੈ ਅਤੇ ਨਾ ਹੀ ਸਿੱਖ ਰਾਸ਼ੀਆਂ ਵਿਚ ਯਕੀਨ ਰੱਖਦਾ ਹੈ। ਗੁਰੂ ਸਾਹਿਬ ਨੇ ਪਹਿਲੀ ਵਿਸਾਖ ਇਸ ਕਰ ਕੇ ਚੁਣੀ ਸੀ ਕਿ ਉਨ੍ਹੀਂ ਦਿਨੀਂ ਕੈਲੰਡਰ, ਡਾਇਰੀਆਂ ਜਾਂ ਜੰਤਰੀਆਂ ਨਹੀਂ ਹੁੰਦੀਆਂ ਸਨ ਤੇ ਤਾਰੀਖ਼ਾਂ ਦਾ ਪਤਾ ਪੰਡਤਾਂ ਤੋਂ ਲਗਦਾ ਹੁੰਦਾ ਸੀ ਕਿਉਂ ਕਿ ਪੰਡਤਾਂ ਦੀ ਰੋਜ਼ੀ ਹੀ ਤਾਰੀਖ਼ਾਂ ਦੇ ਨਾਂ ਤੇ ਲੋਕਾਂ ਕੋਲੋਂ ਭੇਟਾ, ਬਖ਼ਸ਼ੀਸ਼, ਸੇਪੀ, ਚੰਦੇ ਤੇ ਚੜ੍ਹਾਵੇ ਇਕੱਠੇ ਕਰਨ ਤੇ ਮੁਨੱਸਰ ਸੀ। ਵਾਢੀਆਂ ਦੇ ਦਿਨ ਨੇੜੇ ਹੋਣ ਕਰ ਕੇ ਵਿਸਾਖ ਦੀ ਪਹਿਲੀ ਦਾ ਪਤਾ ਬੜਾ ਸੌਖਾ ਲਗ ਜਾਇਆ ਕਰਦਾ ਸੀ।

ਕੁਝ ਖ਼ਾਸ ਦਿਨਾਂ ਤੇ ਇਕੱਠ ਕਰਨ ਦੀ ਪਿਰਤ ਗੁਰੂ ਅਮਰ ਦਾਸ ਸਾਹਿਬ ਨੇ ਸ਼ੁਰੂ ਕੀਤੀ ਸੀ। ਉਨ੍ਹਾਂ ਨੇ ਮਾਘ ਤੇ ਵਿਸਾਖ ਦੀ ਪਹਿਲੀ ਅਤੇ ਹਿੰਦੂ ਦੀਵਾਲੀ ਦੇ ਮੌਕੇ ਤੇ ਸਾਲ ਵਿਚ ਤਿੰਨ ਵਾਰੀ, ਸਿੱਖਾਂ ਦੇ ਇਕੱਠ ਕਰਨੇ ਸ਼ੁਰੂ ਕੀਤੇ ਸਨ। ਉਨ੍ਹਾਂ ਨੇ ਵੀ ਇਹ ਦਿਨ ਇਸ ਕਰ ਕੇ ਨਹੀਂ ਚੁਣੇ ਸਨ ਕਿ ਇਹ ਦਿਨ ਹਿੰਦੂ ਤਿਉਹਾਰਾਂ ਦੇ ਦਿਨ ਸਨ ਬਲਕਿ ਇਸ ਕਰ ਕੇ ਚੁਣੇ ਸਨ ਕਿ ਇਨ੍ਹਾਂ ਤਾਰੀਖ਼ਾਂ ਦਾ ਪਤਾ ਕਰਨਾ ਆਸਾਨ ਸੀ ਤੇ ਕੈਲੰਡਰ ਵਗੈਰਾ ਨਾ ਹੋਣ ਕਰ ਕੇ ਇਕ ਆਮ ਆਦਮੀ ਨੂੰ ਪੰਡਤਾਂ ਤੋਂ ਅਕਸਰ ਪਤਾ ਲਗਦਾ ਰਹਿੰਦਾ ਸੀ ਕਿਉਂ ਕਿ ਪੰਡਤ ਅਕਸਰ ਇਹੋ ਜਿਹੇ ਮੌਕਿਆਂ ਤੇ ਲੋਕਾਂ ਤੋਂ ਬਖ਼ਸ਼ੀਸ਼, ਚੰਦੇ, ਭੇਟਾ, ਸੇਪੀ, ਹੰਦਾ ਵਗੈਰਾ ਮੰਗਦੇ ਰਹਿੰਦੇ ਸਨ। ਉਂਞ, ਜੇ ਕਰ ਪਹਿਲੀ ਵਿਸਾਖ ਦੀ ਜਾਂ ਕਿਸੇ ਮਾਘੀ ਜਾਂ ਦੀਵਾਲੀ ਜਾਂ ਹੋਲੀ ਦੀ ਕੋਈ ਅਹਿਮੀਅਤ ਹੁੰਦੀ ਤਾਂ ਸਾਰੇ ਗੁਰੂ ਸਾਹਿਬਾਨ ਹਰ ਕੰਮ ਨੂੰ ਇਨ੍ਹਾਂ ਤਿੰਨਾਂ ਚੌਹਾਂ ਹਿੰਦੂ ਤਿਉਹਾਰਾਂ ਦੇ ਦਿਨਾਂ ਤੇ ਹੀ ਕਰਦੇ। ਬਾਬਾ ਗੁਰਦਿੱਤਾ (ਪੁੱਤਰ ਗੁਰੂ ਹਰਿਗੋਬਿੰਦ


ਸਾਹਿਬ) ਨੇ ਕੀਰਤਪੁਰ ਦੀ ਨੀਂਹ ੭ ਅਪ੍ਰੈਲ ੧੬੨੪ ਦੇ ਦਿਨ (ਵਿਸਾਖ ਦੀ ੧੧ ਤਾਰੀਖ਼) ਬਾਬਾ ਸ੍ਰੀ ਚੰਦ ਤੋਂ ਰਖਵਾਈ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਚੱਕ ਨਾਨਕੀ ਦੀ ਮੋੜ੍ਹੀ ੧੯ ਜੂਨ ੧੬੬੫ (੨੧ ਹਾੜ) ਦੇ ਦਿਨ ਗੱਡੀ ਸੀ; ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪਾਉਂਟਾ ਸਾਹਿਬ ਦਾ ਮੁੱਢ ੨੮ ਅਪ੍ਰੈਲ ੧੬੮੫ ਦੇ ਦਿਨ (ਪਹਿਲੀ ਜੇਠ) ਨੂੰ ਬੰਨ੍ਹਿਆ ਸੀ; ਕਿਲ੍ਹਾ ਅਨੰਦਗੜ੍ਹ ਦੀ ਨੀਂਹ ੩੦ ਮਾਰਚ ੧੬੮੯ (੨ ਵਿਸਾਖ) ਦੇ ਦਿਨ ਰੱਖੀ ਗਈ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਲਿਖੇ ਗ੍ਰੰਥਾਂ ਵਿਚੋਂ ਕਿਸੇ ਦੀ ਵੀ ਸ਼ੁਰੂਆਤ ਜਾਂ ਪੂਰੇ ਹੋਣ ਦੀ ਤਾਰੀਖ਼ ਵਿਸਾਖ ਦੀ ਪਹਿਲੀ ਨਹੀਂ ਹੈ। ਯਾਨਿ ਪਹਿਲੀ ਵਿਸਾਖ ਜਾਂ ਕਿਸੇ ਵੀ ਦਿਨ ਦੀ ਸਿੱਖ ਧਰਮ ਵਿਚ ਕੋਈ ਅਹਿਮੀਅਤ ਨਹੀਂ ਸੀ ਤੇ ਨਾ ਹੈ। ਇਸ ਦਿਨ ਦੀ ਚੋਣ ਸਹੂਲਤ ਪੱਖੋਂ ਅਤੇ ਸਿਰਫ਼ ਕੈਲੰਡਰ ਦੀ ਅਣਹੋਂਦ ਕਰ ਕੇ ਹੀ ਸੀ।

ਜਿਸ ਦਿਨ ਪਹਿਲੀ ਵਿਸਾਖ (੨੯ ਮਾਰਚ) ਵਾਲੇ ਦਿਨ ਗੁਰੂ ਸਾਹਿਬ ਨੇ "ਸੀਸ ਭੇਟ ਕੌਤਕ" ਕੀਤਾ ਸੀ ਉਸ ਦਿਨ ਹਜ਼ਾਰਾਂ ਸੰਗਤਾਂ ਅਨੰਦਪੁਰ ਸਾਹਿਬ ਪਹੁੰਚੀਆਂ ਹੋਈਆਂ ਸਨ। ਕੇਸਗੜ੍ਹ ਸਾਹਿਬ ਤੇ ਆਲੇ ਦੁਆਲੇ ਦੀਆਂ ਪਹਾੜੀਆਂ ਤੇ, ਹਰ ਪਾਸੇ ਏਨੀ ਸੰਗਤ ਸੀ ਕਿ ਤਿਲ ਸੁੱਟਣ ਦੀ ਜਗਹ ਵੀ ਨਹੀਂ ਸੀ। "ਗੁਰੂ ਕੀਆਂ ਸਾਖੀਆਂ" ਦਾ ਲੇਖਕ (ਸ਼ਹੀਦ ਕੀਰਤ ਭੱਟ ਦੇ ਬੰਸ 'ਚੋਂ) ਲਿਖਦਾ ਹੈ ਕਿ ਖੰਡੇ ਦੀ ਪਾਹੁਲ ਦੇਣ ਦੀ ਰਸਮ ਕਈ ਦਿਨ ਚਲਦੀ ਰਹੀ ਸੀ ਅਤੇ ਪੰਜ ਪਿਆਰਿਆਂ ਦੇ ਕਈ ਜਥੇ ਕਈ ਦਿਨਾਂ ਤਕ ਸੰਗਤਾਂ ਨੂੰ ਖੰਡੇ ਦੀ ਪਾਹੁਲ ਦੇਂਦੇ ਰਹੇ ਸਨ। ਸੀਸ ਭੇਟ ਕੌਤਕ ਦੇ ਸਾਲ ਬਾਰੇ ਤਿੰਨ ਵੱਖ-ਵੱਖ ਰਿਵਾਇਤਾਂ ਮਿਲਦੀਆਂ ਹਨ। "ਸ਼ਹੀਦ ਬਿਲਾਸ" ਦਾ ਲੇਖਕ ਭਾਏ ਸੇਵਾ ਸਿੰਘ ੧੬੯੫ ਦਸਦਾ ਹੈ, "ਗੁਰੂ ਕੀਆਂ ਸਾਖੀਆਂ" ਦਾ ਸਵਰੂਪ (ਰੂਪ) ਸਿੰਘ ੧੬੯੮ ਲਿਖਦਾ ਹੈ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ੧੬੯੯ ਨੂੰ ਖਾਲਸਾ ਪ੍ਰਗਟ ਕਰਨ ਦਾ ਸਾਲ ਮੰਨਦੀ ਹੈ। "ਗੁਰੂ ਕੀਆਂ ਸਾਖੀਆਂ" ਦੇ ਲੇਖਕ ਮੁਤਾਬਿਕ ਖਾਲਸਾ ੨੯ ਮਾਰਚ ੧੬੯੮ ਨੂੰ ਪ੍ਰਗਟ ਕੀਤਾ ਗਿਆ ਸੀ ਅਤੇ ਅਗਲੇ ਸਾਲ ਵਿਸਾਖ ਦੀ ਪਹਿਲੀ (੨੯ ਮਾਰਚ ੧੬੯੯) ਦੇ ਦਿਨ ਸਰਬਤ ਖਾਲਸਾ ਦਾ ਇਕ ਵੱਡਾ ਇਕੱਠ ਅਨੰਦਪੁਰ ਸਾਹਿਬ ਵਿਚ ਹੋਇਆ ਸੀ। ਇਸ ਸਮਾਗਮ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਅਨੰਦਪੁਰ ਸਾਹਿਬ ਸੁਰਮਈ ਦਸਤਾਰਾਂ ਬੰਨ੍ਹ ਕੇ, ਨੀਲੇ ਨਿਸ਼ਾਨ ਸਾਹਿਬ ਲਹਿਰਾਉਂਦੇ ਹੋਏ ਪਹੁੰਚੇ ਸਨ। ਦੋਵੇਂ ਸਾਲ ਵਿਸਾਖ ਦੀ ਪਹਿਲੀ ੨੯ ਮਾਰਚ ਨੂੰ ਸੀ (ਕੁਝ ਕਿਤਾਬਾਂ ਵਿਚ ਗ਼ਲਤੀ ਨਾਲ ੩੦ ਮਾਰਚ ਲਿਖੀ ਗਈ ਸੀ ਜੋ ਕਈ ਲੇਖ ਚੁਪ ਚਾਪ ਮੰਨ ਗਏ)।

ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਦੁਨੀਆਂ ਭਰ ਵਿਚ ਮਸ਼ਹੂਰ ਹੈ। ਗੁਰੂ ਸਾਹਿਬ ਨੇ ਰੰਗ ਪਾਉਣ ਦੀ ਬੇਮਾਅਨਾ ਹੋਲੀ ਦੀ ਰਸਮ ਤੋਂ ਸਿੱਖਾਂ ਨੂੰ ਹਟਾਉਣ ਵਾਸਤੇ ਇਸ ਦਿਨ ਹੋਲਾ ਮਹੱਲਾ ਸ਼ੁਰੂ ਕੀਤਾ ਸੀ। ਇਸ ਦਿਨ ਸਿੱਖ ਸ਼ਸਤਰ ਚਲਾਉਣ ਅਤੇ ਹੋਰ ਮਾਰਸ਼ਲ ਖੇਡਾਂ ਦੇ ਮੁਕਾਬਲਿਆਂ ਵਿਚ ਹਿੱਸਾ ਲਿਆ ਕਰਦੇ ਸਨ ਪਰ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਖਾਲਸਾ ਪ੍ਰਗਟ ਕਰਨਾ ਅਨੰਦਪੁਰ ਸਾਹਿਬ ਦੀ

ਤਵਾਰੀਖ਼ ਦਾ ਸਭ ਤੋਂ ਅਹਿਮ ਦਿਨ ਸੀ ਜਿਸ ਨੇ ਅਨੰਦਪੁਰ ਸਾਹਿਬ ਨੂੰ ਦੁਨੀਆਂ ਭਰ ਦੀ ਤਵਾਰੀਖ਼ ਵਿਚ ਅਤੇ ਦੁਨੀਆਂ ਦੇ ਨਕਸ਼ੇ ਤੇ ਲੈ ਆਂਦਾ। ਸਿੱਖ ਕੌਮ ਵਾਸਤੇ ਇਸ ਮੁਕਾਮ ਦੀ ਯਾਦ ਦਾ ਮਨਾਇਆ ਜਾਣਾ ਸਭ ਤੋਂ ਵੱਧ ਅਹਿਮੀਅਤ ਰੱਖਦਾ ਹੈ। ਪਰ ਇਸ ਦੇ ਬਾਵਜੂਦ ਅਨੰਦਪੁਰ ਸਾਹਿਬ ਵਿਚ ਪਹਿਲੀ ਵਿਸਾਖ ਤੇ ਏਨਾਂ ਵੱਡਾ ਸਮਾਗਮ ਨਹੀਂ ਹੁੰਦਾ ਰਿਹਾ ਜਿੰਨਾ ਕਿ ਹੋਲਾ ਮਹੱਲਾ ਦੇ ਦਿਨ ਹੋਇਆ ਕਰਦਾ ਹੈ। ੧੯੯੯ ਵਿਚ ਖਾਲਸਾ ਪ੍ਰਗਟ ਕਰਨ ਦੇ ਤਿੰਨ ਸੌ ਸਾਲਾਂ ਦਿਨ ਸੰਬੰਧੀ ਹੋਣ ਵਾਲਾ ਸਮਾਗਮ ਇਸ ਦਿਨ ਦੇ ਘੱਟ ਮਨਾਏ ਜਾਣ ਦੀਆਂ ਸਾਰੀਆਂ ਕਸਰਾਂ ਪੂਰੀਆਂ ਕਰ ਦੇਵੇਗਾ। ਇਸ ਦਿਨ ਦੇ ਸੰਬੰਧ ਵਿਚ ਹੋਣ ਵਾਲੇ ਵੱਖ-ਵੱਖ ਪ੍ਰੋਗਰਾਮਾਂ ਵਿਚ ਤਕਰੀਬਨ ੨੫ ਲੱਖ ਸਿੱਖਾਂ ਦੇ ਸ਼ਾਮਿਲ ਹੋਣ ਦਾ ਅੰਦਾਜ਼ਾ ਹੈ। ਹਰ ਸਿੱਖ ਦਾ ਫ਼ਰਜ਼ ਹੈ ਕਿ ਜੇ ਉਹ ੧੪ ਅਪ੍ਰੈਲ ੧੯੯੯ ਜਾਂ ੨੯ ਮਾਰਚ ਦੇ ਦਿਨ ਇਸ ਸਾਲ ਨਹੀਂ ਆ ਸਕਦਾ ਤਾਂ ਉਹ ਕਿਸੇ ਹੋਰ ਦਿਨ ਅਨੰਦਪੁਰ ਸਾਹਿਬ ਜ਼ਰੂਰ ਆਵੇ ਅਤੇ ਕੇਸਗੜ੍ਹ ਸਾਹਿਬ ਮੱਥਾ ਟੇਕ ਕੇ ਕਿਸੇ ਜਗਹ ਇਕੱਲਿਆਂ ਬੈਠ ਕੇ ਆਪਣੇ ਆਪ ਤੋਂ ਇਹ ਸਵਾਲ ਜ਼ਰੂਰ ਕਰੇ : "ਕੀ ਮੈਂ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪੁੱਤਰ ਹਾਂ ? ਕੀ ਮੈਂ ਅਨੰਦਪੁਰ ਸਾਹਿਬ ਦਾ ਵਾਸੀ ਹਾਂ ? ਕੀ ਮੈਂ ਸਿੱਖ ਹਾਂ ? ਕੀ ਮੈਂ ਵਾਹਿਗੁਰੂ ਜੀ ਦਾ 'ਖਾਲਸਾ' ਹਾਂ ?"

ਹਰ ਸਿੱਖ ਦਾ ਫਰਜ਼ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਖਾਲਸਾ ਪ੍ਰਗਟ ਕਰਨ ਵੇਲੇ ਦੇ ਐਲਾਨ-ਨਾਮੇ ਤੇ ਅਮਲ ਕਰੇ ਤੇ ਗੁਰੂ ਸਾਹਿਬ ਦਾ ਪੁੱਤਰ ਅਤੇ ਅਨੰਦਪੁਰ ਸਾਹਿਬ ਦਾ ਵਾਸੀ ਬਣੇ।




ਕਿਲ੍ਹਾ ਤਾਰਾਗੜ੍ਹ




ਕੋਟਲਾ ਨਿਹੰਗ (ਰੋਪੜ) 'ਚ ਭਾਈ ਨਿਹੰਗ ਖ਼ਾਨ ਦਾ ਕਿਲ੍ਹਾ ਜਿਥੇ ਪੰਜ (ਛੇਵੇਂ ਤੋਂ ਦਸਵੇਂ) ਗੁਰੂ ਸਾਹਿਬ ਠਹਿਰਦੇ ਰਹੇ



ਗੁਰਦੁਆਰਾ ਮੰਜੀ ਸਾਹਿਬ, ਬੀਬੀ ਰੂਪ ਕੌਰ ਜੀ (ਕੀਰਤਪੁਰ ਸਾਹਿਬ)



ਗੁਰਦੁਆਰਾ ਨਿਰਮੋਹਗੜ੍ਹ (ਨੇੜੇ ਕੀਰਤਪੁਰ ਸਾਹਿਬ)



ਗੁਰਦੁਆਰਾ ਪਰਿਵਾਰ ਵਿਛੋੜਾ (ਨੰਗਲ ਸਰਸਾ)



ਗੁਰਦੁਆਰਾ ਬਾਣਗੜ੍ਹ (ਨੂਰਪੁਰ ਬੇਦੀ)




ਕਿਲ੍ਹਾ ਅਨੰਦਗੜ੍ਹ




ਗੁਰਦੁਆਰਾ ਪਾਤਿਸ਼ਾਹੀ ਦਸਵੀਂ (ਬਸਾਲੀ)



ਗੁਰਦੁਆਰਾ ਪਤਾਲਪੁਰੀ (ਕੀਰਤਪੁਰ ਸਾਹਿਬ)



ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਭਾਈ ਨਿਹੰਗ ਖਾਨ ਨੂੰ ਭੇਟ ਕੀਤੀ ਕਟਾਰ
(ਗੁਰਦੁਆਰਾ ਭੱਠਾ ਸਾਹਿਬ, ਕੋਟਲਾ ਨਿਹੰਗ, ਰੋਪੜ)




ਗੁਰਦੁਆਰਾ ਤਖ਼ਤ ਸਾਹਿਬ (ਕੀਰਤਪੁਰ ਸਾਹਿਬ)



ਗੁਰਦੁਆਰਾ ਸ਼ੀਸ਼ ਮਹੱਲ ਅਤੇ ਉਸ ਦੇ ਅੱਗੇ ਦਮਦਮਾ ਸਾਹਿਬ



ਹਰਿਮੰਦਰ ਸਾਹਿਬ, ਕੀਰਤਪੁਰ ਸਾਹਿਬ



ਗੁਰਦੁਆਰਾ ਭੋਰਾ ਸਾਹਿਬ (ਅਨੰਦਪੁਰ ਸਾਹਿਬ)



ਬੀਬੀ ਰੂਪ ਕੌਰ ਦਾ ਹੱਥੀਂ-ਕੱਢਿਆ ਰੁਮਾਲ (ਗੁ: ਮੰਜੀ ਸਾਹਿਬ ਕੀਰਤਪੁਰ ਸਾਹਿਬ)




ਗੁਰਦੁਆਰਾ ਪਾਤਿਸ਼ਾਹੀ ਦਸਵੀਂ (ਬਜਰੂੜ)



ਗੁਰਦੁਆਰਾ ਬਾਬਾ ਗੁਰਦਿੱਤਾ ਜੀ ਕੀਰਤਪੁਰ ਸਾਹਿਬ



ਬੀਬੀ ਰੂਪ ਕੌਰ ਦੀ ਪੱਖੀ (ਗੁ: ਮੰਜੀ ਸਾਹਿਬ, ਕੀਰਤਪੁਰ ਸਾਹਿਬ)




ਬੀਬੀ ਰੂਪ ਕੌਰ ਦੀ ਪੋਥੀ ਦਾ ਤਤਕਰਾ



ਗੁਰਦੁਆਰਾ ਤੀਰ ਸਾਹਿਬ (ਕੀਰਤਪੁਰ ਸਾਹਿਬ)




ਗੁਰਦੁਆਰਾ ਸੀਸਗੰਜ ਸਾਹਿਬ (ਅਨੰਦਪੁਰ ਸਾਹਿਬ)



ਗੁਰਦੁਆਰਾ ਅਟਾਰੀ ਸਾਹਿਬ




ਗੁਰਦੁਆਰਾ ਗੁਰੂ ਕਾ ਲਾਹੌਰ



ਬੀਬੀ ਰੂਪ ਕੌਰ ਦੀ ਪੋਥੀ (ਗੁਰਦੁਆਰਾ ਮੰਜੀ ਸਾਹਿਬ, ਕੀਰਤਪੁਰ ਸਾਹਿਬ)




ਕਿਲ੍ਹਾ ਲੋਹਗੜ੍ਹ



ਗੁਰਦੁਆਰਾ ਮੰਜੀ ਸਾਹਿਬ/ਦੁਮਾਲਗੜ੍ਹ ਸਾਹਿਬ (ਅਨੰਦਪੁਰ ਸਾਹਿਬ)



ਗੁਰਦੁਆਰਾ ਦਮਦਮਾ ਸਾਹਿਬ (ਅਨੰਦਪੁਰ ਸਾਹਿਬ)



ਗੁਰਦੁਆਰਾ ਬੁੰਗਾ ਸਾਹਿਬ




ਗੁਰਦੁਆਰਾ ਭਾਈ ਬਚਿੱਤਰ ਸਿੰਘ, ਕੋਟਲਾ ਨਿਹੰਗ (ਰੋਪੜ)



ਗੁਰਦੁਆਰਾ ਸਦਾਬਰਤ (ਰੋਪੜ)




ਕਿਲ੍ਹਾ ਹੋਲਗੜ੍ਹ



ਗੁਰਦੁਆਰਾ ਭੱਠਾ ਸਾਹਿਬ (ਕੋਟਲਾ ਨਿਹੰਗ, ਰੋਪੜ)



ਗੁਰਦੁਆਰਾ ਬਿਬਾਨਗੜ੍ਹ ਸਾਹਿਬ (ਕੀਰਤਪੁਰ ਸਾਹਿਬ)




ਗੁਰਦੁਆਰਾ ਮਾਤਾ ਜੀਤ ਕੌਰ ਜੀ (ਅਗੰਮਗੜ੍ਹ, ਅਨੰਦਪੁਰ ਸਾਹਿਬ)




ਗੁਰਦੁਆਰਾ ਮੰਜੀ ਸਾਹਿਬ ਗੁਰੂ ਤੇਗ ਬਹਾਦਰ ਸਾਹਿਬ, ਭਰਤਗੜ੍ਹ (ਰੋਪੜ)




ਗੁਰਦੁਆਰਾ ਬਿਭੌਰ ਸਾਹਿਬ (ਨਯਾ ਨੰਗਲ)



ਦਮਾਲਗੜ੍ਹ ਅਨੰਦਪੁਰ




ਗੁਰਦੁਆਰਾ ਪਾਤਿਸ਼ਾਹੀ ਦਸਵੀਂ (ਕਲਮੋਟ)




ਗੁਰਦੁਆਰਾ ਬਾਬਾ ਗੁਰਦਿੱਤਾ ਦਾ ਬਾਹਰਲਾ ਦਰਵਾਜ਼ਾ (ਕੀਰਤਪੁਰ ਸਾਹਿਬ)




ਗੁਰਦੁਆਰਾ ਚੁਬੱਚਾ ਸਾਹਿਬ (ਕੀਰਤਪੁਰ ਸਾਹਿਬ)




ਗੋਬਿੰਦ ਸਾਗਰ, ਬਿਲਾਸਪੁਰ
(ਇਸ ਦੇ 50 ਫੁੱਟ ਹੇਠਾਂ ਪੁਰਾਣਾ ਬਿਲਾਸਪੁਰ ਸਮਾਇਆ ਹੋਇਆ ਹੈ । ਗੁਰੂ ਤੇਗ
ਬਹਾਦਰ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਇੱਥੇ ਕਈ ਵਾਰ ਠਹਿਰੇ ਸਨ)



ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਭਾਈ ਨਿਗਾਂ ਖ਼ਾਨ ਨੂੰ ਭੇਟ ਕੀਤੀ ਗਈ ਕਿਰਪਾਨ
(ਗੁਰਦੁਆਰਾ ਭੱਠਾ ਸਾਹਿਬ, ਰੋਪੜ)




ਚਰਨ ਕਮਲ, ਕੀਰਤਪੁਰ ਸਾਹਿਬ



ਗੁਰਦੁਆਰਾ ਥੜ੍ਹਾ ਸਾਹਿਬ (ਅਨੰਦਪੁਰ ਸਾਹਿਬ)



ਗੁਰਦੁਆਰਾ ਅਕਾਲ ਬੁੰਗਾ ਸਾਹਿਬ (ਅਨੰਦਪੁਰ ਸਾਹਿਬ)



ਗੁਰਦੁਆਰਾ ਪਾਤਿਸ਼ਾਹੀ ਦਸਵੀਂ (ਬਿਲਾਸਪੁਰ)



ਬਸਾਲੀ ਵਿਚ ਰਾਜਾ ਸਾਲਾਹੀ ਚੰਦ ਦੇ ਮਹੱਲ ਦਾ ਨਾਂ-ਨਿਸ਼ਾਨ ਨਹੀਂ ਰਿਹਾ ਅਤੇ ਉਸ ਦੀ ਸਮਾਧ ਦਾ ਵੀ ਇਹੀ ਹਿੱਸਾ ਬਚਿਆ ਹੈ ।



ਬਾਬਾ ਸ੍ਰੀ ਚੰਦ ਦੀ ਸੇਲੀ ਟੋਪੀ (ਗੁਰਦੁਆਰਾ ਮੰਜ਼ੀ ਸਾਹਿਬ, ਕੀਰਤਪੁਰ ਸਾਹਿਬ)

ਅਸ ਕ੍ਰਿਪਾਨ ਖੰਡੋ ਖੜਗ ਤਬਰ ਤੁਪਕ ਅਰੁ ਤੀਰ ॥
ਸੈਫ ਸਿਰੋਹੀ ਸੈਹਥੀ ਯਹੈ ਹਮਾਰੈ ਪੀਰ ॥



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ
ਸਸ਼ੋਭਤ ਇਤਿਹਾਸਕ ਸ਼ਸਤਰ ।